I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.31 / No.18

25 April, 2025

੧੩ ਵੈਸਾਖ ਨਾਨਕਸ਼ਾਹੀ ਸੰਮਤ ੫੫੭

## ਸ਼ਰਧਾਂਜ਼ਲੀ ਦਿਵਸ - 28 ਅਪ੍ਰੈਲ 2025




**ਸਰੀ (ਏਕਜੋਤ ਸਿੰਘ):** ਕੈਨੇਡਾ 'ਚ ਹਰ ਸਾਲ, 28 ਅਪ੍ਰੈਲ ਦਾ ਦਿਨ ਕੰਮਾਂ 'ਤੇ ਜਾਣ ਵਾਲੇ ਵਿਅਕਤੀਆਂ ਅਤੇ ਉਹ ਲੋਕ ਜੋ ਕੰਮ ਕਰਦੇ ਸਮੇਂ ਆਪਣੀ ਜਾਨ ਗੁਆ ਚੁੱਕੇ ਹਨ, ਨੂੰ ਯਾਦ ਕਰਨ ਲਈ ਇਸ ਦਿਨ ਸ਼ਰਧਾਂਜ਼ਲੀ ਦਿਵਸ ਵਜੋਂ ਮਨਾਉਂਦੇ ਹਨ। ਪੂਰੇ ਕੈਨੇਡਾ ਵਿੱਚ, 28 ਅਪ੍ਰੈਲ ਨੂੰ ਸੋਗ ਦਾ ਦਿਨ ਮਨੋਨੀਤ ਕੀਤਾ ਗਿਆ ਹੈ। ਹਰ ਸਾਲ, ਪੂਰੇ ਸੂਬੇ ਵਿੱਚ ਕਾਮੇ, ਪਰਿਵਾਰ, ਰੁਜ਼ਗਾਰਦਾਤਾ ਅਤੇ ਵੱਖ ਵੱਖ ਭਾਈਚਾਰੇ ਉਹਨਾਂ ਲੋਕਾਂ ਨੂੰ ਯਾਦ ਕਰਦੇ ਹਨ ਜਿਨ੍ਹਾਂ ਨੇ ਨੌਕਰੀ ਕਰਦੇ ਸਮੇਂ ਆਪਣੀਆਂ ਜਾਨਾਂ ਗੁਆ ਦਿੱਤੀਆਂ ਸਨ ਅਤੇ ਅਸੀਂ ਇਸ ਦਿਨ ਨੂੰ ਯਾਦ ਕਰਕੇ ਅਗੋਂ ਨੌਕਰੀਆਂ ਦੌਰਾਨ ਆਲੇ-ਦੁਆਲੇ ਦੇ ਮਾਹੌਲ ਨੂੰ ਸਿਹਤਮੰਦ ਅਤੇ ਸੁਰੱਖਿਅਤ ਬਣਾਉਣ ਲਈ ਆਪਣੀ ਵਚਨਬੱਧਤਾ ਕਰਦੇ ਹਾਂ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕੰਮ ਵਾਲੀ ਥਾਂ ਦੀਆਂ ਸੱਟਾਂ ਅਤੇ ਬਿਮਾਰੀਆਂ ਨਾਲ 146 ਬੀ.ਸੀ. ਕਾਮਿਆਂ ਮੌਤ ਹੋਈ। ਅੱਧੇ ਤੋਂ ਵੱਧ (78) ਕੰਮ ਨਾਲ ਸਬੰਧਤ ਮੌਤਾਂ ਕਿੱਤਾਮੁਖੀ ਬਿਮਾਰੀ ਦੇ ਨਤੀਜੇ ਵਜੋਂ ਹੋਈਆਂ ਸਨ ਅਤੇ 68 ਕੰਸਟ੍ਰਕਸ਼ਨ ਸਮੇਂ ਐਸਬੈਸਟਸ ਦੇ ਸੰਪਰਕ ਦਾ ਨਤੀਜਾ ਸਨ। ਹਰ ਸੱਟ, ਬਿਮਾਰੀ, ਜਾਂ ਮੌਤ ਤੋਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਨੌਕਰੀ ਸਮੇਂ ਸੁਰੱਖਿਅਤ

☛ ਬਾਕੀ ਸਫ਼ਾ 6 'ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਈਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਉਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ON APRIL 28, RE-ELECT

Liberal

# RANDEEP SARAI

## SURREY CENTRE



AUTHORIZED BY THE OFFICIAL AGENT OF RANDEEP SARAI

604.455.2299 | 10576 KING GEORGE BLVD

INFO@RANDEEPSARAISURREY.CA | RANDEEPSARAISURREY.CA

ELECT

# GREGOR ROBERTSON

# ਗਰੈਗਰ ਰੌਬਰਟਸਨ

Vancouver Fraserview- South Burnaby

www.gregorrobertson.ca
2010 48th Avenue E, Vancouver BC
604-321-4884

Liberal

Authorized by the Official Agent of Gregor Robertson



## EXPERIENCED, TRUSTED, BRIDGE BUILDER

**ਮਜ਼ਬੂਤ ਲੀਡਰਸ਼ਿਪ**

- 2008-2018: ਵੈਨਕੂਵਰ ਦੇ ਮੇਅਰ
- 2005-2008: ਬੀ.ਸੀ. ਐਨ.ਡੀ.ਪੀ. ਐਮ.ਐਲ.ਏ. (ਵੈਨਕੂਵਰ-ਫੇਅਰਵਿਊ)

**ਸਾਡੇ ਭਾਈਚਾਰੇ ਵਿੱਚ ਨਿਵੇਸ਼**

- ਕਿਲਾਰਨੀ ਅਤੇ ਸਨਸੈੱਟ ਸੀਨੀਅਰਜ਼ ਸੈਂਟਰ
- ਰਿਵਰ ਡਿਸਟ੍ਰਿਕਟ ਹਾਊਸਿੰਗ
- ਫਾਇਰ-ਹਾਲ ਨੰਬਰ 5 ਅਤੇ ਫਾਇਰ-ਹਾਲ ਨੰਬਰ 17

**ਕਾਰੋਬਾਰੀ ਤਜਰਬਾ**

- ਹੈਪੀ ਪਲੈਨਟ ਫੂਡਜ਼ ਦੇ ਸੰਸਥਾਪਕ ਅਤੇ ਸਾਬਕਾ ਸੀ.ਈ.ਓ.

On April 28th, 2025

## Vote for Gregor Robertson

Liberal Candidate for Vancouver Fraserview - South Burnaby

AUTHORIZED BY THE OFFICIAL AGENT FOR GREGOR ROBERTSON

ELECT

Liberal

# JILL McKNIGHT

**A Mark Carney-led government will:**

- ✓ Build one Canadian economy.
- ✓ Secure Canadian sovereignty.
- ✓ Reduce government spending.
- ✓ Build infrastructure including contributions to projects like the George Massey Tunnel.
- ✓ Cut taxes for hard-working Canadians.
- ✓ Protect $10/day Child care, Dental care, Pharmacare, and the National School Food programs.
- ✓ Protect OAS, GIS, EI, child benefits, disability benefits, and GST/HST credits.
- ✓ Build hospitals, clinics, and long-term care facilities and hire thousands of new doctors.
- ✓ Launch a housing plan that will double the pace of home building and make new homes affordable.

*"Delta deserves someone who will be a champion for our community in Ottawa: someone who knows the people, the businesses and the organizations that make it such a special place. Having worked with Jill for years and seen firsthand her passion, dedication and impact, I can think of no one better to serve as Member of Parliament for Delta."*

**— Hon. Carla Qualtrough, MP for Delta (2015–2025)**

*"I've always known Jill as a dedicated and hardworking leader in Delta's business community, someone who understands firsthand who's creating local jobs and what goods and services are driving our economy. Jill brings the kind of experience and insight we need to strengthen Canada's economic future, by diversifying our trade relationships and ensuring Delta plays a key strategic role in that growth. Her expertise and advocacy will be a powerful voice for our community on the national stage."*

**— Bruce McDonald, Delta City Councillor (1988–2022)**

**Here is what we have already done:**

- ✓ Dropped the CarbonTax on consumers
- ✓ Removed the Capital Gains tax
- ✓ Launched measures to assist seniors
- ✓ Dismantled trade barriers between provinces
- ✓ Delivered the Child Benefit, Affordable Child Care, Dental Care, Disability Benefit

**Here are our ongoing commitments:**

- ✓ Build 4M homes by 2035
- ✓ Make Canada secure
- ✓ Connect to reliable trading partners
- ✓ Ensure all Canadians prosper

*"I'm proud to stand with Mark Carney – because of his dedication towards economic resilience, climate leadership, and unwavering commitment to stand up for Canada during these challenging times.*

*Mark Carney is the right leader to build a stronger, more confident Canada. A Canada that invests in its people and ensures a prosperous future for generations to come."*

**— Jill McKnight**










**• info@jillmcknight.ca • jillmcknight.ca • 236-808-2877**

**CANADA • STRONG**

**TEAM MARK CARNEY**

Authorized by the official agent for Jill McKnight

# ਵੈਨਕੂਵਰ ਫਰੇਜ਼ਰਵਿਊ-ਸਾਊਥ ਬਰਨਬੀ ਵਿੱਚ ਲਿਬਰਲ ਉਮੀਦਵਾਰ ਗ੍ਰੇਗਰ ਰਾਬਰਟਸਨ ਨੂੰ ਮਿਲਿਆ ਭਰਵਾਂ ਹੁੰਗਾਰਾ




ਸਰੀ, (ਰਛਪਾਲ ਸਿੰਘ ਗਿੱਲ)

ਵੈਨਕੂਵਰ, ਫੈਡਰਲ ਚੋਣਾਂ 2025 ਵਿੱਚ ਵੈਨਕੂਵਰ ਫਰੇਜ਼ਰਵਿਊ-ਸਾਊਥ ਬਰਨਬੀ ਸੀਟ ਤੋਂ ਸਾਬਕਾ ਵੈਨਕੂਵਰ ਮੇਅਰ ਗ੍ਰੇਗਰ ਰਾਬਰਟਸਨ ਲਿਬਰਲ ਪਾਰਟੀ ਦੇ ਉਮੀਦਵਾਰ ਵਜੋਂ ਮੈਦਾਨ ਵਿੱਚ ਹਨ। 23 ਮਾਰਚ 2025 ਨੂੰ ਰਾਬਰਟਸਨ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਸੱਦੇ 'ਤੇ ਇਸ ਨਵੇਂ ਬਣੇ ਫੈਡਰਲ ਇਲਾਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ। 2008 ਤੋਂ 2018 ਤੱਕ ਵੈਨਕੂਵਰ ਦੇ ਮੇਅਰ ਅਤੇ 2005 ਤੋਂ 2008 ਤੱਕ ਵੈਨਕੂਵਰ-ਫੇਅਰਵਿਊ ਤੋਂ ਐਨ.ਡੀ.ਪੀ. ਵਿਧਾਇਕ ਰਹੇ ਰਾਬਰਟਸਨ ਦੀ ਸਿਆਸੀ ਵਾਪਸੀ ਨੇ ਚਰਚਾ ਛੇੜ ਦਿੱਤੀ ਹੈ।

ਰਾਬਰਟਸਨ ਨੇ ਵੈਨਕੂਵਰ ਨੂੰ "ਦੁਨੀਆ ਦਾ ਸਭ ਤੋਂ ਹਰਿਆ-ਭਰਿਆ ਸ਼ਹਿਰ" ਬਣਾਉਣ ਦੀ ਮੁਹਿੰਮ ਚਲਾਈ, ਜਿਸ ਵਿੱਚ ਸਾਈਕਲ ਲੇਨਾਂ ਦਾ ਵਿਸਥਾਰ, ਸਕਾਈਟ੍ਰੇਨ ਮਿਲੇਨੀਅਮ ਲਾਈਨ ਦੀ ਫੰਡਿੰਗ ਅਤੇ ਓਵਰਡੋਜ਼ ਪ੍ਰੀਵੈਨਸ਼ਨ ਸਾਈਟਾਂ ਵਿੱਚ ਨਿਵੇਸ਼ ਸ਼ਾਮਲ ਸਨ। ਉਨ੍ਹਾਂ ਨੇ ਵਿਜ਼ਨ ਵੈਨਕੂਵਰ ਪਾਰਟੀ ਅਧੀਨ 2008, 2011 ਅਤੇ 2014 ਦੀਆਂ ਮਿਊਂਸਪਲ ਚੋਣਾਂ ਜਿੱਤੀਆਂ, ਪਰ 2018 ਵਿੱਚ ਮੁੜ ਚੋਣ ਨਾ ਲੜਨ ਦਾ ਫੈਸਲਾ ਕੀਤਾ।

ਰਾਬਰਟਸਨ ਦੀ ਮੁਹਿੰਮ ਰਿਹਾਇਸ਼, ਭਾਈਚਾਰਕ ਢਾਂਚੇ ਅਤੇ ਸਮਰੱਥਾ 'ਤੇ ਕੇਂਦਰਿਤ ਹੈ। ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ ਨੀਤੀਆਂ ਦੇ ਵਿਰੁੱਧ ਮਜ਼ਬੂਤ ਅਵਾਜ਼ ਉਠਾਉਣ ਦਾ ਵਾਅਦਾ ਕੀਤਾ। ਉਹ ਕਹਿੰਦੇ ਹਨ ਕਿ ਕਾਰਨੀ ਦੀ ਅਗਵਾਈ ਵਿੱਚ ਲਿਬਰਲ ਪਾਰਟੀ ਕੈਨੇਡਾ ਨੂੰ ਆਰਥਿਕ ਸੰਕਟ ਵਿੱਚੋਂ ਬਾਹਰ ਕੱਢ ਸਕਦੀ ਹੈ। ਰਾਬਰਟਸਨ ਨੇ ਵੈਨਕੂਵਰ ਦੇ ਚੀਨੀ, ਪੰਜਾਬੀ ਅਤੇ ਫਿਲੀਪੀਨੋ ਭਾਈਚਾਰਿਆਂ ਨਾਲ ਸੰਪਰਕ ਵਧਾਉਣ 'ਤੇ ਜ਼ੋਰ ਦਿੱਤਾ, ਜੋ ਇਸ ਇਲਾਕੇ ਦੀ 37% ਚੀਨੀ ਅਤੇ ਹੋਰ ਵਿਭਿੰਨ ਆਬਾਦੀ ਦਾ ਹਿੱਸਾ ਹਨ।

ਵੈਨਕੂਵਰ ਫਰੇਜ਼ਰਵਿਊ-ਸਾਊਥ ਬਰਨਬੀ ਵਿੱਚ ਰਾਬਰਟਸਨ ਦਾ ਮੁਕਾਬਲਾ ਐਨ.ਡੀ.ਪੀ. ਦੇ ਮਨੋਜ ਭੰਗੂ, ਕੰਜ਼ਰਵੇਟਿਵ ਦੇ ਅਵੀ ਨਈਅਰ, ਗਰੀਨ ਪਾਰਟੀ ਦੇ ਅਲੈਗਜ਼ੈਂਡਰ ਡਾਊ ਅਤੇ ਪੀਪੀਸੀ ਦੇ ਡੈਸੀਡੇਰੀਓ ਮੈਗਟੈਂਗੋਲ ਰੇਅਸ ਨਾਲ ਹੈ। ਇਹ ਨਵਾਂ ਇਲਾਕਾ ਵੈਨਕੂਵਰ ਸਾਊਥ ਅਤੇ ਬਰਨਬੀ ਸਾਊਥ ਦੇ ਹਿੱਸਿਆਂ ਨੂੰ ਜੋੜਦਾ ਹੈ, ਜਿਸ ਨੂੰ ਸਾਬਕਾ ਲਿਬਰਲ ਸੰਸਦ ਮੈਂਬਰ ਹਰਜੀਤ ਸੱਜਣ ਨੇ ਜਨਵਰੀ 2025 ਵਿੱਚ ਖਾਲੀ ਕਰ ਦਿੱਤਾ। ਪੋਲ ਮੁਤਾਬਕ, ਲਿਬਰਲਾਂ ਨੂੰ ਇੱਥੇ ਮਜ਼ਬੂਤ ਸਮਰਥਨ ਹੈ, ਪਰ ਐਨ.ਡੀ.ਪੀ. ਅਤੇ ਕੰਜ਼ਰਵੇਟਿਵ ਸਖ਼ਤ ਮੁਕਾਬਲਾ ਦੇਣ ਦੀ ਕੋਸ਼ਿਸ਼ ਵਿੱਚ ਹਨ।

# ਕੈਨੇਡਾ ਚੋਣਾਂ ਲਈ 18 ਤੋਂ 21 ਅਪ੍ਰੈਲ ਤੱਕ 4 ਦਿਨ ਹੋਈ ਐਡਵਾਂਸ ਪੋਲ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾਏ

ਸਰੀ, (ਹਰਦਮ ਮਾਨ)-ਕੈਨੇਡਾ ਚੋਣਾਂ ਲਈ 18 ਤੋਂ 21 ਅਪ੍ਰੈਲ ਤੱਕ 4 ਦਿਨ ਹੋਈ ਐਡਵਾਂਸ ਪੋਲ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਲੈਕਸ਼ਨਜ਼ ਕੈਨੇਡਾ ਏਜੰਸੀ ਵੱਲੋਂ ਮੰਗਲਵਾਰ ਨੂੰ ਜਾਰੀ ਕੀਤੇ ਗਏ ਸ਼ੁਰੂਆਤੀ ਅਨੁਮਾਨਾਂ ਅਨੁਸਾਰ ਪਿਛਲੇ ਹਫਤੇ ਦੇ ਅੰਤ ਵਿੱਚ 7.3 ਮਿਲੀਅਨ ਵੋਟਰਾਂ ਨੇ ਐਡਵਾਂਸ ਪੋਲ ਵਿੱਚ ਆਪਣੀ ਵੋਟ ਪਾਈ, ਜੋ ਕਿ 2021 ਦੀਆਂ ਫੈਡਰਲ ਚੋਣਾਂ ਵਿੱਚ ਹੋਈ ਐਡਵਾਂਸ ਪੋਲ ਵਿਚ ਪਈਆਂ 5.8 ਮਿਲੀਅਨ ਵੋਟਾਂ ਤੋਂ 25 ਪ੍ਰਤੀਸ਼ਤ ਵੱਧ ਹੈ।




ਬੁੱਧਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 2025 ਦੀਆਂ ਐਡਵਾਂਸ ਪੋਲ ਵਿਚ ਸ਼ੁੱਕਰਵਾਰ ਅਤੇ ਸੋਮਵਾਰ ਨੂੰ ਬੈਲਟ ਬਾਕਸ ਵਿੱਚ ਕੈਨੇਡੀਅਨਾਂ ਦੀ ਸਭ ਤੋਂ ਵੱਡੀ ਗਿਣਤੀ ਦੇਖੀ ਗਈ। ਸ਼ੁੱਕਰਵਾਰ ਨੂੰ ਰਿਕਾਰਡ ਗਿਣਤੀ ਵਿੱਚ ਵੋਟਰਾਂ ਨੇ ਆਪਣੀਆਂ ਪਹਿਲੀਆਂ ਵੋਟਾਂ ਪਾਈਆਂ, ਜਿਸ ਵਿੱਚ 2,054,525 ਵੋਟਾਂ ਪਈਆਂ ਜੋ ਕਿ ਸਤੰਬਰ 2021 ਵਿੱਚ ਐਡਵਾਂਸ ਪੋਲ ਦੇ ਪਹਿਲੇ ਦਿਨ ਪਾਈਆਂ ਗਈਆਂ 1,401,010 ਵੋਟਾਂ ਤੋਂ ਵੱਡੀ ਛਾਲ ਹੈ। ਸੋਮਵਾਰ ਨੂੰ ਐਡਵਾਂਸ ਪੋਲ ਦੇ ਆਖਰੀ ਦਿਨ ਸਭ ਤੋਂ ਵੱਧ ਵੋਟਰਾਂ ਨੇ ਆਪਣੀ ਵੋਟ ਪਾਈ ਅਤੇ ਇਸ ਦਿਨ ਕੁੱਲ 2,100,273 ਵੋਟਾਂ ਪਈਆਂ ਜਦੋਂ ਕਿ 2021 ਵਿੱਚ ਐਡਵਾਂਸ ਪੋਲ ਦੇ ਆਖਰੀ ਦਿਨ 1,906,617 ਵੋਟਾਂ ਪਈਆਂ ਸਨ। ਸ਼ਨੀਵਾਰ ਨੂੰ 1,659,952 ਅਤੇ ਈਸਟਰ ਐਤਵਾਰ ਨੂੰ 1,466,225 ਵੋਟਾਂ ਪਈਆਂ। ਯੂਕੋਨ ਨੂੰ ਛੱਡ ਕੇ ਹਰੇਕ ਸੂਬੇ ਅਤੇ ਪ੍ਰਦੇਸ਼ ਵਿੱਚ 2021 ਨਾਲੋਂ ਵੱਧ ਵੋਟਾਂ ਪਈਆਂ, ਜਿਸ ਵਿੱਚ ਸਭ ਤੋਂ ਵੱਧ ਵੋਟਾਂ ਓਨਟਾਰੀਓ, ਕਿਊਬੈਕ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਪਈਆ। ਓਨਟਾਰੀਓ ਵਿੱਚ ਅਨੁਮਾਨਿਤ ਵੋਟਿੰਗ 2,792,881 ਤੱਕ ਪਹੁੰਚ ਗਈ, ਕਿਊਬੈਕ ਵਿੱਚ 1,595,591 ਵੋਟਾਂ ਪਈਆਂ ਅਤੇ ਬੀ.ਸੀ. ਵਿੱਚ 1,104,151 ਵੋਟਾਂ ਪਈਆਂ।

ਐਡਵਾਂਸ ਪੋਲ ਵਿੱਚ ਸੂਬਿਆਂ ਅਤੇ ਪ੍ਰਦੇਸ਼ਾਂ ਵਿੱਚ ਪਈਆਂ ਅਨੁਮਾਨਿਤ ਵੋਟਾਂ ਦੀ ਗਿਣਤੀ ਇਸ ਪ੍ਰਕਾਰ ਰਹੀ-

ਬ੍ਰਿਟਿਸ਼ ਕੋਲੰਬੀਆ: 1,104,151, ਅਲਬਰਟਾ: 815,131, ਸਸਕੈਚਵਨ: 206,754, ਮੈਨੀਟੋਬਾ: 229,379, ਓਨਟਾਰੀਓ: 2,792,881, ਕਿਊਬੈਕ: 1,595,591, ਨੋਵਾ ਸਕੋਸ਼ੀਆ: 210,030, ਨਿਊ ਬਰੰਜ਼ਵਿਕ: 202,006, ਪ੍ਰਿੰਸ ਐਡਵਰਡ ਆਈਲੈਂਡ: 40,015, ਨਿਊਫਾਊਂਡਲੈਂਡ ਅਤੇ ਲੈਬਰਾਡੋਰ: 75,691, ਉੱਤਰ-ਪੱਛਮੀ ਪ੍ਰਦੇਸ਼: 3,631, ਯੂਕੋਨ: 4,748 ਅਤੇ ਨੂਨਾਵਟ: 967

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...

Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD
Value $500
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਸਫ਼ਾ 1 ਦਾ ਬਾਕੀ

ਤਰੀਕੇ ਨਾਲ ਕੰਮ ਕਰਨ ਇੰਮਪਲੌਇਰਜ਼ (ਰੁਜ਼ਗਾਰਦਾਤਾਵਾਂ) ਵੀ ਇਹ ਯਕੀਨੀ ਬਣਾਉਣ ਕਿ ਕਾਮੇ ਸਿਹਤਮੰਦ, ਸੁਰੱਖਿਅਤ ਰਹਿਣ ਅਤੇ ਆਪਣੇ ਪਰਿਵਾਰਾਂ ਨਾਲ ਸੁਖੀ ਵੱਸਣ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੰਮ ਦੀ ਸੁਰੱਖਿਆ ਨੂੰ ਲੈ ਕੇ ਹੋਰ ਸਖ਼ਤ ਨਿਯਮ, ਵਿਸ਼ੇਸ਼ ਕਰਕੇ ਉੱਚ-ਖ਼ਤਰੇ ਵਾਲੀਆਂ ਉਦਯੋਗਾਂ ਵਿੱਚ (ਜਿਵੇਂ ਕਿ ਨਿਰਮਾਣ, ਖਾਣ-ਖੁਦਾਈ ਅਤੇ ਰਸਾਇਣਕ ਉਦਯੋਗ), ਲਾਗੂ ਕਰਨ ਦੀ ਲੋੜ ਹੈ।

ਸ਼ੋਕ ਦਿਵਸ ਦੇ ਸਮਾਰੋਹ ਸਾਰੇ ਕੈਨੇਡਾ ਵਿੱਚ ਹੋਣਗੇ। ਵੈਨਕੂਵਰ ਵਿੱਚ, ਜੈਕ ਪੂਲ ਪਲਾਜ਼ਾ 'ਤੇ ਸਵੇਰੇ 10:30 ਵਜੇ ਲਾਈਵਸਟ੍ਰੀਮ ਸਮਾਰੋਹ ਹੋਵੇਗਾ। ਵਿਕਟੋਰੀਆ ਵਿੱਚ, ਕੈਮੋਸਨ ਕਾਲਜ ਵਿਖੇ ਸਵੇਰੇ 11:30 ਵਜੇ ਸਮਾਰੋਹ ਹੋਵੇਗਾ। ਓਟਾਵਾ ਵਿੱਚ, ਮੇਜਰਜ਼ ਹਿੱਲ ਪਾਰਕ 'ਤੇ ਕੰਸਟਰਕਸ਼ਨ ਵਰਕਰ ਮੋਨੂਮੈਂਟ 'ਤੇ ਸਮਾਰੋਹ ਹੋਵੇਗਾ। ਸਮਾਰੋਹਾਂ ਵਿੱਚ ਮੋਮਬੱਤੀਆਂ ਜਗਾਉਣ, ਫੁੱਲਮਾਲਾਵਾਂ ਰੱਖਣ, ਕਾਲੇ ਰਿਬਨ ਪਹਿਨਣ ਅਤੇ ਸਵੇਰੇ 11:00 ਵਜੇ ਇੱਕ ਮਿੰਟ ਦਾ ਮੌਨ ਰੱਖਣ ਵਰਗੀਆਂ ਗਤੀਵਿਧੀਆਂ ਸ਼ਾਮਲ ਹੋਣਗੀਆਂ। ਪਾਰਲੀਮੈਂਟ ਹਿੱਲ ਅਤੇ ਸਾਰੀਆਂ ਸੰਘੀ ਸਰਕਾਰੀ ਇਮਾਰਤਾਂ 'ਤੇ ਕੈਨੇਡੀਅਨ ਝੰਡੇ ਅੱਧੇ ਝੁਕੇ ਹੋਣਗੇ।

ਇਸ ਸਾਲ ਦਾ ਥੀਮ "ਕੰਮ ਨੂੰ ਸੁਰੱਖਿਅਤ ਬਣਾਓ" ਸੁਰੱਖਿਅਤ ਕੰਮ ਵਾਲੀਆਂ ਥਾਵਾਂ 'ਤੇ ਰੱਖਿਆ ਗਿਆ ਹੈ।

# ਟੋਰਾਂਟੋ ਪੀਅਰਸਨ ਹਵਾਈ ਅੱਡੇ 'ਤੇ ਹੋਈ ਗੋਲੀਬਾਰੀ, ਇੱਕ ਜ਼ਖਮੀ

ਬਰੈਂਪਟਨ : ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ 1 ਦੇ ਡਿਪਾਰਚਰ ਏਰੀਆ ਵਿੱਚ ਵੀਰਵਾਰ ਸਵੇਰੇ ਗੋਲੀਬਾਰੀ ਹੋਈ ਜਿਸ ਸਬੰਧੀ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (SIU) ਜਾਂਚ ਕਰ ਰਹੀ ਹੈ। ਪੀਲ ਰੀਜਨਲ ਪੁਲਿਸ ਮੁਤਾਬਕ, ਇਸ ਘਟਨਾ ਵਿੱਚ ਇੱਕ ਵਿਅਕਤੀ ਨੂੰ ਗੋਲੀ ਲੱਗੀ।ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ।

ਘਟਨਾ ਸਵੇਰੇ 6:56 ਵਜੇ ਦੇ ਕਰੀਬ ਵਾਪਰੀ, ਜਦੋਂ ਪੀਲ ਪੈਰਾਮੈਡਿਕਸ ਨੂੰ ਹਵਾਈ ਅੱਡੇ 'ਤੇ ਐਮਰਜੈਂਸੀ ਕਾਲ ਮਿਲੀ। ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਵੀਡੀਓਜ਼ ਅਤੇ ਯਾਤਰੀਆਂ ਦੇ ਬਿਆਨਾਂ ਮੁਤਾਬਕ, ਟਰਮੀਨਲ 1 ਦੇ ਬਾਹਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਅਤੇ ਚੀਕਾਂ ਮਾਰਦੇ ਲੋਕ ਦੌੜਦੇ ਨਜ਼ਰ ਆਏ। ਇੱਕ ਯਾਤਰੀ, ਕ੍ਰਿਸ ਰਾਈਂਡ, ਨੇ ਦੱਸਿਆ ਕਿ ਉਹ ਸਮਾਨ ਲੈਣ ਗਿਆ ਸੀ ਜਦੋਂ ਉਸ ਨੇ ਦੂਰੋਂ ਇਹ ਆਵਾਜ਼ਾਂ ਸੁਣੀਆਂ, ਅਤੇ ਇੱਕ ਸੁਰੱਖਿਆ ਗਾਰਡ ਵੀ ਇਸ ਅਚਾਨਕ ਸ਼ੋਰ ਤੋਂ ਹੈਰਾਨ ਸੀ।

ਪੀਲ ਪੁਲਿਸ ਨੇ ਇੱਕ ਪੋਸਟ ਵਿੱਚ ਕਿਹਾ, "ਇਹ ਇੱਕ ਅਲੱਗ-ਥਲੱਗ ਘਟਨਾ ਹੈ ਅਤੇ ਜਨਤਕ ਸੁਰੱਖਿਆ ਨੂੰ ਕੋਈ ਜਾਣਿਆ-ਪਛਾਣਿਆ ਖ਼ਤਰਾ ਨਹੀਂ ਹੈ।" ਹਾਲਾਂਕਿ, ਘਟਨਾ ਦੇ ਵੇਰਵੇ ਅਤੇ ਵਿਅਕਤੀ ਦੀ ਹਾਲਤ ਬਾਰੇ ਅਜੇ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਗਈ। ਪੀਲ ਪੈਰਾਮੈਡਿਕਸ ਨੇ ਪੁਸ਼ਟੀ ਕੀਤੀ ਕਿ ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ, ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਘਟਨਾ ਵਿੱਚ ਕੋਈ ਮੌਤ ਹੋਈ ਜਾਂ ਨਹੀਂ।

# ਸਰੀ 20 ਵਿਦਿਆਰਥੀਆਂ 1 ਲੱਖ ਡਾਲਰ ਦੀ ਸਕਾਲਰਸ਼ਿਪ ਲਈ ਨਾਮਜ਼ਦ

**ਸਰੀ, (ਪਰਮਜੀਤ ਸਿੰਘ):** ਸਰੀ ਦੇ ਲਗਭਗ ਹਰ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਸ਼ੁਲਿਚ ਲੀਡਰ ਸਕਾਲਰਸ਼ਿਪ ਲਈ ਸ਼ਾਰਟਲਿਸਟ ਵਿੱਚ ਜਗ੍ਹਾ ਬਣਾਈ ਹੈ। ਇਹ ਸਕਾਲਰਸ਼ਿਪ, ਜੋ ਸਾਇੰਸ, ਟੈਕਨਾਲੋਜੀ, ਇੰਜਨੀਅਰਿੰਗ ਅਤੇ ਮੈਥ (STEM) ਵਿੱਚ ਉੱਤਮ ਅਤੇ ਜਨੂੰਨ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ, $100,000 ਤੋਂ $120,000 ਦੀ ਹੈ। ਸਰੀ ਦੇ ਜਨਤਕ ਸਕੂਲਾਂ ਤੋਂ 20 ਵਿਦਿਆਰਥੀਆਂ ਨੂੰ 3,00,000 ਤੋਂ ਵੱਧ ਅਰਜ਼ੀਆਂ ਵਿੱਚੋਂ ਦੇਸ਼ ਭਰ ਦੇ 1,500 ਸ਼ਾਰਟਲਿਸਟਡ ਵਿਦਿਆਰਥੀਆਂ ਵਿੱਚ ਚੁਣਿਆ ਗਿਆ ਹੈ।

ਸਰੀ ਦੇ ਨਾਮੀ ਵਿਦਿਆਰਥੀਆਂ ਵਿੱਚ ਫਰੇਜ਼ਰ ਹਾਈਟਸ ਸੈਕੰਡਰੀ ਤੋਂ ਐਡਨ ਜੀਓਨ, ਈਕੋਲ ਪੈਨੋਰਾਮਾ ਰਿਜ ਸੈਕੰਡਰੀ ਤੋਂ ਅਲੀਸ਼ਾਨ ਮੁਹੰਮਦ, ਸੁਲੀਵਨ ਹਾਈਟਸ ਤੋਂ ਅਮਿਸ਼ਕਾ ਪਾਸਨ, ਲਾਰਡ ਟਵੀਡਸਮੂਅਰ ਤੋਂ ਅੰਗਦਜੀਤ ਸਿੱਧੂ, ਸੇਮੀਆਹਮੂ ਤੋਂ ਅਰਿਵ ਚੌਧਰੀ, ਫਲੀਟਵੁੱਡ ਪਾਰਕ ਤੋਂ ਆਰਮਸਟ੍ਰੌਂਗ ਵਾਵੇਰੂ, ਗ੍ਰੈਂਡਵਿਊ ਹਾਈਟਸ ਤੋਂ ਡੈਨੀਅਲ ਹਸਨ, ਗਿਲਫੋਰਡ ਪਾਰਕ ਤੋਂ ਯੂਜੀਨ ਬਹੀਆ, ਅਰਲ ਮੈਰੀਅਟ ਤੋਂ ਕਾਰਲ ਕੇਸ਼ਵਰਜੀ, ਈਕੋਲ ਸੈਲਿਸ਼ ਤੋਂ ਲੋਗਨ ਸਿੰਘ, ਜੌਨਸਟਨ ਹਾਈਟਸ ਤੋਂ ਮੈਥਿਊ ਹੀ, ਨਾਰਥ ਸਰੇ ਤੋਂ ਮੇਧਾ ਨਰੁਮੰਚੀ, ਕਵੀਨ ਐਲਿਜ਼ਾਬੈਥ ਤੋਂ ਮੁਹੰਮਦ ਓਬੈਦ, ਐਲ.ਏ. ਮੈਥਸਨ ਤੋਂ ਨੁਸ਼ਾਨ ਬਿਰਡੀ, ਐਨਵਰ ਕਰੀਕ ਤੋਂ ਸਾਰਾ ਮਲਿਆੱਕਲ, ਐਲਗਿਨ ਪਾਰਕ ਤੋਂ ਸਾਰਾਹ ਯੂ, ਤਮਨਾਵਿਸ ਤੋਂ ਤੇਗਵੀਰ ਤੂਰ, ਕਲੇਟਨ ਹਾਈਟਸ ਤੋਂ ਟਿਮ ਕਿਆਨ, ਪ੍ਰਿੰਸੈਸ ਮਾਰਗਰੇਟ ਤੋਂ ਯਾਹੀਆ ਸ਼ੈਲੀ ਅਤੇ ਕਵਾਂਟਲਨ ਪਾਰਕ ਤੋਂ ਜ਼ਿਡੇਨ ਨਗੁਏਨ ਸ਼ਾਮਲ ਹਨ।

1,500 ਸ਼ਾਰਟਲਿਸਟਡ ਵਿਦਿਆਰਥੀਆਂ ਵਿੱਚੋਂ 100 ਨੂੰ ਇਸ ਸਕੂਲੀ ਸਾਲ ਦੇ ਅੰਤ ਵਿੱਚ ਚੁਣਿਆ ਜਾਵੇਗਾ। 50 ਵਿਦਿਆਰਥੀਆਂ ਨੂੰ ਇੰਜਨੀਅਰਿੰਗ ਲਈ $120,000 ਅਤੇ 50 ਨੂੰ ਸਾਇੰਸ ਅਤੇ ਮੈਥ ਲਈ




$100,000 ਦੀ ਸਕਾਲਰਸ਼ਿਪ ਮਿਲੇਗੀ। ਸਰੀ ਦੇ ਵਿਦਿਆਰਥੀਆਂ ਦੀ ਸਫਲਤਾ ਨਵੀਂ ਨਹੀਂ ਹੈ; 2017 ਤੋਂ ਹੁਣ ਤੱਕ 11 ਵਿਦਿਆਰਥੀ ਇਹ ਸਕਾਲਰਸ਼ਿਪ ਜਿੱਤ ਚੁੱਕੇ ਹਨ।

ਸਰੀ ਦੇ ਸਕੂਲਾਂ ਦੀ ਇਹ ਪ੍ਰਾਪਤੀ ਸਥਾਨਕ ਸਿੱਖਿਆ ਪ੍ਰਣਾਲੀ ਦੀ ਮਜ਼ਬੂਤੀ ਨੂੰ ਦਰਸਾਉਂਦੀ ਹੈ। ਸਰੇ ਸਕੂਲ ਡਿਸਟ੍ਰਿਕਟ ਨੇ ਸਟੀਮ ਸਿੱਖਿਆ 'ਤੇ ਜ਼ੋਰ ਦਿੱਤਾ ਹੈ, ਜਿਸ ਨਾਲ ਵਿਦਿਆਰਥੀ ਅੰਤਰਰਾਸ਼ਟਰੀ ਮੰਚਾਂ 'ਤੇ ਚਮਕ ਰਹੇ ਹਨ। ਸਕੂਲਾਂ ਵਿੱਚ ਰੋਬੋਟਿਕਸ ਕਲੱਬ, ਕੋਡਿੰਗ ਪ੍ਰੋਗਰਾਮ ਅਤੇ ਸਾਇੰਸ ਮੇਲਿਆਂ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਿਆ ਹੈ।

ਇਹ ਸਕਾਲਰਸ਼ਿਪ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇ ਨਾਲ-ਨਾਲ ਕੈਨੇਡਾ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਦਾ ਮੌਕਾ ਦਿੰਦੀ ਹੈ। ਸਰੇ ਦੇ ਵਿਭਿੰਨ ਭਾਈਚਾਰੇ, ਜਿਸ ਵਿੱਚ ਦੱਖਣੀ ਏਸ਼ੀਆਈ, ਚੀਨੀ ਅਤੇ ਅਫਰੀਕੀ ਮੂਲ ਦੇ ਵਿਦਿਆਰਥੀ ਸ਼ਾਮਲ ਹਨ, ਨੇ ਇਸ ਮੌਕੇ ਨੂੰ ਹੱਥੋਂ-ਹੱਥ ਲਿਆ। ਮਾਪਿਆਂ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕੀਤੀ।

# ਨਿਊ ਵੈਸਟਮਿੰਸਟਰ-ਬਰਨਬੀ-ਮੇਲਾਰਡਵਿਲ ਤੋਂ ਕੰਜ਼ਰਵੇਟਿਵ ਉਮੀਦਵਾਰ ਇੰਦੀ ਪੰਛੀ ਦੀ ਚੋਣ ਮੁਹਿੰਮ ਸਿਖਰਾਂ 'ਤੇ




**ਸਰੀ, (ਸੀ.ਪੀ.ਟੀ.):** ਫੈਡਰਲ ਚੋਣਾਂ 2025 ਵਿੱਚ ਨਿਊ ਵੈਸਟਮਿੰਸਟਰ-ਬਰਨਬੀ-ਮੇਲਾਰਡਵਿਲ ਸੀਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਇੰਡੀ ਪੰਛੀ ਨੇ ਆਪਣੀ ਮੁਹਿੰਮ ਨੂੰ ਤੇਜ਼ ਕਰ ਦਿੱਤਾ ਹੈ। ਪੰਛੀ, ਜੋ ਯੂ.ਕੇ. ਤੋਂ ਕੈਨੇਡਾ ਪਰਵਾਸ ਕਰਕੇ ਆਏ ਹਨ, ਨੇ ਸਥਾਨਕ ਭਾਈਚਾਰੇ ਵਿੱਚ ਆਪਣੀ ਸੇਵਾ ਅਤੇ ਸਮਾਜਿਕ ਕਾਰਜਾਂ ਨਾਲ ਪਛਾਣ ਬਣਾਈ ਹੈ। ਉਹ ਗੁਰੂ ਨਾਨਕ ਫਰੀ ਕਿਚਨ ਦੇ ਸੰਸਥਾਪਕ ਹਨ, ਜੋ ਨਿਊ ਵੈਸਟਮਿੰਸਟਰ ਵਿੱਚ ਵੱਡੀ ਗਿਣਤੀ ਵਿੱਚ ਲੋੜਵੰਦਾਂ ਨੂੰ ਮੁਫ਼ਤ ਭੋਜਨ ਮੁਹੱਈਆ ਵੀ ਕਰਵਾਉਂਦੇ ਹਨ।


ਇੰਦੀ ਪੰਛੀ ਨੂੰ ਕੰਜ਼ਰਵੇਟਿਵ ਪਾਰਟੀ ਨੇ ਆਖਰੀ ਪਲਾਂ ਵਿੱਚ ਉਮੀਦਵਾਰ ਚੁਣਿਆ, ਜਦੋਂ ਪਿਛਲੇ ਉਮੀਦਵਾਰ ਲੌਰੇਂਸ ਸਿੰਘ ਨੂੰ ਪਾਰਟੀ ਨੇ ਪੁਰਾਣੇ ਪੋਡਕਾਸਟ ਬਿਆਨਾਂ ਕਾਰਨ ਹਟਾ ਦਿੱਤਾ। ਇੰਦੀ ਪੰਛੀ ਨੇ ਆਪਣੀ ਮੁਹਿੰਮ ਵਿੱਚ ਆਰਥਿਕ ਸੁਰੱਖਿਆ, ਰਿਹਾਇਸ਼ੀ ਸਮੱਸਿਆਵਾਂ ਅਤੇ ਅਮਰੀਕਾ ਨਾਲ ਵਪਾਰਕ ਸਬੰਧਾਂ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਵਾਅਦਾ ਕੀਤਾ ਹੈ ਕਿ ਜੇਤੂ ਹੋਣ 'ਤੇ ਉਹ ਸਥਾਨਕ ਅਰਥਚਾਰੇ ਨੂੰ ਮਜ਼ਬੂਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਲਈ ਕੰਮ ਕਰਨਗੇ।

ਨਿਊ ਵੈਸਟਮਿੰਸਟਰ-ਬਰਨਬੀ-ਮੇਲਾਰਡਵਿਲ ਸੀਟ 'ਤੇ ਪੰਜ ਉਮੀਦਵਾਰ ਮੈਦਾਨ ਵਿੱਚ ਹਨ: ਪੀਟਰ ਜੂਲੀਅਨ (NDP), ਜੇਕ ਸਵਾਤਸਕੀ (ਲਿਬਰਲ), ਤਾਰਾ ਸ਼ੁਸ਼ਤਾਰੀਅਨ (ਗਰੀਨ), ਲੌਰੇਂਸ ਸਿੰਘ (ਆਜ਼ਾਦ), ਅਤੇ ਇੰਦੀ ਪੰਛੀ ਕੰਜ਼ਰਵੇਟਿਵ ਪਾਰਟੀ ਵਲੋਂ ਚੋਣ ਮੈਦਾਨ 'ਚ ਹਨ । ਇਹ ਸੀਟ ਲੰਬੇ ਸਮੇਂ ਤੋਂ ਐਨ.ਡੀ.ਪੀ. ਦੇ ਪੀਟਰ ਜੂਲੀਅਨ ਦੇ ਕਬਜ਼ੇ ਵਿੱਚ ਰਹੀ ਹੈ, ਪਰ ਪੋਲ ਮੁਤਾਬਕ ਇਸ ਵਾਰ ਮੁਕਾਬਲਾ ਕਾਫੀ ਸਖ਼ਤ ਹੈ। ਇੰਦੀ ਪੰਛੀ ਨੇ ਖਾਸ ਤੌਰ 'ਤੇ ਸਥਾਨਕ ਭਾਰਤੀ ਅਤੇ ਫਿਲੀਪੀਨੋ ਭਾਈਚਾਰਿਆਂ ਵਿੱਚ ਸਮਰਥਨ ਹਾਸਲ ਕੀਤਾ ਹੈ। ਪੰਛੀ ਨੇ ਆਪਣੀ ਮੁਹਿੰਮ ਵਿੱਚ ਰਿਹਾਇਸ਼ੀ ਸਮਰੱਥਾ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਪਾਰਟੀ ਨਵੇਂ ਘਰਾਂ ਦੀ ਉਸਾਰੀ ਨੂੰ ਤੇਜ਼ ਕਰੇਗੀ ਅਤੇ ਟੈਕਸ ਰਾਹਤ ਦੇਵੇਗੀ। ਨਾਲ ਹੀ, ਅਮਰੀਕੀ ਟੈਰਿਫਾਂ ਦੇ ਮੁੱਦੇ 'ਤੇ ਉਹ ਮਜ਼ਬੂਤ ਵਪਾਰਕ ਸਬੰਧਾਂ ਦੀ ਵਕਾਲਤ ਕਰਦੇ ਹਨ। ਪੰਛੀ ਨੇ ਸਥਾਨਕ ਮੀਡੀਆ ਨੂੰ ਸਮਰਥਨ ਦੇਣ ਦੀ ਵੀ ਗੱਲ ਕੀਤੀ, ਕਿਉਂਕਿ ਨਿਊ ਵੈਸਟਮਿੰਸਟਰ ਰਿਕਾਰਡ ਅਤੇ ਬਰਨਬੀ ਨਾਓ ਵਰਗੇ ਅਖ਼ਬਾਰ ਬੰਦ ਹੋਣ ਕਿਨਾਰੇ ਹਨ।

# ਨਾਮਵਰ ਸ਼ਾਇਰ ਨਦੀਮ ਪਰਮਾਰ ਦੇ ਸਦੀਵੀ ਵਿਛੋੜੇ 'ਤੇ ਸਾਹਿਤਕਾਰਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

## 26 ਅਪ੍ਰੈਲ ਨੂੰ ਡੈਲਟਾ ਵਿਖੇ ਹੋਵੇਗਾ ਮਰਹੂਮ ਸ਼ਾਇਰ ਦਾ ਅੰਤਿਮ ਸੰਸਕਾਰ

ਸਰੀ, (ਹਰਦਮ ਮਾਨ): ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਨਦੀਮ ਪਰਮਾਰ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ 88 ਵਰ੍ਹਿਆਂ ਦੇ ਸਨ ਅਤੇ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਲੰਮੇ ਸਮੇਂ ਤੋਂ ਸਰਗਰਮ ਮੈਂਬਰ ਸਨ। ਉਨ੍ਹਾਂ ਆਪਣਾ ਸਾਹਿਤਕ ਸਫ਼ਰ ਉਰਦੂ ਗ਼ਜ਼ਲ ਤੋਂ ਕੀਤਾ ਅਤੇ ਫਿਰ ਪੰਜਾਬੀ ਗ਼ਜ਼ਲ ਵੱਲ ਰੁਖ਼ ਕੀਤਾ। ਉਹ ਗ਼ਜ਼ਲ ਅਤੇ ਪਿੰਗਲ-ਅਰੂਜ਼ ਦੇ ਮਾਹਿਰ ਸਨ। ਗ਼ਜ਼ਲ ਦੇ ਨਾਲ ਨਾਲ ਉਨ੍ਹਾਂ ਨਾਵਲ ਅਤੇ ਕਹਾਣੀਆਂ ਦੀ ਰਚਨਾ ਵੀ ਕੀਤੀ। ਉਨ੍ਹਾਂ ਦੇ 11 ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਨਾਮਵਰ ਗ਼ਜ਼ਲ ਗਾਇਕ ਜਗਜੀਤ ਸਿੰਘ ਵੱਲੋਂ ਉਨ੍ਹਾਂ ਦੀ ਗ਼ਜ਼ਲ 'ਜ਼ਖ਼ਮ ਮਿਲੇ ਤੋ ਸੀ ਲੇਤੇ ਹੈਂ, ਅਸ਼ਕ ਮਿਲੇ ਤੋ ਪੀ ਲੇਤੇ ਹੈਂ' ਨੂੰ ਆਪਣਾ ਸੁਰ ਦੇਣਾ ਅਤੇ ਵੈਨਕੂਵਰ ਵਿਖੇ ਆਪਣੇ ਇਕ ਸਮਾਗਮ ਦੌਰਾਨ ਉਨ੍ਹਾਂ ਨੂੰ ਸਟੇਜ 'ਤੇ ਬੁਲਾ ਕੇ ਵਡੇਰਾ ਮਾਣ ਦੇਣਾ ਉਨ੍ਹਾਂ ਲਈ ਸਭ ਤੋਂ ਵੱਡੀ ਸਾਹਿਤਕ ਪ੍ਰਾਪਤੀ ਰਹੀ। ਉਨ੍ਹਾਂ ਨੂੰ ਕਈ ਸੰਸਥਾਵਾਂ ਵੱਲੋਂ ਮਾਣ ਸਨਮਾਨ ਦਿੱਤੇ ਗਏ।



ਉਨ੍ਹਾਂ ਦੇ ਰੁਖ਼ਸਤ ਹੋ ਜਾਣ 'ਤੇ ਵੈਨਕੂਵਰ, ਸਰੀ ਅਤੇ ਕੈਨੇਡਾ ਦੇ ਸਾਹਿਤਕਾਰਾਂ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਵੈਨਕੂਵਰ ਵਿਚਾਰ ਮੰਚ ਦੇ ਆਗੂ ਮੋਹਨ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਸ਼ਾਇਰ ਪਾਲ ਢਿੱਲੋਂ (ਵਰਨਣ), ਗ਼ਜ਼ਲ ਮੰਚ ਸਰੀ ਦੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ, ਗੁਰਮੀਤ ਸਿੱਧੂ, ਸੁਖਜੀਤ ਕੌਰ ਤੇ ਬਲਦੇਵ ਸੀਰਾ, ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਅਮਰੀਕ ਪਲਾਹੀ, ਅਜਮੇਰ ਰੋਡੇ, ਸੁਰਜੀਤ ਕਲਸੀ, ਜਸਬੀਰ ਮਾਨ, ਹਰਕੀਰਤ ਕੌਰ ਚਾਹਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਿਤਪਾਲ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਰੰਧਾਵਾ, ਚਰਨ ਸਿੰਘ, ਸਾਹਿਤ ਸਭਾ ਸਰੀ ਦੇ ਇੰਦਰਜੀਤ ਧਾਮੀ, ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸੰਚਾਲਕ ਸਤੀਸ਼ ਗੁਲਾਟੀ, ਨਵਨੀਤ ਕੌਰ ਵਿਨੀਪੈਗ, ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਤਰਲੋਚਨ ਤਰਨਤਾਰਨ ਅਤੇ ਰਣਧੀਰ ਢਿੱਲੋਂ ਨੇ ਵੱਖ ਵੱਖ ਬਿਆਨਾਂ ਰਾਹੀਂ ਮਰਹੂਮ ਨਦੀਮ ਪਰਮਾਰ ਵੱਲੋਂ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰ ਕੇ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਪਾਏ ਵੱਡਮੁੱਲੇ ਯੋਗਦਾਨ ਨੂੰ ਸਿਜਦਾ ਕਰਦਿਆਂ ਕਿਹਾ ਹੈ ਕਿ ਪਰਮਾਰ ਸਾਹਿਬ ਆਪਣੀਆਂ ਰਚਨਾਵਾਂ ਨਾਲ ਹਮੇਸ਼ਾ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿਚ ਧੜਕਦੇ ਰਹਿਣਗੇ।

ਪਰਿਵਾਰ ਵੱਲੋਂ ਮਿਲੀ ਸੂਚਨਾ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ 26 ਅਪ੍ਰੈਲ 2025 (ਸਨਿੱਚਰਵਾਰ) ਨੂੰ ਬਾਅਦ ਦੁਪਹਿਰ 3 ਵਜੇ ਰਿਵਰਸਾਈਡ ਫਿਊਨਰਲ

# ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਇੰਡੀ ਪੰਛੀ ਨੂੰ ਆਪਣੀ ਕੀਮਤੀ ਵੋਟ ਪਾ ਕੇ ਜਿਤਾਓ



ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

ADVISORY BOARD

• Karamjit Singh Butter
Journalist,

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER
International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

Publisher is not responsible in any mishappening between the customer and Advertiser.

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਨੂੰ ਨਵੀਂ ਦਿਸ਼ਾ ਦੇਣਗੀਆਂ ਚੋਣਾਂ

ਲਿਖਤ : ਦਰਬਾਰਾ ਸਿੰਘ ਕਾਹਲੋਂ
-ਸੰਪਰਕ : +12898292929



ਵਿਸ਼ਵ ਦੇ ਪਹਿਲੇ 5 ਨਾਮਵਰ ਪਾਰਦਰਸ਼ੀ ਅਤੇ ਇਮਾਨਦਾਰ ਲੋਕਤੰਤਰੀ ਦੇਸ਼ਾਂ ਵਿਚ ਸ਼ੁਮਾਰ ਖ਼ੂਬਸੂਰਤ ਅਤੇ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਕੈਨੇਡਾ 28 ਅਪ੍ਰੈਲ ਨੂੰ ਅਚਨਚੇਤ ਫੈਡਰਲ ਚੋਣਾਂ ਹਾਊਸ ਆਫ ਕਾਮਨਜ਼ ਲਈ ਕਰਾਉਣ ਜਾ ਰਿਹਾ ਹੈ। ਇਨ੍ਹਾਂ ਚੋਣਾਂ ਰਾਹੀਂ ਲਗਪਗ 2 ਕਰੋੜ 90 ਲੱਖ ਕੈਨੇਡੀਅਨ ਵੋਟਰ 45ਵੀਂ ਲੋਕ ਸਭਾ (ਹਾਊਸ ਆਫ ਕਾਮਨਜ਼) ਦੇ 343 ਮੈਂਬਰਾਂ ਦੀ ਚੋਣ ਕਰਨਗੇ। ਇਨ੍ਹਾਂ ਚੋਣਾਂ ਵਿਚ 570 ਮਿਲੀਅਨ ਡਾਲਰ ਖ਼ਰਚਾ ਆਵੇਗਾ।

ਸੱਤਾਧਾਰੀ ਲਿਬਰਲ ਪਾਰਟੀ ਜੋ ਦੇਸ਼ ਅੰਦਰ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿਚ ਘੱਟ ਗਿਣਤੀ ਸਰਕਾਰ ਚਲਾ ਰਹੀ ਸੀ, ਅੰਦਰ ਲੀਡਰਸ਼ਿਪ ਨੂੰ ਲੈ ਕੇ ਉੱਠੇ ਵਿਰੋਧ ਕਰਕੇ ਪ੍ਰਧਾਨ ਮੰਤਰੀ ਨੇ 2 ਜਨਵਰੀ 2025 ਨੂੰ ਅਸਤੀਫ਼ੇ ਦਾ ਐਲਾਨ ਕਰ ਦਿੱਤਾ ਸੀ। ਅੰਦਰੂਨੀ ਚੋਣਾਂ ਰਾਹੀਂ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਮਾਰਕ ਕਾਰਨੇ ਜੋ ਬੈਂਕ ਆਫ ਕੈਨੇਡਾ ਅਤੇ ਇੰਗਲੈਂਡ ਦੇ ਚੇਅਰਮੈਨ ਰਹਿ ਚੁੱਕੇ ਹਨ, ਨੂੰ ਵੱਡੀ ਹਮਾਇਤ ਨਾਲ ਪਾਰਟੀ ਆਗੂ ਚੁਣ ਲਿਆ ਗਿਆ ਜਿਨ੍ਹਾਂ ਨੇ ਟਰੂਡੋ ਦੀ ਥਾਂ 24ਵੇਂ ਪ੍ਰਧਾਨ ਮੰਤਰੀ ਵਜੋਂ 14 ਮਾਰਚ ਨੂੰ ਸਹੁੰ ਚੁੱਕੀ। ਉਹ ਦੇਸ਼ ਦੇ ਦੂਸਰੇ ਪ੍ਰਧਾਨ ਮੰਤਰੀ ਬਣੇ ਜੋ ਪਾਰਲੀਮੈਂਟ ਦੇ ਮੈਂਬਰ ਨਹੀਂ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਫ ਟੈਰਿਫ, ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਧਮਕੀ ਅਤੇ ਰਾਸ਼ਟਰੀ ਸੁਰੱਖਿਆ ਦੇ ਚੁਣੌਤੀ ਭਰੇ ਸੰਕਟ ਨੂੰ ਲੈ ਕੇ ਕਾਰਨੇ ਨੇ 23 ਮਾਰਚ ਨੂੰ ਗਵਰਨਰ ਜਨਰਲ ਮੇਰੀ ਸਾਇਮਾ ਨੂੰ ਪਾਰਲੀਮੈਂਟ ਭੰਗ ਕਰਨ ਦੀ ਸਿਫ਼ਾਰਸ਼ ਕਰਦੇ ਹੋਏ 28 ਅਪ੍ਰੈਲ ਨੂੰ ਅਚਨਚੇਤ ਫੈਡਰਲ ਚੋਣਾਂ ਦਾ ਐਲਾਨ ਕਰ ਦਿੱਤਾ। ਇਹ ਚੋਣਾਂ ਕੈਨੇਡਾ ਦੀ ਹੋਂਦ, ਭਵਿੱਖ ਅਤੇ ਮਜ਼ਬੂਤ ਰਾਸ਼ਟਰ ਸਥਾਪਤੀ ਨੂੰ ਲੈ ਕੇ ਬਹੁਤ ਮਹੱਤਵ ਰੱਖਦੀਆਂ ਹਨ।

ਪਾਰਲੀਮੈਂਟ ਭੰਗ ਹੋਣ ਸਮੇਂ 343 ਮੈਂਬਰੀ ਹਾਊਸ ਆਫ ਕਾਮਨਜ਼ ਵਿਚ ਰਾਜਨੀਤਕ ਪਾਰਟੀਆਂ ਦੀ ਪ੍ਰਤੀਨਿਧਤਾ ਇਵੇਂ ਸੀ, ਲਿਬਰਲ ਪਾਰਟੀ 152, ਕੰਜ਼ਰਵੇਟਿਵ ਪਾਰਟੀ 120, ਨਿਊ-ਡੈਮੋਕ੍ਰੈਟਿਕ ਪਾਰਟੀ (ਐੱਨਡੀਪੀ) 24, ਬਲਾਕ ਕਿਊਬੈਕ 33, ਗਰੀਨ ਪਾਰਟੀ 2 ਆਦਿ।

ਚੋਣ ਕਮਿਸ਼ਨ ਅਨੁਸਾਰ ਚੋਣ ਮੁਹਿੰਮ ਲਈ 37 ਦਿਨ ਜ਼ਰੂਰੀ ਹਨ। ਇਸੇ ਕਰਕੇ 28 ਅਪ੍ਰੈਲ ਨੂੰ ਚੋਣਾਂ ਕਰਾਉਣ ਦਾ ਐਲਾਨ ਕੀਤਾ ਗਿਆ ਸੀ ਤਾਂ ਕਿ 23 ਮਾਰਚ ਤੋਂ 28 ਅਪ੍ਰੈਲ ਤੱਕ ਇਹ ਸਮਾਂ ਮਿਲ ਸਕੇ। ਇਵੇਂ ਦੋ ਡਿਬੇਟ, ਇਕ ਫਰਾਂਸੀਸੀ ਅਤੇ ਇਕ ਅੰਗਰੇਜ਼ੀ ਭਾਸ਼ਾ ਵਿਚ 16 ਅਤੇ 17 ਅਪ੍ਰੈਲ ਨੂੰ ਮਾਂਟਰੀਆਲ (ਕਿਊਬੈਕ) ਵਿਖੇ ਰੱਖੇ ਗਏ।

ਫੋਰਟ ਸਮਿੱਥ (ਉੱਤਰ-ਪੱਛਮ ਖੇਤਰ) ਵਿਚ ਇਕ ਸਥਾਨਕ ਮੂਲ ਦੇ ਲੋਕਾਂ ਦੇ ਸਕੂਲ ਦੇ ਪ੍ਰਿੰਸੀਪਲ ਦੇ ਘਰ ਪੈਦਾ ਹੋਇਆ, ਐਡਮਿੰਟਨ (ਅਲਬਰਟਾ) ਵਿਚ ਪਲਿਆ, ਆਕਸਫੋਰਡ ਯੂਨੀਵਰਸਿਟੀ ਤੋਂ ਪੀਐੱਚਡੀ ਕਰਨ ਵਾਲਾ ਕਾਰਨੇ ਬੈਂਕ ਆਫ ਕੈਨੇਡਾ ਦਾ 2008 ਤੋਂ 2013 ਅਤੇ ਬੈਂਕ ਆਫ ਇੰਗਲੈਂਡ ਦਾ 2013 ਤੋਂ 2018 ਤੱਕ ਗਵਰਨਰ ਰਿਹਾ। ਉਸ ਨੇ ਕੈਨੇਡਾ ਨੂੰ 2007-08 ਦੀ ਆਰਥਿਕ ਮੰਦੀ ਨਾਲ ਨਜਿੱਠਣ ਅਤੇ ਯੂਕੇ ਨੂੰ ਆਰਥਿਕ ਮੁਸੀਬਤਾਂ ਨਾਲ ਨਜਿੱਠਣ ਵਿਚ ਅਹਿਮ ਭੂਮਿਕਾ ਅਦਾ ਕੀਤੀ। ਉਹ ਟਰੂਡੋ ਸਰਕਾਰ ਦੇ ਆਰਥਿਕ ਸਲਾਹਕਾਰ ਸਨ।

ਉਹ ਭਾਰਤ ਦੇ ਨਾਮਵਰ ਅਰਥ ਸ਼ਾਸਤਰੀ ਅਤੇ 10 ਸਾਲ ਪ੍ਰਧਾਨ ਮੰਤਰੀ ਰਹੇ ਡਾ. ਮਨਮੋਹਨ ਸਿੰਘ ਵਾਂਗ ਕੈਨੇਡਾ ਦੇ ਆਰਥਿਕ ਸੰਕਟ ਮੋਚਕ ਪ੍ਰਧਾਨ ਮੰਤਰੀ ਵਜੋਂ ਉੱਭਰੇ ਹਨ। ਲੋਕ ਸਮਝਦੇ ਹਨ ਕਿ ਉਹ ਨਾ ਸਿਰਫ਼ ਆਪਹੁਦਰੇ ਨੀਮ ਪਾਗਲ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਹਮਲਿਆਂ ਤੋਂ ਰਾਸ਼ਟਰ ਦੀ ਸੁਰੱਖਿਆ ਕਰਨਗੇ ਬਲਕਿ ਦੇਸ਼ ਅੰਦਰੂਨੀ ਆਰਥਿਕ, ਸਮਾਜਿਕ, ਵਿੱਤੀ, ਸੱਭਿਆਚਾਰਕ, ਪਰਵਾਸ ਤੇ ਸਥਾਨਕ ਮੂਲ ਦੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦਾ ਯਤਨ ਕਰਨਗੇ।

ਕਾਰਨੇ ਦੀ ਅਗਵਾਈ ਕਰਕੇ ਰਾਜਨੀਤਕ ਉਥਲ-ਪੁਥਲ ਨੇ ਰਾਜਸੀ ਅਤੇ ਚੋਣ ਯੁੱਧਨੀਤਕ ਪੰਡਤਾਂ ਨੂੰ ਹੈਰਾਨ ਕਰ ਦਿੱਤਾ ਹੈ। ਇਸ ਸਮੇਂ ਚੋਣ ਸਰਵੇ ਦਰਸਾ ਰਹੇ ਹਨ ਕਿ ਲਿਬਰਲਾਂ ਨੂੰ 43.2 ਪ੍ਰਤੀਸ਼ਤ, ਕੰਜ਼ਰਵੇਟਿਵਾਂ ਨੂੰ 38, ਐੱਨਡੀਪੀ ਨੂੰ 8.3, ਬਲਾਕ ਕਿਊਬੈਕ ਨੂੰ 5.9, ਗਰੀਨ ਪਾਰਟੀ ਨੂੰ 2.1, ਪੀਪਲਜ਼ ਪਾਰਟੀ ਨੂੰ 1.7 ਅਤੇ ਹੋਰਨਾਂ ਨੂੰ 0.9 ਪ੍ਰਤੀਸ਼ਤ ਵੋਟਰਾਂ ਦੀ ਹਮਾਇਤ ਹਾਸਲ ਹੈ। ਹਾਊਸ ਆਫ ਕਾਮਨਜ਼ ਵਿਚ ਬਹੁਮਤ ਲਈ 172 ਸੀਟਾਂ ਦਰਕਾਰ ਹਨ। ਇਸ ਵੇਲੇ ਲਿਬਰਲ 194, ਕੰਜ਼ਰਵੇਟਿਵ 122, ਐੱਨਡੀਪੀ 5, ਬਲਾਕ ਕਿਊਬੈਕ 21, ਗਰੀਨ ਪਾਰਟੀ ਇਕ ਅਤੇ ਬਾਕੀ ਜ਼ੀਰੋ ਸੀਟਾਂ ਜਿੱਤ ਸਕਦੇ ਹਨ। ਹੁਣ ਬਹੁਤ ਉਲਟਫੇਰ ਹੋਣ ਦੀ ਆਸ ਨਹੀਂ ਪਰ ਫਿਰ ਵੀ ਸਥਿਤੀਆਂ ਬਦਲਦਿਆਂ ਕੋਈ ਬਹੁਤਾ ਚਿਰ ਵੀ ਨਹੀਂ ਲੱਗਦਾ।

ਪਿਛਲੀਆਂ 8 ਫੈਡਰਲ ਚੋਣਾਂ ਸਮੇਂ 5 ਵਾਰ ਕਿਸੇ ਰਾਜਨੀਤਕ ਪਾਰਟੀ ਨੂੰ ਬਹੁਮਤ ਪ੍ਰਾਪਤ ਨਹੀਂ ਹੋਇਆ। ਸੰਨ 2019 ਅਤੇ 2021 ਦੀਆਂ ਟਰੂਡੋ ਸਰਕਾਰਾਂ ਐੱਨਡੀਪੀ ਅਤੇ ਬਲਾਕ ਕਿਊਬੈਕ ਦੀ ਮੁੱਦਿਆਂ ਆਧਾਰਤ ਬਾਹਰੋਂ ਹਮਾਇਤ ਦੀਆਂ ਬੈਸਾਖੀਆਂ 'ਤੇ ਚੱਲਦੀਆਂ ਰਹੀਆਂ।

ਦੇਸ਼ ਵਿਚ ਸਥਿਰ ਅਤੇ ਮਜ਼ਬੂਤ ਸਰਕਾਰਾਂ ਨਾ ਹੋਣ ਕਰਕੇ ਅਜੋਕਾ ਆਰਥਿਕ ਸੰਕਟ ਅਤੇ ਰੋਜ਼ਮੱਰਾ ਜੀਵਨ ਵਿਚ ਬੇਚੈਨੀ, ਬੇਰੁਜ਼ਗਾਰੀ, ਅਮਨ-ਕਾਨੂੰਨ, ਰਾਸ਼ਟਰੀ ਸੁਰੱਖਿਆ, ਪਰਵਾਸ ਆਦਿ ਦੇ ਮਸਲੇ ਪੈਦਾ ਹੋਏ ਹਨ। ਵੋਟਰਾਂ 'ਤੇ ਇਸੇ ਕਰਕੇ ਦਬਾਅ ਹੈ ਕਿ ਉਹ ਇਕ ਮਜ਼ਬੂਤ ਅਤੇ ਸਮਰੱਥ ਸਰਕਾਰ ਲਈ ਕਿਸੇ ਪਰਟੀ ਨੂੰ ਪੂਰਨ ਬਹੁਮਤ ਨਾਲ ਜਿਤਾਉਣ।

ਭਾਰਤ ਦੇ ਕੈਨੇਡਾ ਵਿਚ ਰਹੇ ਸਾਬਕਾ ਹਾਈ ਕਮਿਸ਼ਨਰ ਅਜੈ ਬਿਸਾਰੀਆ ਨੇ ਕੈਨੇਡੀਅਨ ਸਿਆਸਤ ਵਿਚ ਖ਼ਾਲਿਸਤਾਨੀ ਅਨਸਰਾਂ ਨੂੰ ਸ਼ਾਤਰ ਤੇ ਸਰਗਰਮ ਭਾਰਤ ਵਿਰੋਧੀ ਸਮੂਹ ਦੱਸਿਆ ਜਿਸ ਦਾ ਖ਼ਾਸ ਤੇ ਅਨੁਪਾਦਕ ਕਬਜ਼ਾ ਹੈ। ਇਹ ਕੈਨੇਡੀਅਨ ਚੋਣਾਂ ਵਿਚ ਬਾਹਰੀ ਦਖ਼ਲ ਹੈ। ਕੀ ਭਾਰਤ ਦੇਸ਼ ਅੰਦਰ ਖ਼ਾਲਿਸਤਾਨੀ ਗਤੀਵਿਧੀਆਂ ਰੋਕ ਸਕਿਆ ਹੈ?

ਪੂਰੇ ਵਿਸ਼ਵ ਵਿਚ ਵੱਖ-ਵੱਖ ਦੇਸ਼ਾਂ ਵਿਚ ਸਿੱਖ ਭਾਈਚਾਰੇ ਨੇ ਲੋੜਵੰਦਾਂ ਦੀ ਸੇਵਾ, ਸੰਕਟਕਾਲ ਸਮੇਂ ਬਿਮਾਰਾਂ, ਜ਼ਖ਼ਮੀਆਂ ਲਈ ਦਵਾਈਆਂ, ਲੰਗਰ ਅਤੇ ਜ਼ਰੂਰੀ ਵਸਤਾਂ ਦੀ ਸੇਵਾ ਨਿਰ-ਸਵਾਰਥ ਕਰਦਿਆਂ ਆਪਣੀ ਵਿਲੱਖਣ ਪਛਾਣ ਬਣਾਈ ਹੈ। ਰਾਜਨੀਤੀ ਵਿਚ ਵੱਡੇ ਸਥਾਨ ਪ੍ਰਾਪਤ ਕੀਤੇ ਹਨ।

ਕੈਨੇਡਾ ਦੀਆਂ ਫੈਡਰਲ ਤੇ ਸੂਬਾਈ ਚੋਣਾਂ ਵਿਚ ਇਨ੍ਹਾਂ ਨੇ ਅਤਿ ਸਨਮਾਨਜਕ ਪਛਾਣ ਬਣਾਈ ਹੈ। ਸੰਨ 1993 ਵਿਚ ਪਹਿਲੇ ਸਿੱਖ ਦਸਤਾਰਧਾਰੀ ਕੈਨੇਡੀਅਨ ਗੁਰਬਖ਼ਸ਼ ਸਿੰਘ ਮੱਲ੍ਹੀ ਸਾਂਸਦ ਬਣੇ ਸਨ। ਉਹ 18 ਸਾਲ ਸਾਂਸਦ ਰਹਿਣ ਸਮੇਂ ਵੱਖ-ਵੱਖ ਸਰਕਾਰਾਂ ਵਿਚ ਪਾਰਲੀਮਾਨੀ ਸਕੱਤਰ ਰਹੇ। ਸੰਨ 2019 ਵਿਚ ਪਰਵਾਸੀ ਭਾਰਤੀ 47 ਫੈਡਰਲ ਚੋਣਾਂ ਲੜੇ, 22 ਜਿੱਤੇ ਤੇ 2021 ਵਿਚ 47 ਵਿੱਚੋਂ 17 ਜਿੱਤੇ ਤੇ ਉਨ੍ਹਾਂ ਵਿੱਚੋਂ 16 ਮੁੜ ਮੈਦਾਨ ਵਿਚ ਹਨ।

ਇਨ੍ਹਾਂ ਚੋਣਾਂ ਵਿਚ 65 ਪਰਵਾਸੀ ਭਾਰਤੀ ਉਮੀਦਵਾਰ ਖੜ੍ਹੇ ਹਨ। ਜਗਮੀਤ ਸਿੰਘ ਸੰਨ 2017 ਤੋਂ ਐੱਨਡੀਪੀ ਦੀ ਅਗਵਾਈ ਕਰ ਰਹੇ ਹਨ। ਲਿਬਰਲਾਂ ਨੇ 17, ਕੰਜ਼ਰਵੇਟਿਵਾਂ ਨੇ 26, ਐੱਨਡੀਪੀ ਨੇ 10, ਗਰੀਨ ਪਾਰਟੀ ਨੇ 4, ਪੀਪਲਜ਼ ਪਾਰਟੀ ਨੇ 8 ਪਰਵਾਸੀ ਭਾਰਤੀਆਂ ਨੂੰ ਉਮੀਦਵਾਰ ਬਣਾਇਆ ਹੋਇਆ ਹੈ। ਅਨੀਤਾ ਆਨੰਦ ਅਤੇ ਕਮਲ ਖਹਿਰਾ ਕਾਰਨੇ ਸਰਕਾਰ ਵਿਚ ਮੰਤਰੀ ਹਨ। ਕੈਨੇਡਾ ਅੰਦਰ ਫਰੈਂਚ ਤੇ ਅੰਗਰੇਜ਼ੀ ਡਿਬੇਟ ਸਮੇਂ ਵਿਰੋਧੀ ਧਿਰਾਂ ਨਾਲ ਸਬੰਧਤ ਆਗੂਆਂ ਜਿਵੇਂ ਕੰਜ਼ਰਵੇਟਿਵਜ਼ ਦੇ ਪੈਰੇ ਪੋਲੀਵਰ, ਐੱਨਡੀਪੀ ਦੇ ਜਗਮੀਤ ਸਿੰਘ ਅਤੇ ਬਲਾਕ ਕਿਊਬੈਕ ਦੇ ਬਲਾਂਚੇ ਨੇ ਲਿਬਰਲ ਪ੍ਰਧਾਨ ਮੰਤਰੀ ਮਾਰਕ ਕਾਰਨੇ 'ਤੇ ਤਿੱਖੇ ਹਮਲੇ ਕੀਤੇ ਪਰ ਉਹ ਜ਼ਰਾ ਵੀ ਨਹੀਂ ਥਿੜਕੇ।

ਡਿਬੇਟ ਤੋਂ ਬਾਅਦ ਕਾਰਨੇ ਦੀ ਹਰਮਨ ਪਿਆਰਤਾ ਵਿਚ ਵਾਧਾ ਦਰਜ ਕੀਤਾ ਗਿਆ ਹੈ। ਪੋਲੀਵਰ ਨੇ ਅੰਗਰੇਜ਼ੀ ਡਿਬੇਟ ਦਾ ਇਕ-ਇਕ ਮਿੰਟ ਬਾਖ਼ੂਬੀ ਵਰਤਣ ਤੋਂ ਕੋਈ ਕਸਰ ਬਾਕੀ ਨਹੀਂ ਛੱਡੀ ਤਾਂ ਕਿ ਉਹ ਆਪਣਾ ਗਵਾਚਿਆ ਵੱਕਾਰ ਮੁੜ ਪ੍ਰਾਪਤ ਕਰ ਸਕੇ। ਡਿਬੇਟ ਵਿਚ ਸਭ ਤੋਂ ਵਧੀਆ ਹਮਲਾਵਰ ਭੂਮਿਕਾ ਐੱਨਡੀਪੀ ਆਗੂ ਜਗਮੀਤ ਸਿੰਘ ਨੇ ਨਿਭਾਈ। ਇਹ ਵੱਖਰੀ ਗੱਲ ਹੈ ਉਹ ਤੇ ਉਨ੍ਹਾਂ ਦੀ ਪਾਰਟੀ ਆਪਣਾ ਪਹਿਲਾਂ ਵਾਲਾ ਜਲਵਾ ਕਾਇਮ ਨਾ ਕਰ ਸਕੀ। ਆਖ਼ਰੀ ਸਮੇਂ ਗਰੀਨ ਪਾਰਟੀ ਆਗੂ ਜੋਨਾਥਨ ਪੈਡਨਾਲਟ ਨੂੰ ਡਿਬੇਟ 'ਚੋਂ ਡਿਬੇਟ ਕਮਿਸ਼ਨ ਨੇ ਇਸ ਕਰਕੇ ਲਾਂਭੇ ਕਰ ਦਿੱਤਾ ਕਿਉਂਕਿ ਪਾਰਟੀ ਤਿੰਨ ਸ਼ਰਤਾਂ ਜਿਵੇਂ ਪਾਰਲੀਮੈਂਟ ਭੰਗ ਹੋਣ ਸਮੇਂ ਘੱਟੋ-ਘੱਟ ਇਕ ਸਾਂਸਦ, ਚੋਣਾਂ ਦੇ 28 ਦਿਨ ਪਹਿਲਾਂ 4 ਪ੍ਰਤੀਸ਼ਤ ਵੋਟਰਾਂ ਦੀ ਹਮਾਇਤ ਅਤੇ 90 ਪ੍ਰਤੀਸ਼ਤ ਹਲਕਿਆਂ ਵਿਚ ਉਮੀਦਵਾਰ ਖੜ੍ਹੇ ਕੀਤੇ ਹੋਣ, ਵਿੱਚੋਂ ਆਖ਼ਰੀ ਦੋ ਨਹੀਂ ਸੀ ਪੂਰੀਆਂ ਕਰਦੀ।

ਕੈਨੇਡਾ ਵਿਚ ਰਾਜਨੀਤਕ ਪਾਰਟੀਆਂ ਦੇ ਆਗੂ ਆਖ਼ਰੀ 8 ਜਾਂ 10 ਦਿਨਾਂ ਵਿਚ ਆਖ਼ਰੀ ਲਮਹਿਆਂ ਸਬੰਧੀ ਚੋਣ ਪਲੇਟਫਾਰਮ ਜਾਰੀ ਕਰਦੇ ਹਨ ਜਿਸ ਵਿਚ ਉਨ੍ਹਾਂ ਦੀ ਪਾਰਟੀ ਦਾ ਉਹ ਪ੍ਰੋਗਰਾਮ ਹੁੰਦਾ ਹੈ ਜਿਸ 'ਚ ਅਗਲੇ ਚਾਰ ਸਾਲਾਂ ਦੀਆਂ ਯੋਜਨਾਵਾਂ, ਖ਼ਰਚੇ, ਜਨਤਕ ਹਿਤੂ ਪ੍ਰੋਗਰਾਮ, ਰਾਹਤਾਂ, ਵਿਅਕਤੀਗਤ ਲਾਭਾਂ ਦਾ ਵੇਰਵਾ ਤੇ ਖ਼ਰਚ, ਨਿਵੇਸ਼, ਸਨਅਤ, ਸੁਰੱਖਿਆ ਸਬੰਧੀ ਪ੍ਰੋਗਰਾਮ ਦਰਜ ਹੁੰਦੇ ਹਨ।

ਸਭ ਪਾਰਟੀਆਂ ਤੇ ਆਗੂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਧੋਖਾਧੜੀ, ਟੈਰਿਫ ਅਤੇ 51ਵਾਂ ਸੂਬਾ ਬਣਾਉਣ ਦੇ ਵਿਰੋਧ ਵਿਚ ਇਕਜੁੱਟ ਹਨ। ਕੈਨੇਡਾ ਦਾ 75 ਪ੍ਰਤੀਸ਼ਤ ਵਪਾਰ ਜੋ ਅਮਰੀਕਾ ਨਾਲ ਹੈ, ਦੀ ਥਾਂ ਹੁਣ ਸਮਾਨ ਵਿਚਾਰਾਂ ਵਾਲੇ ਦੇਸ਼ਾਂ ਨਾਲ ਵਪਾਰ ਵਧਾਉਣ, ਆਧੁਨਿਕ ਫ਼ੌਜੀ ਸਾਜ਼ੋ-ਸਾਮਾਨ ਨਾਲ ਫ਼ੌਜ ਨੂੰ ਲੈਸ ਕਰਨ ਅਤੇ ਤਨਖ਼ਾਹਾਂ ਵਿਚ ਵਾਧਾ ਕਰਨ ਵਾਲੇ ਪ੍ਰੋਗਰਾਮਾਂ ਨਾਲ ਸਹਿਮਤ ਹਨ।

ਊਰਜਾ ਉਤਪਾਦਨ ਤੇ ਸਹਿਯੋਗੀ ਦੇਸ਼ਾਂ ਨੂੰ ਸਪਲਾਈ ਵਿਚ ਵਾਧਾ ਕੀਤਾ ਜਾਵੇਗਾ। ਹਾਊਸਿੰਗ ਉਸਾਰੀ ਵਧਾਉਣ ਤੇ ਟੈਕਸ ਕਟੌਤੀਆਂ ਨਾਲ ਸਹਿਮਤ ਹਨ। ਇਸ ਸਮੇਂ ਦੇਸ਼ ਦੀ ਪ੍ਰਭੂਸੱਤਾ, ਇਸ ਦੀ ਸ਼ਾਨਾਂਮਤੀ ਹੋਂਦ ਦੀ ਰਾਖੀ, ਆਰਥਿਕ ਮਜ਼ਬੂਤੀ ਅਤੇ ਟਰੰਪ ਜਿਹੇ ਭਿਆਨਕ ਦੈਂਤ ਨਾਲ ਨਜਿੱਠਣ ਲਈ 28 ਅਪ੍ਰੈਲ ਨੂੰ ਇਕ ਬਹੁਮਤ ਵਾਲੀ ਸਰਕਾਰ ਤੇ ਸਮਰੱਥ ਰਾਜਨੀਤਕ ਆਗੂ ਦੀ ਚੋਣ ਸੂਝਬੂਝ ਨਾਲ ਮਤਦਾਤਾਵਾਂ ਵੱਲੋਂ ਜ਼ਰੂਰੀ ਹੈ। ਵੇਖੋ! ਊਠ ਕਿਸ ਕਰਵਟ ਬੈਠਦਾ ਹੈ।

# ਵਿਸਾਖੀ ਜੋੜ ਮੇਲਾ

Sikh Heritage
BRITISH COLUMBIA

## KHALSA SCHOOL

### ANNUAL VAISAKHI CELEBRATION

**Saturday, APRIL 26, 2025**

**11am to 6pm**

**KHALSA SCHOOL OLD YALE ROAD**

10589 124 ST. SURREY BC





**Nagar Kirtan** · Kirtan Darbar · Gatka · Kavishri ·
**Fun Fair** · Games · Bouncy Castles · Arts & Crafts ·
**Food Stalls** · Pizza · Saag & Makki dI Roti · Pakoray · Chholey Bhaturey · Ice Cream · Cotton Candy & More!

**FAMILY FRIENDLY EVENT - EVERYONE IS WELCOME!**

# ਟਰੰਪ ਨਾਲ ਕਿਵੇਂ ਸਿੱਝੇਗੀ ਦੁਨੀਆ



ਲਿਖਤ : ਸੰਜੈ ਬਾਰੂ

ਡੋਨਲਡ ਟਰੰਪ ਨੇ ਟਾਲਾ ਵੱਟ ਲਿਆ ਹੈ। ਮਾਹਿਰਾਂ ਦਾ ਖ਼ਿਆਲ ਹੈ ਕਿ ਉਸ ਵੱਲੋਂ ਟੈਰਿਫ ਲਈ ਦਿੱਤੀ ਗਈ 90 ਦਿਨਾਂ ਦੀ ਰਾਹਤ ਬੌਂਡ ਮਾਰਕਿਟ ਵਿੱਚ ਵਾਪਰੀਆਂ ਘਟਨਾਵਾਂ ਦਾ ਸਿੱਟਾ ਸੀ ਪਰ ਗੱਲ ਇਹ ਹੈ ਕਿ ਇਹ ਅਨੁਮਾਨ ਲਾਉਣ ਲਾਇਕ ਘਟਨਾਵਾਂ ਸਨ। ਇਹ ਗੱਲ ਅਜੇ ਦੇਖੀ ਜਾਵੇਗੀ ਕਿ ਚੀਨ ਦੇ ਮੁਤੱਲਕ ਰਣਨੀਤੀ ਕਿੰਨੀ ਕੁ ਦੇਰ ਕਾਇਮ ਰਹਿੰਦੀ ਹੈ। ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਸ਼ੁਮਾਰ ਪੰਗਾ ਲੈ ਕੇ ਪਿਛਾਂਹ ਹਟਣ ਵਾਲੇ ਆਗੂਆਂ ਵਿੱਚ ਨਹੀਂ ਹੁੰਦਾ। ਦੁਨੀਆ ਦੇ ਬਾਕੀ ਦੇਸ਼ਾਂ ਨਾਲ ਪੰਗੇ ਤੋਂ ਟਾਲਾ ਵੱਟ ਲੈਣ ਮਗਰੋਂ ਹੁਣ ਟਰੰਪ ਨੂੰ ਚੀਨ ਨਾਲ ਮੁੜ ਰਾਬਤਾ ਬਣਾਉਣ ਦਾ ਰਾਹ ਲੱਭਣ ਦੀ ਲੋੜ ਹੈ ਭਾਵੇਂ ਰਾਬਤੇ ਦੀਆਂ ਸ਼ਰਤਾਂ ਵਿੱਚ ਹੀ ਕੁਝ ਬਦਲਾਓ ਕਿਉਂ ਨਾ ਕਰਨਾ ਪਵੇ।

ਖਲਬਲੀ ਅਜਿਹੀ ਗਲੀ ਹੁੰਦੀ ਜਿਸ ਵਿੱਚ ਜਾਣ ਦਾ ਇੱਕ ਹੀ ਰਸਤਾ ਹੁੰਦਾ ਹੈ ਅਤੇ ਇਸ ਵਿੱਚ ਅਗਾਂਹ ਵਧਣ ਦਾ ਕੋਈ ਖ਼ਾਕਾ ਨਹੀਂ ਹੁੰਦਾ। ਇਹ ਕਹਿਣਾ ਕਿ ਟਰੰਪ ਅਤੇ ਉਸ ਦੇ ਮੁਸ਼ੀਰ ਕੋਈ ਯੋਜਨਾ ਤਿਆਰ ਕਰਨ ਲੱਗੇ ਹੋਏ ਹਨ, ਵਾਹ ਭਲੀ ਉਮੀਦ ਦਾ ਬਿਆਨ ਹੋ ਸਕਦੀ ਹੈ ਅਤੇ ਬਦਤਰੀਨ ਪਹਿਲੂ ਇਹ ਹੈ ਕਿ ਇਹ ਨਿਰਾ ਝੂਠ ਹੈ। ਟਰੰਪ ਦੀ ਖਲਬਲੀ ਦਾ ਦਰਮਿਆਨੇ ਕਾਲ ਦਾ ਅਸਰ ਇਹ ਹੋਵੇਗਾ ਕਿ ਅਸਥਿਰਤਾ ਵਧ ਜਾਵੇਗੀ। ਆਰਥਿਕ ਸਰਗਰਮੀ ਉਮੀਦਾਂ 'ਤੇ ਟਿਕੀ ਹੁੰਦੀ ਹੈ। ਅਸਥਿਰਤਾ ਆਸਾਂ ਨੂੰ ਹਿਲਾ ਦਿੰਦੀ ਹੈ।

ਟਰੰਪ ਵੱਲੋਂ ਐਲਾਨੀ ਗਈ 90 ਦਿਨਾਂ ਦੀ ਰਾਹਤ ਨਾਲ ਅਸਥਿਰਤਾ ਦਾ ਅਰਸਾ ਹੀ ਵਧੇਗਾ; ਇਹ ਕਿਸੇ ਵੀ ਤਰ੍ਹਾਂ ਉਸ ਬੇਯਕੀਨੀ ਨੂੰ ਖ਼ਤਮ ਨਹੀਂ ਕਰ ਸਕੇਗੀ। ਅਗਾਂਹ ਵਧਣ ਦੀ ਭਾਵਨਾ ਦੀ ਥਾਂ ਫ਼ਿਕਰ ਲੈ ਲੈਂਦੇ ਹਨ। ਵੱਖੋ-ਵੱਖਰੇ ਦੇਸ਼ਾਂ ਵੱਲੋਂ ਭਾਵੇਂ ਜੋ ਵੀ ਦਰੁਸਤੀ ਕਦਮ ਲਏ ਜਾਣ ਪਰ ਆਲਮੀ ਮੰਦੀ ਦੇ ਖ਼ਦਸ਼ੇ ਮਜ਼ਬੂਤ ਹੋ ਗਏ ਹਨ। ਆਪਣੀ ਇਸ ਖਲਬਲੀ ਭਰੀ ਟੈਰਿਫ ਨੀਤੀ ਰਾਹੀਂ ਟਰੰਪ ਨੂੰ ਦੋ ਉਦੇਸ਼ ਪੂਰੇ ਹੋਣ ਦੀ ਆਸ ਹੈ। ਪਹਿਲਾ ਹੈ, ਅਮਰੀਕੀ ਨਿਰਮਾਣ ਦੀ ਬਹਾਲੀ, ਜਿਸ ਦੇ ਨਾਲ ਬਲੂ ਕਾਲਰ ਜੌਬਜ਼ (ਫੈਕਟਰੀਆਂ ਤੇ ਵਰਕਸ਼ਾਪਾਂ ਆਦਿ ਵਿੱਚ ਔਜ਼ਾਰਾਂ ਤੇ ਮਸ਼ੀਨਰੀ ਨਾਲ ਕੰਮ ਕਰਨ ਵਾਲੇ ਕਾਮਿਆਂ ਦੀਆਂ ਨੌਕਰੀਆਂ) ਮੁੜ ਹਾਸਿਲ ਕੀਤੀਆਂ ਜਾਣ ਜੋ ਪਿਛਲੇ ਕਈ ਸਾਲਾਂ ਤੋਂ ਘਟਦੀਆਂ ਜਾ ਰਹੀਆਂ ਹਨ।

ਦੂਜਾ, ਚੀਨ ਨੂੰ ਉਸ ਆਲਮੀ ਵਪਾਰਕ ਪ੍ਰਣਾਲੀ ਦਾ ਨਾਜਾਇਜ਼ ਲਾਹਾ ਲੈਣ ਦੀ ਸਜ਼ਾ ਦੇਣਾ ਜਿਸ ਵਿੱਚ ਇਸ ਨੂੰ ਕਰੀਬ ਢਾਈ ਦਹਾਕੇ ਪਹਿਲਾਂ ਅਮਰੀਕਾ ਵੱਲੋਂ ਹੀ ਦਾਖ਼ਲਾ ਦਿਵਾਇਆ ਗਿਆ ਸੀ। ਜਿੱਥੋਂ ਤੱਕ ਟਰੰਪ ਦੇ ਘਰੋਗੀ ਸਿਆਸੀ ਸਮਰਥਨ ਆਧਾਰ ਦਾ ਸਵਾਲ ਹੈ ਤਾਂ ਇਸ ਲਈ ਪਹਿਲਾ ਉਦੇਸ਼ ਕਿਤੇ ਜ਼ਿਆਦਾ ਅਹਿਮ ਹੈ ਅਤੇ ਦੂਜਾ ਦੋਇਮ ਦਰਜੇ ਵਾਲਾ ਹੈ।

ਚੀਨ ਨੂੰ ਸੱਟ ਮਾਰਨ ਨਾਲ ਅਮਰੀਕਾ ਨੂੰ ਕੀ ਮਿਲੇਗਾ ਜੇ ਉਸ ਦੇ ਘਰ ਵਿੱਚ ਹੋਰ ਜ਼ਿਆਦਾ ਨੌਕਰੀਆਂ ਹੀ ਪੈਦਾ ਨਹੀਂ ਹੋਣਗੀਆਂ ਤੇ ਸਿਰਫ਼ ਮਹਿੰਗਾਈ ਹੀ ਵਧੇਗੀ? ਸਮੱਸਿਆ ਇਹ ਹੈ ਕਿ ਟਰੰਪ ਲਈ ਚੀਨ ਨੂੰ ਸੱਟ ਮਾਰ ਕੇ ਕੁਝ ਹੋਰ ਨਿਸ਼ਾਨੇ ਹਾਸਿਲ ਕਰਨ ਨਾਲੋਂ ਘਰੋਗੀ ਅਰਥਚਾਰੇ ਨੂੰ ਸੁਰਜੀਤ ਕਰ ਕੇ ਪਹਿਲਾ ਉਦੇਸ਼ ਹਾਸਿਲ ਕਰਨਾ ਜ਼ਿਆਦਾ ਔਖਾ ਹੋਵੇਗਾ। ਬਿਨਾਂ ਸ਼ੱਕ, ਚੀਨ ਪਹਿਲਾਂ ਹੀ ਦੋ-ਦੋ ਹੱਥ ਕਰਨ ਲਈ ਤਿਆਰ ਬੈਠਾ ਸੀ। ਪਿਛਲੇ ਦੋ ਦਹਾਕਿਆਂ ਤੋਂ ਅਮਰੀਕਾ ਵਿੱਚ ਚੀਨ ਦੀ ਭੂ-ਆਰਥਿਕ ਘੇਰਾਬੰਦੀ ਬਾਰੇ ਜਿੰਨੀਆਂ ਵੀ ਕਿਤਾਬਾਂ ਤੇ ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ, ਉਦੋਂ ਤੋਂ ਹੀ ਚੀਨੀਆਂ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਉਨ੍ਹਾਂ ਨੂੰ ਕਿਹੋ ਜਿਹੀ ਉਮੀਦ ਰੱਖਣੀ ਚਾਹੀਦੀ ਹੈ ਤੇ ਉਸ ਲਈ ਕਿਵੇਂ ਤਿਆਰੀ ਕਰਨੀ ਚਾਹੀਦੀ ਹੈ।

ਕੀ ਅਮਰੀਕਾ ਇਸ ਦਾ ਖਮਿਆਜ਼ਾ ਭੁਗਤਣ ਲਈ ਤਿਆਰ ਹੈ? ਨਿਰਮਾਣਸਾਜ਼ੀ ਨੂੰ ਸੁਰਜੀਤ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਇਸ ਵਿੱਚ ਸਮੇਂ ਦੇ ਖੱਪਿਆਂ ਦੀ ਭਰਪਾਈ ਦਾ ਸਵਾਲ ਵੀ ਜੁੜਿਆ ਹੁੰਦਾ ਹੈ। ਜੇ ਟਰੰਪ ਦੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਲਈ ਕੁਝ ਸਾਲ ਹੋਰ ਇੰਤਜ਼ਾਰ ਕਰਨਾ ਪੈ ਗਿਆ ਤਾਂ ਕੀ ਉਹ ਬੇਚੈਨ ਨਹੀਂ ਹੋ ਜਾਣਗੇ? ਥੋੜ੍ਹ ਚਿਰਾ ਦਰਦ ਅਤੇ ਦੀਰਘ ਕਾਲੀ ਲਾਭ ਸਿਆਸੀ ਤੌਰ 'ਤੇ ਵਾਰਾ ਨਹੀਂ ਖਾਂਦਾ। ਜੇ ਟਰੰਪ ਦੀ ਘਰੋਗੀ ਹਮਾਇਤ ਸੁੰਗੜ ਗਈ ਤਾਂ ਉਸ ਦੀ ਬਾਹਰੀ ਨੀਤੀ ਪ੍ਰਤੀ ਕਿਹੋ ਜਿਹੇ ਹੁੰਗਾਰੇ ਦੀ ਤਵੱਕੋ ਕੀਤੀ ਜਾਣੀ ਚਾਹੀਦੀ ਹੈ? ਇਹ ਤਾਂ ਹੋਰ ਜ਼ਿਆਦਾ ਖਲਬਲੀ ਵਾਲੀ ਗੱਲ ਹੈ।

ਪਿਛਲੇ ਹਫ਼ਤੇ ਬਹੁਤੀ ਆਲਮੀ ਸਮੀਖਿਆ ਵਪਾਰ ਅਤੇ ਟੈਰਿਫ ਦੁਆਲੇ ਹੀ ਘੁੰਮਦੀ ਰਹੀ ਹੈ ਅਤੇ ਮੀਡੀਆ ਵਿੱਚ ਜ਼ਿਆਦਾਤਰ ਕੁਮੈਂਟਰੀ ਅਰਥਸ਼ਾਸਤਰੀ ਹੀ ਕਰ ਰਹੇ ਹਨ। ਜਿਵੇਂ ਜਿਵੇਂ ਇਹ ਗਰਦ ਗੁਬਾਰ ਬੈਠੇਗੀ ਤਾਂ ਭੂ-ਰਾਜਸੀ ਵਿਸ਼ਲੇਸ਼ਕ ਅੱਗੇ ਆ ਕੇ ਸਮਝਾਉਣਗੇ ਕਿ ਟਰੰਪ ਦੀ ਇਸ ਖਲਬਲੀ ਦੇ ਕੌਮਾਂਤਰੀ ਰਿਸ਼ਤਿਆਂ ਲਈ ਕਿਹੋ ਜਿਹੇ ਦੀਰਘਕਾਲੀ ਸਿੱਟੇ ਨਿਕਲਣਗੇ। ਇਨ੍ਹਾਂ 'ਚੋਂ ਵੱਡਾ ਸਿੱਟਾ ਇਹ ਹੋ ਸਕਦਾ ਹੈ ਕਿ ਅਮਰੀਕਾ 'ਤੇ ਆਲਮੀ ਭਰੋਸਾ ਟੁੱਟ ਜਾਵੇ।

ਜੇ ਟਰੰਪ ਆਪਣੇ ਸਾਰੇ ਫ਼ੈਸਲੇ ਤੇ ਬੋਲ-ਕੁਬੋਲ ਵਾਪਸ ਲੈ ਵੀ ਲੈਂਦਾ ਹੈ - ਜਿਸ ਤਰ੍ਹਾਂ ਉਹ ਦਾਅਵਾ ਕਰ ਰਿਹਾ ਹੈ ਕਿ ਦੁਨੀਆ ਭਰ ਦੇ ਆਗੂ ਉਸ ਦੀ ਖ਼ੁਸ਼ਾਮਦ 'ਚ ਲੱਗੇ ਹੋਏ ਹਨ - ਤਾਂ ਵੀ ਸੰਸਾਰ ਦੇ ਕੁਝ ਕੁ ਨੇਤਾ ਹੀ ਭਵਿੱਖ ਵਿੱਚ ਟਰੰਪ ਪ੍ਰਸ਼ਾਸਨ 'ਤੇ ਭਰੋਸਾ ਕਰ ਸਕਣਗੇ।

ਉਨ੍ਹਾਂ ਮੁਲਕਾਂ ਨੂੰ ਦੇਖੋ ਜਿਨ੍ਹਾਂ ਨੂੰ ਟਰੰਪ ਨੇ ਖੁੱਲ੍ਹੇਆਮ ਨਿਸ਼ਾਨਾ ਬਣਾਇਆ ਹੈ ਤੇ ਪ੍ਰਤੱਖ ਤੌਰ 'ਤੇ ਅਮਰੀਕਾ ਤੋਂ ਦੂਰ ਕੀਤਾ ਹੈ। ਇਹ ਮੁਲਕ ਹਨ: ਕੈਨੇਡਾ, ਮੈਕਸਿਕੋ, ਡੈਨਮਾਰਕ, ਦੱਖਣੀ ਅਫ਼ਰੀਕਾ। ਫੇਰ ਉਹ ਦੇਸ਼ ਹਨ ਜਿਨ੍ਹਾਂ ਦੇ ਨੇਤਾ ਟਰੰਪ ਦੀ ਜਨਤਕ ਤੌਰ 'ਤੇ ਆਲੋਚਨਾ ਕਰਨ ਦੀ ਹਿੰਮਤ ਤੇ ਇੱਛਾ ਰੱਖਦੇ ਹਨ - ਬ੍ਰਾਜ਼ੀਲ, ਕੋਲੰਬੀਆ, ਜਰਮਨੀ, ਫਰਾਂਸ, ਸਿੰਗਾਪੁਰ, ਨਾਮੀਬੀਆ, ਆਸਟਰੇਲੀਆ ਤੇ ਹੋਰ। ਇਹ ਵਰਤਾਰਾ, ਹਾਲਾਂਕਿ ਟਰੰਪ ਪ੍ਰਤੀ ਆਲਮੀ ਮਾਯੂਸੀ ਤੇ ਨਾਪਸੰਦਗੀ ਨੂੰ ਪੂਰੀ ਤਰ੍ਹਾਂ ਉਜਾਗਰ ਨਹੀਂ ਕਰਦਾ। ਯੂਰੋਪੀਅਨ ਯੂਨੀਅਨ ਵੰਡੀ ਹੋਈ ਹੈ, ਪਰ ਜ਼ਿਆਦਾਤਰ ਦੇਸ਼ ਹੁਣ ਅਮਰੀਕਾ 'ਤੇ ਯਕੀਨ ਨਹੀਂ ਕਰਦੇ।

ਯੂਰੋਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੌਨ ਡੇਰ ਲੇਯੇਨ ਨੇ ਟਰੰਪ ਵੱਲੋਂ ਫ਼ੈਸਲੇ 'ਤੇ ਅਮਲ ਫਿਲਹਾਲ ਰੋਕਣ ਦਾ ਸਵਾਗਤ ਕੀਤਾ ਹੈ ਅਤੇ ਯੂਰੋਪੀਅਨ ਯੂਨੀਅਨ 'ਚ ਪਹਿਲਾਂ ਨਾਲੋਂ ਵੱਧ ਅੰਦਰੂਨੀ ਵਪਾਰਕ ਤਾਲਮੇਲ ਦਾ ਸੱਦਾ ਦਿੱਤਾ ਹੈ। ਯੂਰੋਪੀਅਨ ਯੂਨੀਅਨ ਚੀਨ ਨਾਲ ਵਪਾਰਕ ਰਿਸ਼ਤੇ ਬਣਾਈ ਰੱਖੇਗੀ ਤੇ ਭਾਰਤ ਅਤੇ ਹੋਰਾਂ ਤੱਕ ਵੀ ਪਹੁੰਚ ਕਰੇਗੀ। ਜਪਾਨ ਜਨਤਕ ਤੌਰ 'ਤੇ ਇੱਕ ਖ਼ਿਨੈਕਾਰ ਵਜੋਂ ਵਿਚਰਦਾ ਨਜ਼ਰ ਆਇਆ ਹੈ ਜਿਸ ਤੋਂ ਲੱਗਾ ਕਿ ਸਿਆਸੀ ਤੌਰ 'ਤੇ ਇਸ ਦੀ ਅਗਵਾਈ ਇੱਕ ਕਮਜ਼ੋਰ ਪ੍ਰਧਾਨ ਮੰਤਰੀ ਕਰ ਰਿਹਾ ਹੈ ਪਰ ਅਮਰੀਕੀ ਬੌਂਡ ਮਾਰਕਿਟ 'ਚ ਆਪਣੀ ਵਿਕਰੀ ਵਧਾ ਕੇ ਇਸ ਨੇ ਸ਼ਾਇਦ 90 ਦਿਨਾਂ ਦੀ ਰਾਹਤ ਤੋਂ ਲਾਹਾ ਲੈਣ ਦਾ ਮੌਕਾ ਖ਼ਰਾਬ ਕਰ ਲਿਆ ਹੈ। ਜਪਾਨ ਹੁਣ ਚੀਨ ਨਾਲ ਆਪਣੇ ਵਪਾਰਕ ਰਿਸ਼ਤੇ ਸਥਿਰ ਕਰਨ ਦੀ ਕੋਸ਼ਿਸ਼ ਕਰੇਗਾ।

ਭਾਰਤ ਦੀ ਰਾਜਨੀਤਕ ਲੀਡਰਸ਼ਿਪ ਬਹੁਤ ਸਾਵਧਾਨੀ ਨਾਲ ਅੱਗੇ ਵਧ ਰਹੀ ਹੈ। ਇਹ ਇਸ ਗੱਲੋਂ ਖ਼ੁਸ਼ ਹੈ ਕਿ ਟਰੰਪ ਦੇ ਹੱਲੇ ਦਾ ਕੇਂਦਰ ਚੀਨ ਹੈ। ਇਸ ਨੂੰ ਆਸ ਹੈ ਕਿ ਹੋਰ ਖ਼ਰੀਦ ਦੀ ਪੇਸ਼ਕਸ਼ ਕਰ ਕੇ ਟਰੰਪ ਨਾਲ ਸੌਦਾ ਸਿਰੇ ਚੜ੍ਹੇਗਾ ਜਿਸ 'ਚ ਹੋਰ ਰੱਖਿਆ ਉਪਕਰਨ ਖਰੀਦਣਾ ਵੀ ਸ਼ਾਮਿਲ ਹੈ। ਫਿਰ ਵੀ, ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਰੰਪ ਨਾਲ ਗੱਲ ਕਰਨ ਲੱਗਿਆਂ ਅੱਜ ਵੀ ਓਨਾ ਹੀ ਸਹਿਜ ਮਹਿਸੂਸ ਕਰਦੇ ਹਨ, ਜਿੰਨਾ ਉਸ ਦੇ ਪਹਿਲੇ ਕਾਰਜਕਾਲ ਦੌਰਾਨ ਕਰਦੇ ਸਨ? ਆਖ਼ਿਰਕਾਰ, ਟਰੰਪ ਨੇ ਸਿੱਧੇ ਤੌਰ 'ਤੇ ਉਨ੍ਹਾਂ ਨੂੰ ਠਿੱਬੀ ਲਾਈ ਹੈ ਤੇ ਕਈ ਵਾਰ ਭਾਰਤ ਦਾ ਨਾਂ ਲੈਂਦੇ ਹੋਏ ਬਹੁਤੀ ਦੋਸਤਾਨਾ ਸੁਰ ਵਿੱਚ ਗੱਲ ਨਹੀਂ ਕੀਤੀ।

ਭਾਰਤੀ ਕੁਲੀਨਾਂ ਦੇ ਵੱਡੇ ਵਰਗ, ਮੀਡੀਆ ਤੇ ਸਿਆਸੀ ਜਮਾਤ ਨੇ ਭਾਵੇਂ ਭਾਰਤ ਬਾਰੇ ਟਰੰਪ ਦੇ ਕੁਬੋਲਾਂ ਨੂੰ ਜ਼ਿਆਦਾ ਤਵੱਜੋ ਨਹੀਂ ਦਿੱਤੀ ਤੇ ਕੁਝ ਨੇ ਇਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਵੀ ਕੀਤੀ, ਫਿਰ ਵੀ ਮੋਦੀ ਵਰਗਾ ਸਿਆਸੀ ਆਗੂ, ਆਪਣੀ ਪਛਾਣ ਤੇ ਹਉਮੈ ਕਰ ਕੇ ਵਾਰ-ਵਾਰ ਤੌਹੀਨ ਹੋਣ 'ਤੇ ਅੰਦਰੋ-ਅੰਦਰੀ ਤਾਂ ਜ਼ਰੂਰ ਕੁੜ੍ਹਿਆ ਹੋਵੇਗਾ।

ਅਮਰੀਕਾ ਤੇ ਭਾਰਤ ਦੇ ਕਈ ਹਿੱਤ ਸਾਂਝੇ ਹਨ ਅਤੇ ਭਾਰਤ ਇਸ ਰਣਨੀਤਕ ਭਾਈਵਾਲੀ ਨੂੰ ਸਥਿਰ ਤੇ ਕਾਇਮ ਰੱਖਣਾ ਚਾਹੇਗਾ। ਹਾਲਾਂਕਿ, ਕੋਈ ਵੀ ਭਾਰਤੀ ਨੇਤਾ ਟਰੰਪ ਅੱਗੇ ਉਸ ਢੰਗ ਨਾਲ ਵਿਚਾਰਾ ਬਣਿਆ ਨਹੀਂ ਦਿਸਣਾ ਚਾਹੇਗਾ ਜਿਵੇਂ ਜਪਾਨ ਦਾ ਸ਼ਿਗੇਰੂ ਇਸ਼ਿਬਾ ਬਣਿਆ ਹੈ, ਜਾਂ ਇਟਲੀ ਦੀ ਜੌਰਜੀਆ ਮੇਲੋਨੀ ਬਣਨ ਦੀ ਇੱਛਾ ਰੱਖਦੀ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਚੁੱਪ ਹਾਲੇ ਤੱਕ, ਸ਼ਾਇਦ ਦੁਵੱਲੇ ਵਪਾਰ ਸੌਦੇ 'ਤੇ ਅਗਲੀ ਕਾਰਵਾਈ ਦੇ ਹੋਰ ਸੰਕੇਤਾਂ ਦੀ ਉਡੀਕ ਕਰ ਰਹੀ ਹੈ, ਜਿਸ ਕਰ ਕੇ ਹੋਰਨਾਂ ਨੂੰ 'ਗਲੋਬਲ ਸਾਊਥ ਦੀ ਆਵਾਜ਼' ਬਣਨ ਦਾ ਖੁੱਲ੍ਹਾ ਮੌਕਾ ਮਿਲ ਗਿਆ ਹੈ। ਚੀਨ ਸਪੱਸ਼ਟ ਤੌਰ 'ਤੇ ਅੱਗੇ ਆ ਕੇ ਗਲੋਬਲ ਸਾਊਥ ਦੀ ਆਵਾਜ਼ ਬੁਲੰਦ ਕਰ ਰਿਹਾ ਹੈ, ਆਲਮੀ ਵਪਾਰ ਦੀ ਉਥਲ-ਪੁਥਲ ਵਿਰੁੱਧ ਵਿਕਾਸਸ਼ੀਲ ਅਰਥਚਾਰਿਆਂ ਨਾਲ ਇਕਜੁੱਟਤਾ ਜ਼ਾਹਿਰ ਕਰ ਰਿਹਾ ਹੈ, ਉਸ ਨੇ ਭਾਰਤ ਨੂੰ ਵੀ ਨਾਲ ਰਲਣ ਦਾ ਸੱਦਾ ਦਿੱਤਾ ਹੈ ਅਤੇ ਇਸ ਤਰ੍ਹਾਂ ਵਿਕਾਸਸ਼ੀਲ ਅਰਥਚਾਰਿਆਂ ਦੀਆਂ ਚਿੰਤਾਵਾਂ ਨੂੰ ਪ੍ਰਗਟ ਕਰ ਰਿਹਾ ਹੈ। ਬ੍ਰਾਜ਼ੀਲ ਤੇ ਦੱਖਣੀ ਅਫ਼ਰੀਕਾ ਦੇ ਆਗੂਆਂ ਨੇ ਬਾਕੀ ਵਿਕਾਸਸ਼ੀਲ ਦੇਸ਼ਾਂ ਨਾਲ ਇਕਜੁੱਟਤਾ ਜ਼ਾਹਿਰ ਕੀਤੀ ਹੈ। ਫਿਲਹਾਲ ਗਲੋਬਲ ਸਾਊਥ ਨੂੰ ਭਾਰਤ ਦੀ ਆਵਾਜ਼ ਦੀ ਉਡੀਕ ਹੈ।

---

# ਸੋਚ ਨੂੰ ਖੰਭ ਲਾਉਂਦੀਆਂ ਨੇ ਕਿਤਾਬਾਂ

ਲਿਖਤ : ਅਮਰੀਕ ਸਿੰਘ ਦਿਆਲ, ਮੋਬਾਈਲ : 94638-51568

ਵਿਸ਼ਵ ਪੁਸਤਕ ਦਿਵਸ ਹਰ ਵਰ੍ਹੇ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਆਲਮੀ ਪੱਧਰ 'ਤੇ ਪੁਸਤਕ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਇਸ ਦੀ ਸ਼ੁਰੂਆਤ 23 ਅਪ੍ਰੈਲ 1995 ਨੂੰ ਕੀਤੀ ਗਈ ਸੀ। ਯੂਨੈਸਕੋ ਹਰ ਵਰ੍ਹੇ ਇਸ ਦਿਨ ਕਿਸੇ ਇਕ ਦੇਸ਼ ਦੇ ਸ਼ਹਿਰ ਨੂੰ 'ਯੂਨੈਸਕੋ ਵਿਸ਼ਵ ਪੁਸਤਕ ਰਾਜਧਾਨੀ' ਦਾ ਦਰਜਾ ਪ੍ਰਦਾਨ ਕਰਦਾ ਹੈ ਜੋ ਅਗਲੇ ਸਾਲ 22 ਅਪ੍ਰੈਲ ਭਾਵ ਇਕ ਸਾਲ ਲਈ ਹੁੰਦਾ ਹੈ। ਸੰਨ 2005 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਇਹ ਮਾਣ ਮਿਲਿਆ ਸੀ। ਇਹ ਦਿਵਸ ਪੂਰੀ ਦੁਨੀਆ ਵਿਚ ਪੁਸਤਕ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਣ ਲੱਗ ਪਿਆ ਹੈ। ਪੁਸਤਕਾਂ ਜਿੱਥੇ ਸਾਡੇ ਗਿਆਨ ਵਿਚ ਅਥਾਹ ਵਾਧਾ ਕਰਦੀਆਂ ਹਨ, ਉੱਥੇ ਹੀ ਇਹ ਸਾਡੀਆਂ ਸੱਚੀਆਂ ਮਿੱਤਰ ਵੀ ਹਨ। ਪੁਸਤਕ ਪੜ੍ਹਨ ਵੇਲੇ ਮਨੁੱਖ ਇਕੱਲਾ ਨਹੀਂ ਹੁੰਦਾ ਕਿਉਂਕਿ ਪੁਸਤਕ ਤੁਹਾਨੂੰ ਇਕੱਲਾਪਨ ਮਹਿਸੂਸ ਹੀ ਨਹੀਂ ਹੋਣ ਦਿੰਦੀ। ਪਸੁਤਕਾਂ ਪੜ੍ਹਨ ਵਾਲਾ ਸਿਰਫ਼ ਆਪਣੀ ਹੀ ਨਹੀਂ ਸਗੋਂ ਕਈ ਜ਼ਿੰਦਗੀਆਂ ਗੁਜ਼ਾਰ ਲੈਂਦਾ ਹੈ। ਕਿਤਾਬਾਂ ਸਾਡਾ ਮਾਰਗਦਰਸ਼ਨ ਕਰਦੀਆਂ ਹਨ।

ਇਨ੍ਹਾਂ ਨਾਲ ਸਾਡਾ ਨਾਤਾ ਬਚਪਨ ਤੋਂ ਹੀ ਜੁੜ ਜਾਂਦਾ ਹੈ ਪਰ ਅਫ਼ਸੋਸ ਇਹ ਹੈ ਕਿ ਇਹ ਨਾਤਾ ਸਿਲੇਬਸ ਦੇ ਰਟਣ ਉਪਰੰਤ ਪ੍ਰੀਖਿਆ ਪਾਸ ਕਰਨ ਤੱਕ ਸੀਮਤ ਰਹਿ ਜਾਂਦਾ ਹੈ। ਸਾਡੇ ਦੇਸ਼ ਵਿਚ ਕਿਤਾਬਾਂ ਪੜ੍ਹਨ ਦਾ ਅਰਥ ਪ੍ਰੀਖਿਆ ਪਾਸ ਕਰਨਾ ਹੀ ਸਮਝਿਆ ਜਾਂਦਾ ਹੈ।

ਅਜਿਹਾ ਹੋਣ ਕਾਰਨ ਪੱਛਮੀ ਦੇਸ਼ਾਂ ਦੇ ਮੁਕਾਬਲੇ ਅਸੀਂ ਪੁਸਤਕ ਸੱਭਿਆਚਾਰ ਪੈਦਾ ਨਹੀਂ ਕਰ ਸਕੇ। ਇਹ ਗੱਲ ਆਮ ਦੇਖਣ ਵਿਚ ਆਈ ਹੈ ਕਿ ਅਸੀਂ ਬਾਲ ਸਾਹਿਤ ਦੇ ਖੇਤਰ ਨੂੰ ਓਨੀ ਤਵੱਜੋ ਨਹੀਂ ਦਿੱਤੀ ਜਿੰਨੀ ਇਸ ਦੀ ਲੋੜ ਹੈ। ਅਸੀਂ ਕਿਤਾਬਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾ ਸਕੇ। ਪੱਛਮੀ ਮੁਲਕਾਂ ਵਿਚ ਲੋਕ ਕਿਤਾਬਾਂ ਪੜ੍ਹਨ ਲਈ ਸਮਾਂ ਕੱਢਦੇ ਹਨ ਤੇ ਵਿਸ਼ੇਸ਼ ਮੌਕਿਆਂ 'ਤੇ ਸੌਗਾਤ ਦੇ ਰੂਪ ਵਿਚ ਕਿਤਾਬਾਂ ਭੇਟ ਕਰਦੇ ਹਨ।

ਜੇ ਪੰਜਾਬੀਆਂ ਦੀ ਗੱਲ ਕਰੀਏ ਤਾਂ ਇਹ ਚੰਗਾ ਖਾਂਦੇ-ਪੀਂਦੇ ਹਨ, ਚੰਗਾ ਹੰਢਾਉਂਦੇ ਹਨ, ਘੁੰਮਣ-ਫਿਰਨ 'ਤੇ ਚੋਖਾ ਖ਼ਰਚਦੇ ਹਨ ਪਰ ਕਿਤਾਬਾਂ ਨੂੰ ਆਪਣੇ ਜੀਵਨ ਦਾ ਹਿੱਸਾ ਨਹੀਂ ਬਣਾਇਆ। ਇਸ ਦੇ ਮੁਕਾਬਲੇ ਬੰਗਾਲੀ ਪੁਸਤਕਾਂ ਨਾਲ ਅੰਤਾਂ ਦਾ ਮੋਹ ਕਰਦੇ ਹਨ। ਉਹ ਕਹਿੰਦੇ ਹਨ ਕਿ ਪੁਸਤਕਾਂ ਗਿਆਨ ਦਾ ਸਭ ਤੋਂ ਵੱਡਾ ਸਰੋਤ ਹੁੰਦੀਆਂ ਹਨ। ਦਿਲਾਂ ਤੇ ਦਿਮਾਗਾਂ 'ਚ ਲਟਕਦੇ ਜਾਲਿਆਂ ਨੂੰ ਸਾਫ਼ ਕਰਦੀਆਂ ਹਨ। ਅਮੀਰ ਕਿਤਾਬ ਸੱਭਿਆਚਾਰ ਕਾਰਨ ਹੀ ਭਾਰਤ ਦਾ ਪਹਿਲਾ ਨੋਬਲ ਵਿਜੇਤਾ ਬੰਗਾਲੀ ਬਣਿਆ। ਕੋਲਕਾਤਾ ਦੇ ਬਾਜ਼ਾਰਾਂ ਵਿਚ ਵੱਡੇ-ਵੱਡੇ ਕਿਤਾਬਘਰ ਬੰਗਾਲੀਆਂ ਦੇ ਪੜ੍ਹਨ-ਲਿਖਣ ਦੀ ਰੁਚੀ ਨੂੰ ਦਰਸਾਉਂਦੇ ਹਨ। ਇਕ ਵਿਦਵਾਨ ਦਾ ਕਥਨ ਹੈ ਕਿ ਚੰਗੇ ਲੋਕ ਤੇ ਚੰਗੀਆਂ ਕਿਤਾਬਾਂ ਸਾਡਾ ਰਾਹ-ਦਸੇਰਾ ਹੁੰਦੀਆਂ ਹਨ। ਇਹ ਸਾਡੀ ਉਂਗਲ ਫੜ ਕੇ ਸਾਨੂੰ ਮਿੱਥੀ ਹੋਈ ਮੰਜ਼ਿਲ ਵੱਲ ਤੋਰਦੀਆਂ ਹਨ। ਇਕ ਅਮਰੀਕੀ ਲੇਖਕ ਦਾ ਵਿਚਾਰ ਹੈ ਕਿ ਧਨੀ ਲੋਕਾਂ ਕੋਲ ਵੱਡੀ ਲਾਇਬ੍ਰੇਰੀ ਅਤੇ ਛੋਟਾ ਟੀਵੀ ਹੁੰਦਾ ਹੈ ਤੇ ਗ਼ਰੀਬ ਲੋਕਾਂ ਕੋਲ ਵੱਡਾ ਟੀਵੀ ਤੇ ਲਾਇਬ੍ਰੇਰੀ ਛੋਟੀ ਹੁੰਦੀ ਹੈ। ਜਿਵੇਂ ਸਰੀਰਕ ਸਿਹਤ ਲਈ ਚੰਗੀ ਖ਼ੁਰਾਕ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਮਾਨਸਿਕ ਸਿਹਤ ਲਈ ਚੰਗੀਆਂ ਪੁਸਤਕਾਂ ਰੂਹ ਦੀ ਖ਼ੁਰਾਕ ਦਾ ਕੰਮ ਕਰਦੀਆਂ ਹਨ।

ਜੇਕਰ ਸਕੂਲ ਪੱਧਰ ਦੀ ਗੱਲ ਕਰੀਏ ਤਾਂ ਇਸ ਉਮਰੇ ਬੱਚਿਆਂ ਦੇ ਹੱਥ ਵਿਚ ਸਿਲੇਬਸ ਤੋਂ ਬਾਹਰਲੀਆਂ ਦਿਲਚਸਪ ਕਿਤਾਬਾਂ ਜ਼ਰੂਰ ਫੜਾਈਆਂ ਜਾ ਸਕਦੀਆਂ ਹਨ ਬਸ਼ਰਤੇ ਕਿ ਇਸ ਪ੍ਰਤੀ ਸੰਜੀਦਗੀ ਹੋਵੇ। ਸਕੂਲ ਪੱਧਰ 'ਤੇ ਲਾਇਬ੍ਰੇਰੀ ਲਈ ਪੀਰੀਅਡ ਰਾਖਵੇਂ ਰੱਖੇ ਜਾਣ। ਵਿਦਿਆਰਥੀਆਂ ਦੀ ਦਿਲਚਸਪੀ ਅਨੁਸਾਰ ਕਿਤਾਬਾਂ ਉਪਲਬਧ ਕਰਵਾਈਆਂ ਜਾਣ ਅਤੇ ਸਿਲੇਬਸ ਦਾ ਬੋਝ ਘੱਟ ਕੀਤਾ ਜਾਵੇ।

ਸਾਲਾਨਾ ਮੈਗਜ਼ੀਨ ਛਾਪਣ ਦਾ ਉਪਬੰਧ ਹੋਵੇ। ਨੌਜਵਾਨ ਵਰਗ ਦੀਆਂ ਸਮੱਸਿਆਵਾਂ ਅਕਸਰ ਬਚਪਨ 'ਚੋਂ ਉਪਜਦੀਆਂ ਹਨ। ਸਾਹਿਤ ਸ਼ਖ਼ਸੀਅਤ ਦੇ ਚਮੁੱਖੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਅਤੇ ਜ਼ਿੰਦਗੀ ਜਿਊਣ ਦੇ ਨਜ਼ਰੀਏ ਨੂੰ ਹਾਂ-ਪੱਖੀ ਬਣਾਉਂਦਾ ਹੈ। ਅਜੋਕੇ ਦੌਰ ਵਿਚ ਭਾਵੇਂ ਇੰਟਰਨੈੱਟ ਰਾਹੀਂ ਈ-ਕਿਤਾਬਾਂ ਪ੍ਰਾਪਤ ਹੋ ਜਾਂਦੀਆਂ ਹਨ ਪਰ ਇਹ ਕਿਤਾਬਾਂ ਦੀ ਥਾਂ ਨਹੀਂ ਲੈ ਸਕਦੀਆਂ।

ਹੱਥ ਵਿਚ ਕਿਤਾਬ ਫੜ ਕੇ ਪੜ੍ਹਨ ਦਾ ਵੱਖਰਾ ਹੀ ਆਨੰਦ ਹੈ। ਤੁਹਾਡੇ ਘਰ ਦੀ ਲਾਇਬ੍ਰੇਰੀ ਵਿਚ ਕਿਤਾਬਾਂ ਬੋਲਦੀਆਂ ਹਨ। ਕੋਰੋਨਾ ਵਾਇਰਸ ਦੇ ਪ੍ਰਕੋਪ ਦੇ ਚੱਲਦਿਆਂ ਤਾਲਾਬੰਦੀ ਦੇ ਦਿਨਾਂ ਵਿਚ ਬਹੁ-ਗਿਣਤੀ ਲੋਕਾਂ ਦੀ ਕਿਤਾਬਾਂ ਨਾਲ ਸਾਂਝ ਬਣੀ। ਕਿਤਾਬਾਂ ਸਾਨੂੰ ਗਿਆਨ ਦੇ ਡੂੰਘੇ ਸਮੁੰਦਰ ਵਿਚ ਲੈ ਕੇ ਜਾਂਦੀਆਂ ਹਨ।

ਆਨੰਦ ਪ੍ਰਦਾਨ ਕਰਦੀਆਂ ਹਨ ਅਤੇ ਨਿਰਾਸ਼ਾ ਦੇ ਡੂੰਘੇ ਆਲਮ ਵਿੱਚੋਂ ਕੱਢਦੀਆਂ ਹਨ। ਮੇਰੇ ਇਕ ਸਹਿਕਰਮੀ ਦੋਸਤ ਨੇ ਪ੍ਰੇਰਨਾਦਾਇਕ ਪੁਸਤਕਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਜੋ ਆਨੰਦ ਦਾ ਅਨੁਭਵ ਉਸ ਨੇ ਕੀਤਾ, ਉਹ ਅਕਸਰ ਮੇਰੇ ਨਾਲ ਸਾਂਝਾ ਕਰਦਾ ਰਹਿੰਦਾ ਹੈ।ਉਸ ਨੇ ਇਹ ਮਹਿਸੂਸ ਕੀਤਾ ਕਿ ਕਿਤਾਬਾਂ ਸਾਡੀ ਮਹਾਨ ਲੋਕਾਂ ਨਾਲ ਵਾਕਫ਼ੀਅਤ ਕਰਵਾਉਂਦੀਆਂ ਹੋਈਆਂ ਪੂਰੀ ਦੁਨੀਆ ਦੀ ਸੈਰ ਕਰਵਾ ਦਿੰਦੀਆਂ ਹਨ। ਹੁਣ ਉਸ ਦਾ ਤਾਉਮਰ ਲਈ ਕਿਤਾਬਾਂ ਨਾਲ ਰਿਸ਼ਤਾ ਬਣ ਗਿਆ ਹੈ। ਇਹ ਸੰਤੁਲਿਤ ਸ਼ਖ਼ਸੀਅਤ ਦੇ ਵਿਕਾਸ ਵਿਚ ਸਹਾਈ ਹੁੰਦੀਆਂ ਹਨ। ਬਹੁਤ ਸਾਰੇ ਮਹਾਨ ਲੋਕਾਂ ਦੀ ਕਾਮਯਾਬੀ ਪਿੱਛੇ ਕਿਤਾਬਾਂ ਦੀ ਅਹਿਮ ਭੂਮਿਕਾ ਰਹੀ ਹੈ। ਕਿਸੇ ਨੇ ਸੱਚ ਹੀ ਕਿਹਾ ਹੈ, ''ਜੇ ਪੂਰਾ ਕਰਨਾ ਖ਼ਾਬਾਂ ਨੂੰ ਤਾਂ ਰੱਖਿਓ ਨਾਲ ਕਿਤਾਬਾਂ ਨੂੰ''। ਸੋ ਆਓ! ਸਾਰੇ ਇਸ ਦਿਵਸ ਮੌਕੇ ਅਹਿਦ ਕਰਦੇ ਹੋਏ ਪੁਸਤਕਾਂ ਨਾਲ ਸਾਂਝ ਪਾ ਕੇ ਨਰੋਏ ਸਮਾਜ ਦੀ ਸਿਰਜਣਾ ਵਿਚ ਆਪੋ-ਆਪਣਾ ਬਣਦਾ ਹਿੱਸਾ ਪਾਈਏ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਗੀਤਕਾਰ ਤੇ ਗ਼ਜ਼ਲਗੋ ਚਾਨਣ ਗੋਬਿੰਦਪੁਰੀ ਦੀ ਬੇਟੀ ਉਰਮਿਲ ਪ੍ਰਕਾਸ਼ ਨਾਲ ਰੂ-ਬ-ਰੂ



ਟੋਰਾਂਟੋ, (ਡਾ. ਸੁਖਦੇਵ ਸਿੰਘ ਝੰਡ) ਬੀਤੇ ਦਿਨੀਂ ਕੈਨੇਡੀਆਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਪੰਜਾਬੀ ਦੇ ਉੱਘੇ ਗੀਤਕਾਰ ਤੇ ਗ਼ਜ਼ਲਗੋ ਚਾਨਣ ਗੋਬਿੰਦਪੁਰੀ ਦੀ ਸਪੁੱਤਰੀ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਤੇ ਗੀਤਕਾਰੀ ਬਾਰੇ ਰਚਾਏ ਗਏ ਰੂ-ਬਰੂ ਦੌਰਾਨ ਉਨ੍ਹਾਂ ਨਾਲ ਖੁੱਲ੍ਹੀਆਂ ਗੱਲਾਂ-ਬਾਤਾਂ ਹੋਈਆਂ। ਇਹ ਸਮਾਗ਼ਮ ਵਿਸਾਖੀ ਦੇ ਸ਼ੁਭ ਦਿਹਾੜੇ ਤੇ ਖਾਲਸਾ ਹੈਰੀਟੇਜ ਮੰਥ ਨੂੰ ਸਮੱਰਪਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਉਰਮਿਲ ਪ੍ਰਕਾਸ਼ ਦੇ ਨਾਲ ਕੰਮਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਤੇ ਮੀਤਾ ਖੰਨਾ ਸੁਸ਼ੋਭਿਤ ਸਨ।

ਸਮਾਗ਼ਮ ਦੀ ਸ਼ੁਰੂਆਤ ਇਕਬਾਲ ਬਰਾੜ ਵੱਲੋਂ ਚਾਨਣ ਗੋਬਿੰਦਪੁਰੀ ਦੇ ਲਿਖੇ ਹੋਏ ਗੀਤ 'ਟੁੱਟ ਗਈ ਤੜੱਕ ਕਰਕੇ' ਦੇ ਗਾਇਨ ਨਾਲ ਕਰਨ ਤੋਂ ਬਾਅਦ ਮੰਚ-ਸੰਚਾਲਕ ਡਾ. ਜਗਮੋਹਨ ਸਿੰਘ ਸੰਘਾ ਨੇ ਮਲੂਕ ਸਿੰਘ ਕਾਹਲੋਂ ਨੂੰ ਆਏ ਮਹਿਮਾਨਾਂ, ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਨੂੰ 'ਜੀ-ਆਇਆਂ' ਕਹਿਣ ਲਈ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਚਾਨਣ ਗੋਬਿੰਦਪੁਰੀ ਬਾਰੇ ਦੱਸਦਿਆਂ ਹੋਇਆਂ ਕਿਹਾ ਕਿ ਉਹ ਇਕ ਮਹਾਨ ਗੀਤਕਾਰ ਤੇ ਗ਼ਜ਼ਲਗੋ ਸਨ ਪਰ ਅਫ਼ਸੋਸ ਦੀ ਗੱਲ ਹੈ ਕਿ ਲੋਕ ਹੁਣ ਉਨ੍ਹਾਂ ਵੱਲੋਂ ਪੰਜਾਬੀ ਬੋਲੀ ਲਈ ਪਾਏ ਗਏ ਯੋਗਦਾਨ ਨੂੰ ਭੁੱਲਦੇ ਜਾ ਰਹੇ ਹਨ। ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਖਾਲਸੇ ਦੀ ਸਿਰਜਣਾ ਅਤੇ ਖਾਲਸਾ ਹੈਰੀਟੇਜ ਮੰਥ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰੋ. ਤਲਵਿੰਦਰ ਮੰਡ ਨੇ ਫ਼ਰਵਰੀ ਮਹੀਨੇ ਦੌਰਾਨ ਲਹਿੰਦੇ ਪੰਜਾਬ ਦੀ ਯਾਤਰਾ ਬਾਰੇ ਸੰਖੇਪ ਵਿੱਚ ਗੱਲ ਕਰਦਿਆਂ ਦੱਸਿਆ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਜਨਮ-ਅਸਥਾਨ ਦੇ ਪਿੰਡ ਬੰਗਾ ਚੱਕ ਨੰਬਰ 105 ਦੇ ਸਰਕਾਰੀ ਪ੍ਰਾਇਮਰੀ ਸਕੂਲ ਜਿੱਥੇ ਉਨ੍ਹਾਂ ਨੇ ਚੌਥੀ ਜਮਾਤ ਤੱਕ ਪੜ੍ਹਾਈ ਕੀਤੀ, ਦੀ ਹਾਲਤ ਅੱਜਕੱਲ੍ਹ ਬੜੀ ਖ਼ਸਤਾ ਹੈ ਅਤੇ ਉੱਥੇ ਹੁਣ ਗ਼ਰੀਬ ਮਾਪਿਆਂ ਦੇ ਬੱਚੇ ਹੀ ਪੜ੍ਹਦੇ ਹਨ। ਸ਼੍ਰੀਮਤੀ ਉਰਮਿਲ ਪ੍ਰਕਾਸ਼ ਨੇ ਆਪਣੇ ਬਾਪ ਚਾਨਣ ਗੋਬਿੰਦਪੁਰੀ ਬਾਰੇ ਗੱਲ ਕਰਦਿਆਂ ਹੋਇਆਂ ਕਿਹਾ ਕਿ ਮਾਪਿਆਂ ਵੱਲੋਂ ਦਿੱਤਾ ਗਿਆ ਉਨ੍ਹਾਂ ਦਾ ਨਾਂ ਚਾਨਣ ਰਾਮ ਕਲੇਰ ਸੀ। ਉਨ੍ਹਾਂ ਦਾ ਜਨਮ ਬੰਗਿਆਂ ਦੇ ਨੇੜਲੇ ਪਿੰਡ ਗੋਬਿੰਦਪੁਰਾ ਵਿੱਚ 5 ਫ਼ਰਵਰੀ 1924 ਵਿੱਚ ਹੋਇਆ ਤੇ 29 ਜਨਵਰੀ 2006 ਵਿੱਚ ਉਹ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੱਸਿਆ ਕਿ ਸਮਾਗ਼ਮ ਦੇ ਆਰੰਭ ਵਿੱਚ ਇਕਬਾਲ ਬਰਾੜ ਵੱਲੋਂ ਗਾਇਆ ਗਿਆ ਗੀਤ 'ਟੁੱਟ ਗਈ ਤੜੱਕ ਕਰਕੇ' ਉਨ੍ਹਾਂ ਵੱਲੋਂ 1943 ਵਿੱਚ ਰਿਕਾਰਡ ਕਰਵਾਇਆ ਗਿਆ। ਉਨ੍ਹਾਂ ਦੇ ਲਿਖੇ ਗੀਤ ਆਲਮ ਲੋਹਾਰ, ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਤ੍ਰਿਲੋਕ ਕਪੂਰ, ਗੁਰਦਾਸ ਮਾਨ ਤੇ ਕਈ ਹੋਰ ਗਾਇਕਾਂ ਵੱਲੋਂ ਗਾਏ ਗਏ। ਉਨ੍ਹਾਂ ਕਿਹਾ ਕਿ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਗਾਇਕਾਂ ਨੂੰ ਤਾਂ ਯਾਦ ਰੱਖਦੇ ਹਾਂ ਪਰ ਗੀਤਕਾਰਾਂ ਨੂੰ ਭੁੱਲ ਜਾਂਦੇ ਹਾਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਗੀਤਾਂ ਦੀ ਪਹਿਲੀ ਕਿਤਾਬ 'ਗੁਲਜ਼ਾਰ-ਏ-ਗ਼ਜ਼ਲ' 1966 ਵਿੱਚ ਛਪੀ। ਉਹ 'ਦਾਗ਼ ਸਕੂਲ' ਦੀ ਆਖ਼ਰੀ ਨਿਸ਼ਾਨੀ ਸਨ। ਉਨ੍ਹਾਂ ਨੇ ਸਰੋਤਿਆਂ ਨਾਲ ਆਪਣੇ ਬਾਪ ਦੀ ਯਾਦ ਵਿੱਚ ਬਣਾਏ ਗਏ 'ਚਾਨਣ ਗੋਬਿੰਦਪੁਰੀ ਟਰੱਸਟ' ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਜਿਸ ਦੇ ਵੱਲੋਂ ਹਰ ਸਾਲ ਉੱਭਰਦੇ ਗ਼ਜ਼ਲਗੋ ਨੂੰ 'ਚਾਨਣ ਗੋਬਿੰਦਪੁਰੀ ਐਵਾਰਡ' ਪ੍ਰਦਾਨ ਕੀਤਾ ਜਾਂਦਾ ਹੈ। ਡਾ. ਜਗਮੋਹਨ ਸੰਘਾ, ਡਾ. ਹਰਕੰਵਲ ਕੋਰਪਾਲ, ਮੀਤਾ ਖੰਨਾ ਤੇ ਹੋਰਨਾਂ ਵੱਲੋਂ ਪੁੱਛੇ ਗਏ ਸੁਆਲਾਂ ਦੇ ਜਵਾਬ ਉਰਮਿਲ ਪ੍ਰਕਾਸ਼ ਵੱਲੋਂ ਬੜੇ ਵਧੀਆ ਢੰਗ ਨਾਲ ਦਿੱਤੇ ਗਏ।

ਸਮਾਗ਼ਮ ਦੇ ਦੂਸਰੇ ਭਾਗ ਕਵੀ-ਦਰਬਾਰ ਦੇ ਪ੍ਰਧਾਨਗੀ-ਮੰਡਲ ਵਿੱਚ ਉੱਘੇ ਕਵੀ ਪ੍ਰੀਤਮ ਧੰਜਲ, ਗ਼ਜ਼ਲਗੋ ਗਿਆਨ ਸਿੰਘ ਦਰਦੀ, ਦੀਪ ਕੁਲਦੀਪ, ਸੁਖਚਰਨਜੀਤ ਗਿੱਲ ਤੇ ਸਤਵੰਤ ਕੌਰ ਕਲੋਟੀ ਸ਼ਾਮਲ ਸਨ। ਇਸ ਦਾ ਸੰਚਾਲਨ ਕਰ ਰਹੇ ਪਰਮਜੀਤ ਸਿੰਘ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਉੱਘੇ ਗ਼ਜ਼ਲਗੋ ਐੱਸ. ਕੇ. ਭਨੋਟ ਤੇ ਨਦੀਮ ਪਰਮਾਰ ਨੂੰ ਸ਼ਰਧਾਜਲੀ ਭੇਂਟ ਕੀਤੀ ਗਈ ਅਤੇ ਫਿਰ ਸਾਰਿਆਂ ਵੱਲੋਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਉਪਰੰਤ, ਮੀਤਾ ਖੰਨਾ, ਰਾਜ ਕੁਮਾਰ ਓਸ਼ੋਰਾਜ, ਮਕਸੂਦ ਚੌਧਰੀ, ਰਮਿੰਦਰ ਰੰਮੀ, ਸੁਰਿੰਦਰ ਸੂਰ, ਸੁਜਾਨ ਸਿੰਘ ਸੁਜਾਨ, ਜਸਪਾਲ ਦੇਸੂਵੀ, ਜਗੀਰ ਸਿੰਘ ਕਾਹਲੋਂ, ਪੰਜਾਬ ਸਿੰਘ ਕਾਹਲੋਂ, ਕਰਨ ਚੌਹਾਨ, ਹਰਦਿਆਲ ਸਿੰਘ ਝੀਤਾ, ਹਰਕੰਵਲ ਕੋਰਪਾਲ, ਪਾਕਿਸਤਾਨੀ ਗ਼ਜ਼ਲਗੋ ਤਾਹਿਰਾ ਸਰਾ, ਗਿਆਨ ਸਿੰਘ ਦਰਦੀ, ਪ੍ਰੀਤਮ ਧੰਜਲ, ਰਿੰਟੂ ਭਾਟੀਆ, ਦੀਪ ਕੁਲਦੀਪ, ਜੱਸੀ ਭੁੱਲਰ, ਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਕਰਨ ਅਜਾਇਬ ਸਿੰਘ ਸੰਘਾ, ਜਗਮੋਹਨ ਸਿੰਘ ਸੰਘਾ, ਇੰਦਰਜੀਤ ਕੌਰ, ਸੁਰਿੰਦਰਜੀਤ ਕੌਰ, ਸੁਖਚਰਨਜੀਤ ਗਿੱਲ, ਮਲੂਕ ਸਿੰਘ ਕਾਹਲੋਂ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।

ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਉਰਮਿਲ ਪ੍ਰਕਾਸ਼ ਨੂੰ ਸਰਟੀਫ਼ੀਕੇਟ ਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਮੁੱਖ-ਮਹਿਮਾਨ ਉਰਮਿਲ ਪ੍ਰਕਾਸ਼, ਸਮੂਹ ਬੁਲਾਰਿਆਂ, ਕਵੀਆਂ/ਕਵਿੱਤਰੀਆਂ ਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੀ ਵੀਡੀਓ ਰਿਕਾਰਡਿੰਗ ਦੀ ਸੇਵਾ 'ਐੱਨ.ਆਰ.ਆਈ. ਟੀ.ਵੀ.' ਦੇ ਸੰਚਾਲਕ ਪੰਜਾਬ ਸਿੰਘ ਕਾਹਲੋਂ ਵੱਲੋਂ ਨਿਭਾਈ ਗਈ।

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir

CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

AKALI SINGH SIKH SOCIETY
1890 Skeena St, Vancouver, BC, Canada
PHONE (604) 254-2117, FAX: (604) 254-5309
Email: akalisinghsikhsociety@gmail.com
www.akalisinghgurdwara.ca
FREE TAX CLINIC
(New Building) Senior Centre
START: MARCH 1,2025 ONGOING UNTIL, APRIL 30, 2025
WALK-IN CLINIC WILL BE AVAILABLE EVERY SUNDAY
FROM 10:00 A.M. TO 2:00 P.M.
WE CAN PREPARE TAX RETURNS FOR: SENIORS, STUDENTS, NEWCOMERS TO CANADA, AND LOW- INCOME INDIVIDUALS AND FAMILIES TAX RETURN DOCUMENTS CAN ALSO BE DROPPED OFF AT THE GURDWARA'S OFFICE ON THE MAIN FLOOR BETWEEN THE HOURS OF 10:00 A.M. AND 1:00 P.M. DAILY
FOR FURTHER INFORMATION, PLEASE CALL (604) 254-2117
ਹੋਰ ਜਾਣਕਾਰੀ ਲਈ ਫੋਨ:
ਪ੍ਰਬੰਧਕ ਕਮੇਟੀ: ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ
ਫੋਨ: (604) 254-2117

# ਵਕਫ਼ ਕਾਨੂੰਨ-2025: ਕਿਸ ਗੱਲ ਦੀ ਚਿੰਤਾ, ਕਿਸ ਗੱਲ ਦੀ ਲੜਾਈ?

ਲਿਖਤ : ਡਾ. ਅਸਲਾਮ ਅਰਸ਼ਦ
ਅਨੁਵਾਦ: ਬੂਟਾ ਸਿੰਘ ਮਹਿਮਦੂਪੁਰ

ਭਗਵਾ ਸਰਕਾਰ ਵੱਲੋਂ ਲਿਆਂਦੇ ਵਕਫ਼ ਸੋਧ ਬਿੱਲ ਵਿਰੁੱਧ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਹੁਣੇ ਜਹੇ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਹੇਠਲੇ ਬੈਂਚ ਵੱਲੋਂ ਵਕਫ਼ ਸੋਧ ਬਿੱਲ ਉੱਪਰ ਆਰਜ਼ੀ ਰੋਕ ਦਾ ਫ਼ੈਸਲਾ ਨਿਰਸੰਦੇਹ ਮੁਸਲਿਮ ਘੱਟਗਿਣਤੀ ਲਈ ਕੁਝ ਰਾਹਤ ਹੈ, ਪਰ ਇਹ ਰਾਹਤ ਆਰਜ਼ੀ ਹੈ,

ਕਿਉਂਕਿ ਵਕਫ਼ ਦੇ ਹੱਕ ਦਾ ਭਵਿੱਖ ਸਿਖਰਲੀ ਅਦਾਲਤ ਦੇ ਅੰਤਿਮ ਫ਼ੈਸਲੇ 'ਤੇ ਨਿਰਭਰ ਕਰੇਗਾ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸੰਸਦ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਲੱਖਾਂ ਪਟੀਸ਼ਨਾਂ, ਇਤਰਾਜ਼ਾਂ ਨੂੰ ਸੁਣਨ ਤੋਂ ਬਾਅਦ ਵਕਫ਼ ਸੋਧ ਕਾਨੂੰਨ ਪਾਸ ਕੀਤਾ ਹੈ। ਪਰ ਜਦੋਂ ਸੁਪਰੀਮ ਕੋਰਟ ਨੇ 24 ਘੰਟੇ 'ਚ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਤਾਂ ਸਰਕਾਰੀ ਵਕੀਲ ਨੇ ਲੰਮੀ ਮੁਹਲਤ ਲੈਣ ਲਈ ਦਲੀਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਸਪਸ਼ਟ ਹੋ ਗਿਆ ਕਿ ਭਗਵਾ ਸਰਕਾਰ ਧਾਰਮਿਕ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਮਜ਼ਲੂਮ ਹਿੱਸਿਆਂ ਉੱਪਰ ਆਪਣੇ ਰਾਜਨੀਤਕ ਏਜੰਡੇ ਥੋਪਣ ਲਈ ਭਾਰਤ ਦੇ ਲੋਕਾਂ ਨੂੰ ਮੂਰਖ ਬਣਾਉਣ ਲਈ ਕਿਸੇ ਵੀ ਹੱਦ ਤੱਕ ਝੂਠ ਬੋਲ ਸਕਦੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਕ ਹਫ਼ਤੇ ਵਿਚ ਜਵਾਬ ਪੇਸ਼ ਕਰਨ ਲਈ ਕਿਹਾ ਹੈ। ਇਹ ਫ਼ੈਸਲਾ ਆਉਂਦੇ ਸਾਰ ਭਗਵਾ ਆਈ.ਟੀ.ਸੈੱਲ ਅਤੇ ਸਮੁੱਚਾ ਗੋਦੀ ਮੀਡੀਆ ਇਸ ਫ਼ੈਸਲੇ ਦਾ ਵਿਰੋਧ ਕਰਨ 'ਚ ਜੁੱਟ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਸਰਕਾਰ ਅੱਗੇ ਕੀ ਕਰਦੀ ਹੈ। ਵਕਫ਼ ਕਾਨੂੰਨ ਵਿਚ ਹਾਲੀਆ ਬਦਲਾਅ ਦੇ ਵੱਖ-ਵੱਖ ਪਹਿਲੂਆਂ ਦੀ ਚਰਚਾ ਸੁਤੰਤਰ ਟਿੱਪਣੀਕਾਰ ਡਾ. ਅਸਲਾਮ ਅਰਸ਼ਦ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ, ਜਿਸਦੀ ਅਹਿਮੀਅਤ ਦੇ ਮੱਦੇਨਜ਼ਰ ਇਸਦਾ ਪੰਜਾਬੀ ਵਿਚ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।-ਸੰਪਾਦਕ

ਭਾਰਤ ਵਿਚ ਵਕਫ਼ ਕਾਨੂੰਨ ਮਹਿਜ਼ ਕਾਨੂੰਨੀ ਢਾਂਚਾ ਨਹੀਂ, ਬਲਕਿ ਮੁਸਲਮਾਨਾਂ ਦੀ ਧਾਰਮਿਕ, ਸਮਾਜਿਕ ਅਤੇ ਸਿੱਖਿਆਤਮਕ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਇਹ ਕਾਨੂੰਨ ਉਨ੍ਹਾਂ ਜਾਇਦਾਦਾਂ ਨੂੰ ਲੈ ਕੇ ਬਣਾਇਆ ਗਿਆ ਹੈ, ਜਿਨ੍ਹਾਂ ਨੂੰ ਮੁਸਲਮਾਨ ਅੱਲਾਹ ਦੇ ਰਾਹ ਵਿਚ ਵਕਫ਼ ਕਰ ਦਿੰਦੇ ਹਨ, ਯਾਨੀ ਹਮੇਸ਼ਾ ਲਈ ਦਾਨ ਕਰ ਦਿੰਦੇ ਹਨ, ਤਾਂ ਜੋ ਉਨ੍ਹਾਂ ਦੀ ਵਰਤੋਂ ਮਸਜਿਦ, ਮਦਰੱਸਾ, ਕਬਰਿਸਤਾਨ, ਹਸਪਤਾਲ ਜਾਂ ਕਿਸੇ ਵੀ ਕਿਸਮ ਦੇ ਲੋਕ-ਭਲਾਈ ਕੰਮ ਵਿਚ ਕੀਤੀ ਜਾ ਸਕੇ। ਅਜਿਹੀ ਜਾਇਦਾਦ ਹੁਣ ਕਿਸੇ ਵਿਅਕਤੀ ਦੀ ਨਿੱਜੀ ਮਲਕੀਅਤ ਨਹੀਂ ਰਹਿੰਦੀ, ਬਲਕਿ ਪੂਰੀ ਕੌਮ ਦੀ ਅਮਾਨਤ ਬਣ ਜਾਂਦੀ ਹੈ। ਭਾਰਤ ਵਿਚ ਇਸਦਾ ਇਤਿਹਾਸ ਅੰਗਰੇਜ਼ਾਂ ਦੇ ਜ਼ਮਾਨੇ 'ਤੋਂ ਸ਼ੁਰੂ ਹੁੰਦਾ ਹੈ, ਪਰ ਆਜ਼ਾਦੀ ਤੋਂ ਬਾਅਦ ਇਸਨੂੰ ਰਸਮੀ ਤੌਰ 'ਤੇ ਕਾਨੂੰਨ ਦਾ ਦਰਜਾ ਦਿੱਤਾ ਗਿਆ—ਪਹਿਲਾਂ 1954 ਵਿਚ ਅਤੇ ਫਿਰ 1995 ਵਿਚ, ਜਦੋਂ ਵਕਫ਼ ਐਕਟ ਨੂੰ ਨਵਾਂ ਢਾਂਚਾ ਮਿਲਿਆ।

ਇਸ ਤੋਂ ਬਾਅਦ 2013 ਵਿਚ ਕੁਝ ਅਹਿਮ ਸੋਧਾਂ ਕੀਤੀਆਂ ਗਈਆਂ, ਪਰ ਅਸਲੀ ਹੰਗਾਮਾ 2025 ਵਿਚ ਹੋਇਆ, ਜਦੋਂ ਮੋਦੀ ਸਰਕਾਰ ਨੇ ਵਕਫ਼ (ਸੋਧ) ਐਕਟ ਲਾਗੂ ਕੀਤਾ। ਇਸ ਨਵੀਂ ਸੋਧ ਨੇ ਨਾ ਸਿਰਫ਼ ਮੁਸਲਿਮ ਸਮਾਜ ਨੂੰ ਬੇਚੈਨ ਕੀਤਾ, ਬਲਕਿ ਸਿਆਸੀ ਹਲਕਿਆਂ ਵਿਚ ਵੀ ਹਲਚਲ ਮਚਾ ਦਿੱਤੀ। ਲੋਕਾਂ ਨੇ ਇਸਨੂੰ ਸੰਵਿਧਾਨ ਦੇ ਖਿਲਾਫ਼ ਦੱਸਿਆ, ਧਾਰਮਿਕ ਮਾਮਲਿਆਂ ਵਿਚ ਦਖ਼ਲ ਮੰਨਿਆ, ਅਤੇ ਮਾਮਲਾ ਸੁਪਰੀਮ ਕੋਰਟ ਤੱਕ ਜਾ ਪਹੁੰਚਿਆ।

ਹੁਣ ਜੇਕਰ ਵਕਫ਼ ਕਾਨੂੰਨ ਦੀਆਂ ਬੁਨਿਆਦੀ ਗੱਲਾਂ ਦੀ ਗੱਲ ਕੀਤੀ ਜਾਵੇ, ਤਾਂ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਵਕਫ਼ ਕੀ ਹੁੰਦਾ ਹੈ। ਕੋਈ ਵੀ ਮੁਸਲਮਾਨ ਆਪਣੀ ਚਲ ਜਾਂ ਅਚਲ ਜਾਇਦਾਦ ਨੂੰ ਅੱਲਾਹ ਦੇ ਰਾਹ ਵਿਚ ਵਕਫ਼ ਕਰ ਸਕਦਾ ਹੈ, ਅਤੇ ਫਿਰ ਉਹ ਜਾਇਦਾਦ ਅੱਲਾਹ ਦੇ ਨਾਮ ਹੋ ਜਾਂਦੀ ਹੈ। ਇਸਦਾ ਮਤਲਬ ਇਹ ਹੈ ਕਿ ਨਾ ਤਾਂ ਉਹ ਵਿਅਕਤੀ ਅਤੇ ਨਾ ਹੀ ਉਸਦੇ ਵਾਰਿਸ ਉਸ ਜਾਇਦਾਦ ਨੂੰ ਵੇਚ ਸਕਦੇ ਹਨ, ਵੰਡ ਸਕਦੇ ਹਨ, ਜਾਂ ਨਿੱਜੀ ਫ਼ਾਇਦੇ ਵਿਚ ਲਿਆ ਸਕਦੇ ਹਨ। ਉਸ ਜਾਇਦਾਦ ਦੀ ਵਰਤੋਂ ਸਿਰਫ਼ ਉਹੀ ਹੋ ਸਕਦੀ ਹੈ, ਜੋ ਮਕਸਦ ਵਕਫ਼ ਕਰਦੇ ਵਕਤ ਦੱਸਿਆ ਗਿਆ ਹੋਵੇ—ਜਿਵੇਂ ਕਿ ਮਦਰੱਸਾ ਚਲਾਉਣਾ, ਅਨਾਥ ਬੱਚਿਆਂ ਦੀ ਪਰਵਰਿਸ਼ ਕਰਨਾ, ਜਾਂ ਹਸਪਤਾਲ ਬਣਾਉਣਾ। ਯਾਨੀ ਹੁਣ ਦੁਨੀਆ ਦਾ ਕੋਈ ਵੀ ਵਿਅਕਤੀ ਵਕਫ਼ ਕੀਤੀ ਗਈ ਜਾਇਦਾਦ ਦੇ ਮੂਲ ਸਰੂਪ ਨੂੰ ਬਦਲ ਨਹੀਂ ਸਕਦਾ।

ਵਕਫ਼ ਦੀ ਸਥਾਪਨਾ ਦੋ ਤਰੀਕਿਆਂ ਨਾਲ ਹੋ ਸਕਦੀ ਹੈ—ਇਕ ਲਿਖਤੀ ਦਸਤਾਵੇਜ਼, ਯਾਨੀ ਵਕਫ਼ਨਾਮੇ ਦੇ ਜ਼ਰੀਏ, ਅਤੇ ਦੂਜਾ ਮੌਖਿਕ (ਮੂੰਹ-ਜ਼ਬਾਨੀ) ਐਲਾਨ ਦੇ ਜ਼ਰੀਏ। ਪਰ ਦੋਵਾਂ ਹੀ ਸੂਰਤਾਂ ਵਿਚ ਇਹ ਸਾਫ਼ ਜ਼ਾਹਿਰ ਹੋਣਾ ਚਾਹੀਦਾ ਹੈ ਕਿ ਕਿਹੜੀ ਜਾਇਦਾਦ ਵਕਫ਼ ਕੀਤੀ ਜਾ ਰਹੀ ਹੈ ਅਤੇ ਉਸਦਾ ਮਕਸਦ ਕੀ ਹੈ। ਇਕ ਵਾਰ ਜੇਕਰ ਕੋਈ ਚੀਜ਼ ਵਕਫ਼ ਹੋ ਗਈ ਤਾਂ ਫਿਰ ਉਸਨੂੰ ਰੱਦ ਨਹੀਂ ਕੀਤਾ ਜਾ ਸਕਦਾ, ਸਿਰਫ਼ ਕੁਝ ਬਹੁਤ ਹੀ ਖ਼ਾਸ ਹਾਲਾਤ ਵਿਚ ਰੱਦ ਕੀਤੀ ਜਾ ਸਕਦੀ ਹੈ।

ਵਕਫ਼ ਜਾਇਦਾਦਾਂ ਦੇ ਇੰਤਜ਼ਾਮ ਲਈ ਦੋ ਸੰਸਥਾਵਾਂ ਹੁੰਦੀਆਂ ਹਨ—ਕੇਂਦਰੀ ਵਕਫ਼ ਪਰਿਸ਼ਦ ਅਤੇ ਰਾਜ ਵਕਫ਼ ਬੋਰਡ। ਕੇਂਦਰੀ ਵਕਫ਼ ਪਰਿਸ਼ਦ ਸਲਾਹ ਦਿੰਦੀ ਹੈ ਅਤੇ ਨੀਤੀਆਂ ਤੈਅ ਕਰਦੀ ਹੈ, ਜਦੋਂ ਕਿ ਰਾਜ ਵਕਫ਼ ਬੋਰਡ ਹਰ ਰਾਜ ਵਿਚ ਵਕਫ਼ ਜਾਇਦਾਦਾਂ ਦੀ ਰਜਿਸਟ੍ਰੇਸ਼ਨ, ਦੇਖਭਾਲ, ਸਰਵੇ, ਅਤੇ ਵਿਵਾਦਾਂ ਦਾ ਨਿਪਟਾਰਾ ਕਰਦਾ ਹੈ। ਵਕਫ਼ ਜਾਇਦਾਦ ਦੀ ਦੇਖਭਾਲ ਕਰਨ ਵਾਲੇ ਵਿਅਕਤੀ ਨੂੰ 'ਮੁਤਵੱਲੀ' ਕਿਹਾ ਜਾਂਦਾ ਹੈ।

ਹੁਣ ਕਾਨੂੰਨ ਵਿਚ ਇਕ ਅਹਿਮ ਗੱਲ ਇਹ ਹੈ ਕਿ ਵਕਫ਼ ਜਾਇਦਾਦਾਂ ਦਾ ਨਿਯਮਿਤ ਸਰਵੇ ਕੀਤਾ ਜਾਂਦਾ ਹੈ। 1995 ਦੇ ਐਕਟ ਦੀ ਧਾਰਾ 4 ਕਹਿੰਦੀ ਹੈ ਕਿ ਰਾਜ ਵਕਫ਼ ਬੋਰਡ ਦੇ ਜ਼ਰੀਏ ਸਰਵੇ ਕੀਤਾ ਜਾਵੇ ਅਤੇ ਹਰ ਜਾਇਦਾਦ ਦਾ ਰਿਕਾਰਡ ਰੱਖਿਆ ਜਾਵੇ। ਇਸੇ ਤਰ੍ਹਾਂ, ਧਾਰਾ 40 ਵਕਫ਼ ਬੋਰਡ ਨੂੰ ਇਹ ਤਾਕਤ ਦਿੰਦੀ ਸੀ ਕਿ ਉਹ ਕਿਸੇ ਜਾਇਦਾਦ ਨੂੰ ਵਕਫ਼ ਐਲਾਨ ਕਰ ਸਕੇ, ਜੇਕਰ ਉਸਨੂੰ ਲੱਗੇ ਕਿ ਉਹ ਵਾਕਈ ਵਕਫ਼ ਕੀਤੀ ਗਈ ਹੈ।

ਵਕਫ਼ ਨਾਲ ਜੁੜੇ ਕਾਨੂੰਨੀ ਝਗੜਿਆਂ ਦਾ ਨਿਬੇੜਾ ਵਕਫ਼ ਟ੍ਰਿਬਿਊਨਲ ਕਰਦਾ ਹੈ, ਅਤੇ ਧਾਰਾ 85 ਦੇ ਮੁਤਾਬਿਕ, ਆਮ ਅਦਾਲਤਾਂ ਨੂੰ ਵਕਫ਼ ਮਾਮਲਿਆਂ ਵਿਚ ਦਖ਼ਲ ਦੇਣ ਦਾ ਹੱਕ ਨਹੀਂ ਹੈ। ਸਿਰਫ਼ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਅਪੀਲ ਹੋ ਸਕਦੀ ਹੈ।

ਵਕਫ਼ ਜਾਇਦਾਦਾਂ ਦੀ ਇਕ ਖ਼ਾਸ ਗੱਲ ਇਹ ਹੈ ਕਿ ਉਨ੍ਹਾਂ 'ਤੇ ਕਬਜ਼ੇ ਦੇ ਮਾਮਲਿਆਂ ਵਿਚ ਲਿਮੀਟੇਸ਼ਨ ਐਕਟ ਦੀ ਧਾਰਾ 107 ਲਾਗੂ ਹੁੰਦੀ ਹੈ, ਯਾਨੀ ਜੇਕਰ ਕਿਸੇ ਨੇ ਵਕਫ਼ ਦੀ ਜ਼ਮੀਨ 'ਤੇ ਕਬਜ਼ਾ ਕਰ ਵੀ ਲਿਆ ਹੈ, ਤਾਂ ਸਮੇਂ ਦੀ ਕੋਈ ਪਾਬੰਦੀ ਨਹੀਂ ਹੈ—ਕਦੇ ਵੀ ਉਸਨੂੰ ਹਟਾਇਆ ਜਾ ਸਕਦਾ ਹੈ।

ਹੁਣ ਗੱਲ ਕਰੀਏ 2025 ਦੇ ਵਕਫ਼ ਸੋਧ ਕਾਨੂੰਨ ਦੀ, ਤਾਂ ਇਹ ਸਭ ਤੋਂ ਵਿਵਾਦਿਤ ਬਦਲਾਅ ਲੈ ਕੇ ਆਇਆ ਹੈ। ਇਸਨੂੰ 8 ਅਪ੍ਰੈਲ 2025 'ਤੋਂ ਲਾਗੂ ਕੀਤਾ ਗਿਆ, ਅਤੇ ਸਰਕਾਰ ਦਾ ਦਾਅਵਾ ਹੈ ਕਿ ਇਹ ਪਾਰਦਰਸ਼ਤਾ, ਜਵਾਬਦੇਹੀ, ਅਤੇ ਬਿਹਤਰ ਇੰਤਜ਼ਾਮ ਲਈ ਹੈ। ਪਰ ਮੁਸਲਿਮ ਸਮਾਜ ਦਾ ਕਹਿਣਾ ਹੈ ਕਿ ਇਸਦੇ ਪਿੱਛੇ ਇਕ ਸਿਆਸੀ ਏਜੰਡਾ ਹੈ— ਉਹ ਹੈ ਵਕਫ਼ ਜਾਇਦਾਦਾਂ ਨੂੰ ਕਮਜ਼ੋਰ ਕਰਨਾ ਅਤੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣਾ।

ਇਸ ਨਵੇਂ ਕਾਨੂੰਨ ਦੁਆਰਾ ਕਈ ਬਦਲਾਅ ਕੀਤੇ ਗਏ ਹਨ। ਮਿਸਾਲ ਵਜੋਂ, ਵਕਫ਼ ਬੋਰਡ ਅਤੇ ਕੇਂਦਰੀ ਵਕਫ਼ ਪਰਿਸ਼ਦ ਵਿਚ ਹੁਣ ਗੈਰ-ਮੁਸਲਮਾਨਾਂ ਅਤੇ ਔਰਤਾਂ ਨੂੰ ਵੀ ਜਗ੍ਹਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਵਾਕ ਮੀਡੀਆ ਤੋਂ ਲਿਆ ਗਿਆ ਹੈ; ਪਿਛਲੇ ਵਾਕ ਵਿਚ 'ਵੀ' ਇਕ ਛਲਾਵਾ ਹੈ। ਅਸਲ ਵਿਚ, ਪਹਿਲਾਂ ਵੀ ਵਕਫ਼ ਬੋਰਡ ਵਿਚ ਘੱਟ ਤੋਂ ਘੱਟ ਦੋ ਔਰਤਾਂ ਨੂੰ ਸ਼ਾਮਿਲ ਕਰਨ ਦੀ ਵਿਵਸਥਾ ਸੀ, ਹੁਣ ਵੱਧ ਤੋਂ ਵੱਧ ਦੋ ਔਰਤਾਂ ਸ਼ਾਮਿਲ ਹੋ ਸਕਦੀਆਂ ਹਨ। ਇਸ ਸਪੱਸ਼ਟੀਕਰਨ ਦੀ ਲੋੜ ਇਸ ਲਈ ਹੈ, ਤਾਂ ਜੋ ਤੁਸੀਂ ਜਾਣ ਸਕੋ ਕਿ ਮੁੱਖਧਾਰਾ ਦਾ ਮੀਡੀਆ ਕਿਵੇਂ ਭਾਸ਼ਾ ਰਾਹੀਂ ਇਕ ਵਿਸ਼ੇਸ਼ ਪਾਰਟੀ ਦੇ ਪੱਖ ਵਿਚ ਹੇਰਾ-ਫੇਰੀ ਕਰਦਾ ਹੈ।

ਪਹਿਲਾਂ ਇਹ ਸ਼ਰਤ ਸੀ ਕਿ ਵਕਫ਼ ਪਰਿਸ਼ਦ ਦਾ ਹਰ ਮੈਂਬਰ (ਮੰਤਰੀ ਨੂੰ ਛੱਡ ਕੇ) ਮੁਸਲਮਾਨ ਹੋਣਾ ਚਾਹੀਦਾ ਸੀ, ਪਰ ਹੁਣ ਸੰਸਦ ਮੈਂਬਰ, ਜੱਜ, ਜਾਂ ਨਾਮਵਰ ਲੋਕ, ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ, ਇਸ ਵਿਚ ਸ਼ਾਮਿਲ ਹੋ ਸਕਦੇ ਹਨ। ਇੱਥੇ ਇਹ ਧਿਆਨ ਰੱਖਣਾ ਹੋਵੇਗਾ ਕਿ ਹਿੰਦੂਆਂ ਦੇ ਧਰਮਾਰਥ ਟਰੱਸਟਾਂ ਵਿਚ ਮੁਸਲਮਾਨ ਤਾਂ ਛੱਡੋ, ਸਾਰੇ ਵਰਗਾਂ ਦੇ ਹਿੰਦੂ ਵੀ ਸ਼ਾਮਿਲ ਨਹੀਂ ਹੋ ਸਕਦੇ। ਹੁਣ ਇਹ ਸਵਾਲ ਚਰਚਾ ਵਿਚ ਹੈ ਕਿ ਸਰਕਾਰ ਵਕਫ਼ ਬੋਰਡ, ਜੋ ਮੁਸਲਿਮ ਦਾਨੀਆਂ ਦੀ ਜਾਇਦਾਦ ਦੇ ਇੰਤਜ਼ਾਮ ਲਈ ਬਣਾਇਆ ਗਿਆ ਹੈ, ਵਿਚ ਹਿੰਦੂਆਂ ਨੂੰ ਸ਼ਾਮਿਲ ਕਰਨਾ ਕਿਉਂ ਚਾਹੁੰਦੀ ਹੈ।

ਦੂਜਾ ਵੱਡਾ ਬਦਲਾਅ ਸਰਵੇ ਪ੍ਰਕਿਰਿਆ ਵਿਚ ਹੋਇਆ ਹੈ। ਹੁਣ ਵਕਫ਼ ਜਾਇਦਾਦਾਂ ਦਾ ਸਰਵੇ ਜ਼ਿਲ੍ਹਾ ਕਲੈਕਟਰ ਕਰੇਗਾ, ਨਾ ਕਿ ਸਰਵੇਖਣ ਅਧਿਕਾਰੀ। ਯਾਨੀ ਕਿਹੜੀ ਜਾਇਦਾਦ ਵਕਫ਼ ਹੈ ਜਾਂ ਨਹੀਂ, ਹੁਣ ਇਸ ਨੂੰ ਤੈਅ ਸਰਕਾਰੀ ਅਧਿਕਾਰੀ ਕਰੇਗਾ।

ਤੀਜਾ ਵੱਡਾ ਮੁੱਦਾ ਧਾਰਾ 40 ਨੂੰ ਹਟਾਉਣ ਦਾ ਹੈ। ਪਹਿਲਾਂ ਵਕਫ਼ ਬੋਰਡ ਕੋਲ ਇਹ ਤਾਕਤ ਸੀ ਕਿ ਉਹ ਕਿਸੇ ਵੀ ਜਾਇਦਾਦ ਨੂੰ ਵਕਫ਼ ਐਲਾਨ ਕਰ ਸਕਦਾ ਸੀ, ਪਰ ਹੁਣ ਇਹ ਅਧਿਕਾਰ ਰਾਜ ਸਰਕਾਰ ਦੇ ਕਿਸੇ ਨਾਮਜ਼ਦ ਅਧਿਕਾਰੀ ਨੂੰ ਦੇ ਦਿੱਤਾ ਗਿਆ ਹੈ। ਇਸਦਾ ਮਤਲਬ ਇਹ ਹੈ ਕਿ ਹੁਣ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਕੋਈ ਜਾਇਦਾਦ ਵਕਫ਼ ਨਹੀਂ ਹੋ ਸਕੇਗੀ। ਇਹ ਅੰਸ਼ ਵੀ ਮੈਂ ਮੀਡੀਆ ਤੋਂ ਲਿਆ ਹੈ।

ਹਕੀਕਤ ਇਹ ਹੈ ਕਿ ਅੱਜ ਵੀ ਸਾਲਾਂ ਪੁਰਾਣੀਆਂ ਬਹੁਤ ਸਾਰੀਆਂ ਵਕਫ਼ ਜਾਇਦਾਦਾਂ ਵਕਫ਼ ਦੇ ਤਹਿਤ ਰਜਿਸਟਰਡ ਨਹੀਂ ਹਨ, ਪਰ ਉਨ੍ਹਾਂ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਵਕਫ਼ ਜਾਇਦਾਦ ਵਜੋਂ ਹੋ ਰਹੀ ਹੈ। ਉੱਪਰਲੇ ਪੈਰੇ ਵਿਚ ਇਸੇ ਤਰ੍ਹਾਂ ਦੀਆਂ ਜਾਇਦਾਦਾਂ ਨੂੰ ਵਕਫ਼ ਐਲਾਨਣ ਦੀ ਗੱਲ ਕੀਤੀ ਜਾ ਰਹੀ ਹੈ। ਅਜਿਹਾ ਨਹੀਂ ਹੈ ਕਿ ਵਕਫ਼ ਦੇ ਲੋਕ ਕੱਲ੍ਹ ਨੀਂਦ ਤੋਂ ਉੱਠ ਕੇ ਕਹਿ ਦੇਣ ਕਿ ਸੰਸਦ ਤਾਂ ਵਕਫ਼ ਜਾਇਦਾਦ ਹੈ, ਅਤੇ ਸਾਨੂੰ ਸਾਡੀ ਸੰਸਦ ਤੋਂ ਹੱਥ ਧੋਣਾ ਪਵੇ। ਹਾਲਾਂਕਿ, ਨਫ਼ਰਤੀ ਸਿਆਸਤ ਦਾ ਪ੍ਰਚਾਰ ਇਹੀ ਕਰ ਰਿਹਾ ਹੈ।

ਇਸ ਤੋਂ ਇਲਾਵਾ, ਵਕਫ਼ ਜਾਇਦਾਦਾਂ ਦੇ ਡਿਜੀਟਲਾਈਜ਼ੇਸ਼ਨ, ਵਿੱਤੀ ਆਡਿਟ, ਕੇਂਦਰੀ ਪੋਰਟਲ, ਅਤੇ ਪਾਰਦਰਸ਼ੀ ਇੰਤਜ਼ਾਮ ਦੇ ਨਾਮ 'ਤੇ ਕਈ ਨਵੇਂ ਪ੍ਰਬੰਧ ਲਿਆਂਦੇ ਗਏ ਹਨ। ਪਰ ਜੋ ਗੱਲ ਸਭ ਤੋਂ ਵੱਧ ਚਿੰਤਾ ਦੀ ਵਜ੍ਹਾ ਬਣੀ, ਉਹ ਇਹ ਹੈ ਕਿ ਹੁਣ ਵਕਫ਼ ਟ੍ਰਿਬਿਊਨਲ ਵਿਚ ਮੁਸਲਮਾਨਾਂ ਨੂੰ ਕਾਨੂੰਨ ਦੀ ਸਮਝ ਰੱਖਣ ਵਾਲੇ ਮੈਂਬਰ ਦੀ ਜਗ੍ਹਾ ਇਕ ਜ਼ਿਲ੍ਹਾ ਜੱਜ ਅਤੇ ਇਕ ਸੰਯੁਕਤ ਸਕੱਤਰ ਰੈਂਕ ਦਾ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ। ਇਸ ਨਾਲ ਮੁਸਲਿਮ ਪਰਸਨਲ ਲਾਅ ਦੇ ਜਾਣਕਾਰਾਂ ਦੀ ਭੂਮਿਕਾ ਲੱਗਭੱਗ ਖ਼ਤਮ ਹੋ ਜਾਵੇਗੀ।

ਅਤੇ ਸ਼ਾਇਦ ਸਭ ਤੋਂ ਵੱਧ ਵਿਵਾਦ ਖੜ੍ਹਾ ਕਰਨ ਵਾਲਾ ਨਿਯਮ ਇਹ ਹੈ ਕਿ ਜੇਕਰ ਕੋਈ ਵਿਅਕਤੀ ਕਿਸੇ ਵਕਫ਼ ਜਾਇਦਾਦ 'ਤੇ 12 ਸਾਲ ਤੋਂ ਵੱਧ ਸਮੇਂ ਤੋਂ ਕਾਬਜ਼ ਹੈ, ਤਾਂ ਹੁਣ ਉਸਨੂੰ ਮਾਲਕਾਨਾ ਹੱਕ ਵੀ ਮਿਲ ਸਕਦਾ ਹੈ। ਇਸ ਪ੍ਰਬੰਧ ਨੂੰ ਮੁਸਲਮਾਨਾਂ ਨੇ ਸਿੱਧੇ ਤੌਰ 'ਤੇ ਵਕਫ਼ ਜਾਇਦਾਦਾਂ 'ਤੇ ਹਮਲੇ ਵਜੋਂ ਦੇਖਿਆ ਹੈ।

ਇਸ ਤੋਂ ਇਲਾਵਾ, ਵਕਫ਼ ਬੋਰਡ ਵਿਚ ਦੋ ਔਰਤਾਂ ਦੀ ਲਾਜ਼ਮੀ ਨਿਯੁਕਤੀ ਅਤੇ ਬੋਹਰਾ, ਆਗਾਖਾਨੀ ਵਰਗੇ ਹੋਰ ਸਮੁਦਾਇ ਲਈ ਵੱਖਰੇ ਵਕਫ਼ ਬੋਰਡ ਬਣਾਉਣ ਦਾ ਪ੍ਰਬੰਧ ਵੀ ਇਸ ਸੋਧ ਵਿਚ ਸ਼ਾਮਿਲ ਹੈ।

ਹੁਣ ਜਦੋਂ ਏਨਾ ਕੁਝ ਬਦਲ ਗਿਆ ਹੈ, ਤਾਂ ਸਵਾਲ ਉੱਠਦਾ ਹੈ—ਕੀ ਇਹ ਸਭ ਸੰਵਿਧਾਨ ਦੇ ਅਨੁਸਾਰ ਹੈ? ਕਈ ਪਟੀਸ਼ਨ-ਕਰਤਾਵਾਂ ਦਾ ਜਵਾਬ ਹੈ—ਨਹੀਂ। ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਜਾ ਕੇ ਇਹ ਕਿਹਾ ਕਿ ਵਕਫ਼ ਸੋਧ ਕਾਨੂੰਨ, 2025 ਭਾਰਤ ਦੇ ਸੰਵਿਧਾਨ ਦੇ ਕਈ ਆਰਟੀਕਲ ਦੀ ਉਲੰਘਣਾ ਕਰਦਾ ਹੈ।

ਆਰਟੀਕਲ 14 ਦੇ ਤਹਿਤ ਹਰ ਨਾਗਰਿਕ ਨੂੰ ਸਮਾਨਤਾ ਦਾ ਹੱਕ ਹੈ। ਪਟੀਸ਼ਨ-ਕਰਤਾਵਾਂ ਦਾ ਕਹਿਣਾ ਹੈ ਕਿ ਜੇਕਰ ਹਿੰਦੂ ਮੰਦਰ ਟਰੱਸਟਾਂ ਜਾਂ ਚਰਚ ਬੋਰਡਾਂ ਵਿਚ ਇਸ ਤਰ੍ਹਾਂ ਦਾ ਕੋਈ ਬਦਲਾਅ ਨਹੀਂ ਹੋਇਆ, ਤਾਂ ਸਿਰਫ਼ ਵਕਫ਼ ਕਾਨੂੰਨ ਵਿਚ ਹੀ ਕਿਉਂ? ਕੀ ਇਹ ਮੁਸਲਮਾਨਾਂ ਨਾਲ ਵਿਤਕਰਾ ਨਹੀਂ ਹੈ?

ਆਰਟੀਕਲ 15 ਧਰਮ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਕਰਦਾ ਹੈ, ਪਰ ਇਹ ਸੋਧ ਸਿੱਧੇ ਤੌਰ 'ਤੇ ਮੁਸਲਮਾਨਾਂ ਦੀਆਂ ਧਾਰਮਿਕ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਹੋਰ ਫਿਰਕਿਆਂ ਨੂੰ ਕੋਈ ਫਰਕ ਨਹੀਂ ਪਿਆ, ਸਿਰਫ਼ ਵਕਫ਼ ਜਾਇਦਾਦਾਂ ਹੀ ਨਿਸ਼ਾਨੇ 'ਤੇ ਹਨ।

ਆਰਟੀਕਲ 25 ਧਾਰਮਿਕ ਆਜ਼ਾਦੀ ਦਾ ਹੱਕ ਦਿੰਦਾ ਹੈ। ਪਰ ਜੇਕਰ ਵਕਫ਼ ਜਾਇਦਾਦਾਂ ਦੇ ਫ਼ੈਸਲੇ ਹੁਣ ਕੁਲੈਕਟਰ (ਡੀਸੀ) ਕਰੇਗਾ, ਤਾਂ ਕੀ ਇਹ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖ਼ਲ ਨਹੀਂ ਹੋਵੇਗਾ?

ਆਰਟੀਕਲ 26 ਧਾਰਮਿਕ ਸੰਸਥਾਵਾਂ ਨੂੰ ਆਪਣੇ ਧਾਰਮਿਕ ਮਾਮਲਿਆਂ ਦਾ ਇੰਤਜ਼ਾਮ ਖ਼ੁਦ ਕਰਨ ਦਾ ਅਧਿਕਾਰ ਦਿੰਦਾ ਹੈ। ਪਰ ਜੇਕਰ ਗੈਰ-ਮੁਸਲਿਮ ਮੈਂਬਰਾਂ ਨੂੰ ਵਕਫ਼ ਬੋਰਡ ਵਿਚ ਸ਼ਾਮਿਲ ਕੀਤਾ ਜਾਵੇਗਾ, ਤਾਂ ਕੀ ਇਹ ਉਸ ਹੱਕ ਵਿਚ ਸਿੱਧਾ ਦਖ਼ਲ ਨਹੀਂ ਹੈ?

ਆਰਟੀਕਲ 29 ਘੱਟਗਿਣਤੀਆਂ ਨੂੰ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਬਣਾਈ ਰੱਖਣ ਦਾ ਅਧਿਕਾਰ ਦਿੰਦਾ ਹੈ। ਪਰ ਇਹ ਸੋਧ ਉਸ ਪਛਾਣ ਨੂੰ ਹੀ ਕਮਜ਼ੋਰ ਕਰਦੀ ਹੈ।

ਆਰਟੀਕਲ 300ਏ ਜਾਇਦਾਦ ਦੇ ਹੱਕ ਦੀ ਗੱਲ ਕਰਦਾ ਹੈ। ਪਰ ਜੇਕਰ ਕੋਈ 12 ਸਾਲ ਤੋਂ ਕਬਜ਼ਾ ਕਰਕੇ ਬੈਠਾ ਹੈ ਅਤੇ ਉਸਨੂੰ ਮਾਲਕਾਨਾ ਹੱਕ ਮਿਲ ਜਾਵੇ, ਤਾਂ ਇਹ ਵਕਫ਼ ਦੀ ਮਾਲਕੀਅਤ 'ਤੇ ਹਮਲਾ ਨਹੀਂ ਤਾਂ ਹੋਰ ਕੀ ਹੈ?

ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਹੁਣ ਸੁਪਰੀਮ ਕੋਰਟ ਵਿਚ ਲੱਭੇ ਜਾ ਰਹੇ ਹਨ। 15 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਨੇ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ ਅਤੇ ਕੁਝ ਅੰਤਰਿਮ ਫ਼ੈਸਲੇ ਵੀ ਦਿੱਤੇ। ਸਭ ਤੋਂ ਪਹਿਲੀ ਗੱਲ, ਅਦਾਲਤ ਨੇ ਗੈਰ-ਮੁਸਲਿਮ ਮੈਂਬਰਾਂ ਦੀ ਨਿਯੁਕਤੀ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਦੂਜੀ ਅਹਿਮ ਗੱਲ ਇਹ ਕਿ ਅਦਾਲਤ ਨੇ ਵਕਫ਼ 'ਬਾਇ ਯੂਜ਼ਰ' ਦੀ ਪਰੰਪਰਾ ਨੂੰ ਕਾਇਮ ਰੱਖਿਆ—ਯਾਨੀ ਜੋ ਜ਼ਮੀਨਾਂ ਸਾਲਾਂ ਤੋਂ ਮਸਜਿਦ, ਮਦਰੱਸੇ, ਜਾਂ ਕਬਰਿਸਤਾਨ ਵਜੋਂ ਵਰਤੋਂ ਵਿਚ ਆ ਰਹੀਆਂ ਹਨ, ਉਨ੍ਹਾਂ ਨੂੰ ਵਕਫ਼ ਹੀ ਮੰਨਿਆ ਜਾਵੇਗਾ। ਤੀਜੀ ਗੱਲ, ਜਦੋਂ ਤੱਕ ਫ਼ੈਸਲਾ ਨਹੀਂ ਆਉਂਦਾ, ਓਦੋਂ ਤੱਕ ਕਿਸੇ ਵੀ ਵਕਫ਼ ਜਾਇਦਾਦ ਦੀ ਸਥਿਤੀ ਵਿਚ ਕੋਈ ਬਦਲਾਅ ਨਹੀਂ ਹੋਵੇਗਾ। ਅਤੇ ਅੰਤ ਵਿਚ, ਅਦਾਲਤ ਨੇ ਕੇਂਦਰ ਸਰਕਾਰ 'ਤੋਂ ਸਾਰੇ ਸੰਵਿਧਾਨਕ ਮੁੱਦਿਆਂ 'ਤੇ ਵਿਸਤਾਰਤ ਜਵਾਬ ਮੰਗੇ ਹਨ।

ਇਨ੍ਹਾਂ ਅੰਤਰਿਮ ਫ਼ੈਸਲਿਆਂ ਨਾਲ ਮੁਸਲਿਮ ਸਮਾਜ ਨੂੰ ਕੁਝ ਰਾਹਤ ਜ਼ਰੂਰ ਮਿਲੀ ਹੈ, ਪਰ ਲੜਾਈ ਅਜੇ ਬਾਕੀ ਹੈ। ਅਦਾਲਤ ਨੇ ਸਾਫ਼ ਕਿਹਾ ਹੈ ਕਿ ਉਹ ਕਾਹਲੀ ਵਿਚ ਕੋਈ ਫ਼ੈਸਲਾ ਨਹੀਂ ਲਵੇਗੀ, ਬਲਕਿ ਕੇਂਦਰ ਨੂੰ ਆਪਣੀਆਂ ਦਲੀਲਾਂ ਪੇਸ਼ ਕਰਨ ਦਾ ਪੂਰਾ ਮੌਕਾ ਦੇਵੇਗੀ।

ਹੁਣ ਜਦੋਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਹੈ, ਤਾਂ ਇਸਦਾ ਅਸਰ ਪੂਰੇ ਦੇਸ਼ ਦੀ ਸਿਆਸਤ 'ਤੇ ਵੀ ਪੈ ਰਿਹਾ ਹੈ। ਵਿਰੋਧੀ ਪਾਰਟੀਆਂ ਇਸ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ 'ਤੇ ਹਮਲਾਵਰ ਹਨ, ਅਤੇ ਮੁਸਲਿਮ ਜਥੇਬੰਦੀਆਂ ਇਸਨੂੰ ਆਪਣੇ ਧਾਰਮਿਕ ਹੱਕਾਂ 'ਤੇ ਹਮਲਾ ਮੰਨ ਰਹੀਆਂ ਹਨ। ਇਹ ਬਹਿਸ ਸਿਰਫ਼ ਇਕ ਕਾਨੂੰਨ ਦੀ ਨਹੀਂ, ਬਲਕਿ ਘੱਟਗਿਣਤੀਆਂ ਦੀ ਧਾਰਮਿਕ ਪਛਾਣ, ਉਨ੍ਹਾਂ ਦੀਆਂ ਜਾਇਦਾਦਾਂ ਦੀ ਹਿਫ਼ਾਜ਼ਤ, ਅਤੇ ਭਾਰਤ ਦੇ ਧਰਮ-ਨਿਰਪੱਖ ਢਾਂਚੇ ਦੀ ਅਸਲੀਅਤ ਦੀ ਵੀ ਹੈ।


ਜਿਸ ਤਰ੍ਹਾਂ ਨਾਲ ਵਕਫ਼ ਸੋਧ ਕਾਨੂੰਨ ਆਇਆ ਹੈ ਅਤੇ ਜਿਸ ਅੰਦਾਜ਼ ਵਿਚ ਇਸ ਦੀਆਂ ਵਿਵਸਥਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਉਸ 'ਤੋਂ ਇਹੀ ਲੱਗਦਾ ਹੈ ਕਿ ਮਾਮਲਾ ਸਿਰਫ਼ ਸੁਧਾਰ ਜਾਂ ਪਾਰਦਰਸ਼ਤਾ ਦਾ ਨਹੀਂ ਹੈ। ਇਹ ਸੱਤਾ ਦੀ ਉਸ ਸੋਚ ਨੂੰ ਵੀ ਜ਼ਾਹਿਰ ਕਰਦਾ ਹੈ, ਜੋ ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਅਧਿਕਾਰਾਂ ਨੂੰ 'ਪ੍ਰਸ਼ਾਸਨਿਕ ਸੁਧਾਰ' ਦੇ ਨਾਮ 'ਤੇ ਸੀਮਿਤ ਕਰਨਾ ਚਾਹੁੰਦੀ ਹੈ।

ਪਰ ਕੀ ਭਾਰਤ ਵਰਗੇ ਵੰਨ-ਸੁਵੰਨਤਾ ਵਾਲੇ ਲੋਕਤੰਤਰ ਵਿਚ ਇਹ ਸੰਭਵ ਹੈ? ਕੀ ਅਦਾਲਤਾਂ ਅਤੇ ਆਵਾਮ ਇਸਨੂੰ ਚੁੱਪਚਾਪ ਸਵੀਕਾਰ ਕਰ ਲੈਣਗੇ? ਕੀ ਮੁਸਲਮਾਨ ਆਪਣੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਕਰ ਸਕਣਗੇ, ਜਾਂ ਇਹ ਵੀ ਇਕ ਲੰਮੀ ਅਦਾਲਤੀ ਲੜਾਈ ਵਿਚ ਦੱਬ ਜਾਵੇਗਾ?

ਸਵਾਲ ਬਹੁਤ ਹਨ, ਜਵਾਬ ਹੌਲੀ-ਹੌਲੀ ਸਾਹਮਣੇ ਆਉਣਗੇ—ਪਰ ਇਹ ਤੈਅ ਹੈ ਕਿ ਵਕਫ਼ ਕਾਨੂੰਨ 'ਤੇ ਇਹ ਬਹਿਸ ਭਾਰਤ ਦੇ ਸੰਵਿਧਾਨ, ਧਰਮ ਨਿਰਪੱਖਤਾ, ਅਤੇ ਘੱਟਗਿਣਤੀਆਂ ਦੇ ਅਧਿਕਾਰਾਂ ਲਈ ਇਕ ਕਸੌਟੀ ਬਣ ਚੁੱਕੀ ਹੈ।

# ਗਾਰੰਟੀ

ਲਿਖਤ : ਕੰਵਲਜੀਤ ਖੰਨਾ
ਸੰਪਰਕ (ਵਟਸਐਪ): 94170-67344



ਗੱਲ ਫਰਵਰੀ ਦੀ 20 ਤਾਰੀਖ ਦੀ ਹੈ। ਸਾਲ 1974 ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਪੈਟਰੋਲ ਪੰਪਾਂ ’ਤੇ ਰਾਤਾਂ ਝਾਗਦੇ। ਲੰਮੀਆਂ ਲਾਈਨਾਂ ’ਚ ਲੱਗੇ, ਊਠ ਦਾ ਬੁੱਲ੍ਹ ਡਿੱਗਣ ਵਾਂਗ ਤੇਲ ਦੀ ਗੱਡੀ ਉਡੀਕ ਕਰਦੇ। ਹਰੇ ਇਨਕਲਾਬ ਨੇ ਨਵੇਂ ਬੀਜਾਂ, ਨਵੀਆਂ ਕਿਸਮਾਂ, ਨਵੇਂ ਸੁਫਨਿਆਂ ਨੂੰ ਹੁਲਾਰਾ ਦਿੱਤਾ ਸੀ। ਇਨ੍ਹਾਂ ਬੀਜਾਂ ਰਾਹੀਂ ਪੈਦਾ ਹੋਈਆਂ ਫ਼ਸਲਾਂ ਪਿਆਸੀਆਂ ਰਹਿੰਦੀਆਂ ਸਨ। ਉਨ੍ਹਾਂ ਦੀ ਪਿਆਸ ਬੁਝਾਉਣ ਲਈ ਨਹਿਰੀ ਪਾਣੀ ਦੀ ਕਮੀ ਸੀ। ਖੇਤੀ ਲਈ ਪਾਣੀ ਦਾ ਸਰੋਤ ਜਾਂ ਮੀਂਹ ਦਾ ਪਾਣੀ ਸੀ ਜਾਂ ਫਿਰ ਇੰਜਣ। ਫਸਲਾਂ ਪੱਕਣ ਨੇੜੇ ਸਨ ਤੇ ਡੀਜ਼ਲ ਦੀ ਕਿੱਲਤ ਸੀ। ਤੇਲ ਲੌਬੀ ਦੀ ਪੈਦਾ ਕੀਤੀ ਨਕਲੀ ਕਿੱਲਤ ਨੇ ਕਿਸਾਨਾਂ ਦੇ ਸਾਹ ਸੂਤ ਹੋਏ ਸਨ। ਫਸਲਾਂ ਸੁੱਕਣ ਦੇ ਡਰੋਂ ਕਿਸਾਨ ਪੈਟਰੋਲ ਪੰਪਾਂ ’ਤੇ ਆਪਣੀਆਂ ਢੋਲੀਆਂ ਅਤੇ ਕੇਨੀਆਂ ਲੈ ਕੇ ਬੈਠੇ ਰਹਿੰਦੇ। ਕੇਨੀਆਂ ਤੇ ਢੋਲੀਆਂ ’ਤੇ ਬੰਨ੍ਹੀਆਂ ਰੰਗ-ਬਰੰਗੀਆਂ ਲੀਰਾਂ ਜਾਂ ਉੱਕਰੇ ਨਾਵਾਂ ਦੇ ਬਾਵਜੂਦ ਹਰ ਘਰ ਦਾ ਬੰਦਾ ਪੱਕੇ ਤੌਰ ’ਤੇ ਦਿਨ-ਰਾਤ ਪੰਪ ’ਤੇ ਹਾਜ਼ਰ ਰਹਿੰਦਾ। ਇੱਕ ਜਾਂਦਾ, ਦੂਜਾ ਚਾਹ ਰੋਟੀ ਲੈ ਕੇ ਪੰਪ ’ਤੇ ਪਰਤ ਆਉਂਦਾ; ਮਤੇ ਗੈਰ-ਹਾਜ਼ਰੀ ’ਚ ਗੱਡੀ ਆਵੇ ਤੇ ਵਾਰੀ ਕੱਟੀ ਜਾਵੇ।

ਤੇਲ ਦੀ ਬਲੈਕ ਵੀ ਜ਼ੋਰਾਂ ’ਤੇ ਸੀ। ਸਿੱਟੇ ਵਜੋਂ ਹੰਭੀ ਥੱਕੀ ਕਿਸਾਨੀ ਕੋਲ ਸੰਘਰਸ਼ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਸੰਕਟ ਦੇ ਉਸ ਸਮੇਂ ਪੰਜਾਬ ਦੇ ਕੁੱਝ ਹਿੱਸਿਆਂ ’ਚ ਕਿਸਾਨ ਜਥੇਬੰਦੀ ‘ਪੰਜਾਬ ਵਾਹੀਕਾਰਾ ਯੂਨੀਅਨ’ ਦਾ ਉਦੈ ਹੋਇਆ। ਜਗਰਾਓਂ, ਮੋਗਾ ਇਲਾਕੇ ਦੇ ਪਿੰਡਾਂ ’ਚ ਕਿਸਾਨਾਂ ਨੂੰ ਜਥੇਬੰਦ ਕਰ ਕੇ ਤੇਲ ਦੀ ਬਲੈਕ ਅਤੇ ਨਕਲੀ ਕਿੱਲਤ ਖ਼ਿਲਾਫ਼ ਕਿਸਾਨੀ ਨੂੰ ਸੜਕਾਂ ’ਤੇ ਲਿਆਂਦਾ ਗਿਆ। ਪੀਐੱਸਯੂ ’ਚੋਂ ਨਿਕਲੇ, ਰਾਜ ਤੇ ਸਮਾਜ ਬਦਲੀ ਲਈ ਤੁਰੇ ਕਿਸਾਨਾਂ ਦੇ ਪੁੱਤਾਂ ਨੇ ਇਹ ਜ਼ਿੰਮੇਵਾਰੀ ਓਟ ਲਈ।

ਉਸ ਵਕਤ ਮੈਂ ਜਗਰਾਓਂ ਦੇ ਐੱਲਆਰਐੱਮ ਕਾਲਜ ਦਾ ਵਿਦਿਆਰਥੀ ਸੀ ਤੇ ਪੰਜਾਬ ਸਟੂਡੈਂਟਸ ਯੂਨੀਅਨ ਦਾ ਕਾਰਕੁਨ ਸੀ। ਕਲਾਸ ’ਚ ਲੈਕਚਰ ਅਟੈਂਡ ਕਰਦਿਆਂ ਅਚਾਨਕ ਉਸ ਦਿਨ ਜਦੋਂ ਵਿਦਿਆਰਥੀਆਂ ਨੇ ਗੋਲੀਆਂ ਚੱਲਣ ਦੀ ਕੜ-ਕੜ ਸੁਣੀ ਤਾਂ ਭੱਜ ਕੇ ਬਾਹਰ ਨਿਕਲੇ। ਕਾਲਜ ਲਾਗੇ ਰੇਲਵੇ ਫਾਟਕਾਂ ’ਤੇ ਜਦੋਂ ਭੱਜ ਕੇ ਪਹੁੰਚੇ ਤਾਂ ਪੁਲੀਸ ਨੇ ਅੱਗੇ ਨਾ ਜਾਣ ਦਿੱਤਾ। ਦੂਰੋਂ ਦੇਖਿਆ ਕਿ ਪੁਲੀਸ ਵਾਲੇ ਇਕੱਠੇ ਹੋਏ ਕਿਸਾਨਾਂ ’ਤੇ ਡਾਂਗਾਂ ਵਰ੍ਹਾਉਂਦੇ ਦੂਰ ਤੱਕ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਰੇਲਵੇ ਪਟੜੀਆਂ ਵਿਚਾਲੇ ਕਈ ਥਾਈਂ ਖ਼ੂਨ ਡੁੱਲ੍ਹਿਆ ਹੋਇਆ ਸੀ। ਬਚਾਅ ਲਈ ਖਿੰਡ ਗਏ ਕਿਸਾਨਾਂ ਮਜ਼ਦੂਰਾਂ ਦੀਆਂ ਜੁੱਤੀਆਂ ਵੱਡੀ ਗਿਣਤੀ ’ਚ ਇੱਧਰ ਉੱਧਰ ਖਿੰਡੀਆਂ ਪਈਆਂ ਸਨ। ਮੰਜ਼ਰ ਸਭ ਕੁਝ ਬਿਆਨ ਕਰ ਰਿਹਾ ਸੀ। ਪੰਜਾਬ ਵਾਹੀਕਾਰਾ ਯੂਨੀਅਨ ਦੀ ਅਗਵਾਈ ’ਚ ਕਿਸਾਨ ਤੇਲ ਦੀ ਬਲੈਕ ਅਤੇ ਨਕਲੀ ਕਿੱਲਤ ਖ਼ਿਲਾਫ਼ ਸ਼ਹਿਰ ਵਿੱਚ ਮੁਜ਼ਾਹਰਾ ਕਰ ਕੇ ਐੱਸਡੀਐੱਮ (ਜਗਰਾਓਂ) ਨੂੰ ਮੰਗ ਪੱਤਰ ਦੇਣਾ ਚਾਹੁੰਦੇ ਸਨ ਪਰ ਡੀਐੱਸਪੀ ਆਂਹਦਾ- ‘ਸ਼ਹਿਰ ’ਚ ਵੜਨ ਨਹੀਂ ਦਿੱਤਾ ਜਾਵੇਗਾ। ਦਫ਼ਾ ਚੁਤਾਲੀ ਲੱਗੀ ਹੈ।’

ਕਿਸਾਨਾਂ ਦੇ ਅੱਗੇ ਵਧਣ ਦੀ ਦੇਰ ਸੀ ਕਿ ਪੁਲੀਸ ਨੇ ਅੰਨ੍ਹਾ ਲਾਠੀਚਾਰਜ ਕਰ ਦਿੱਤਾ। ਮੁਜ਼ਾਹਰਾਕਾਰੀਆਂ ਨੂੰ ਰੋਕਣ ’ਚ ਨਾਕਾਮ ਰਹਿਣ ’ਤੇ ਪੁਲੀਸ ਨੇ ਗੋਲੀ ਚਲਾ ਦਿੱਤੀ; ਦਰਜਨਾਂ ਕਿਸਾਨ ਮਜ਼ਦੂਰ ਜ਼ਖ਼ਮੀ ਹੋਏ। ਪਿੰਡ ਗਾਲਬ ਕਲਾਂ ਦੇ ਕਿਸਾਨ ਦਾ ਸੀਰੀ ਪਿਆਰਾ ਸਿੰਘ ਗਾਲਬ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ। ਇੱਕ ਹੋਰ ਮਜ਼ਦੂਰ ਸੋਮਾ ਸਿੰਘ ਦੇ ਪੱਟ ਵਿੱਚ ਗੋਲੀ ਲੱਗਣ ਕਾਰਨ ਸਖ਼ਤ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਪੁਲੀਸ ਨੇ ਦਰਜਨਾਂ ਕਿਸਾਨ ਮਜ਼ਦੂਰ ਆਗੂਆਂ ’ਤੇ ਇਰਾਦਾ ਕਤਲ ਅਤੇ ਹੋਰ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕਰ ਲਏ। ਗ੍ਰਿਫ਼ਤਾਰੀਆਂ ਹੋਈਆਂ। ਕੇਸ ਚੱਲੇ।

ਕਿਸਾਨੀ ਦੀ ਲੁੱਟ ਖਿਲਾਫ ਸੀਰੀ ਦੀ ਸ਼ਹਾਦਤ ਦਾ ਇਤਿਹਾਸ ਅੱਜ ਵੀ ਲੜਦੇ ਲੋਕਾਂ ਲਈ ਚਾਨਣ ਮੁਨਾਰਾ ਹੈ। ਇਹ ਸੰਘਰਸ਼ ਮਜ਼ਦੂਰ ਕਿਸਾਨ ਦੀ ਪੱਕੀ ਕਰੰਘੜੀ ਦਾ ਪ੍ਰਤੀਕ ਹੈ। ਕਿਸਾਨ ਜਥੇਬੰਦੀ ਨੇ ਉਸ ਸਮੇਂ ਤੋਂ ਪਿਆਰਾ ਸਿੰਘ ਗਾਲਬ ਨੂੰ ਜਿਊਂਦਾ ਰੱਖਿਆ ਹੋਇਆ ਹੈ। ਅੱਧੀ ਸਦੀ ਬੀਤਣ ਦੇ ਬਾਵਜੂਦ ਪਿੰਡ ’ਚ ਉਸਰੀ ਸ਼ਹੀਦੀ ਯਾਦਗਾਰ ’ਤੇ ਹਰ ਸਾਲ ਇਲਾਕੇ ਦੇ ਕਿਸਾਨ ਭਾਰਤੀ ਕਿਸਾਨ ਯੂਨੀਅਨ (ਏਕਤਾ)-ਡਕੌਂਦਾ (ਪਹਿਲਾਂ ਸਿੱਧੂਪੁਰ) ਦੀ ਅਗਵਾਈ ’ਚ ਝੰਡਾ ਝੁਲਾਉਣ ਦੀ ਰਸਮ ਅਦਾ ਕਰ ਕੇ ਸ਼ਰਧਾਂਜਲੀ ਸਮਾਗਮ ਕੀਤਾ ਜਾਂਦਾ ਹੈ।


ਉਸ ਸਮੇਂ ਦਲਿਤ ਮਜ਼ਦੂਰ ਦੀ ਕਿਸਾਨੀ ਹਿਤ ਲਈ ਦਿੱਤੀ ਕੁਰਬਾਨੀ ਨੇ ਕੁੱਲ ਕਿਰਤੀਆਂ- ਮਜ਼ਦੂਰਾਂ ਕਿਸਾਨਾਂ ਦੀ ਜਮਾਤੀ ਸਾਂਝ ਦਾ ਨਵਾਂ ਵਰਕਾ ਲਿਖ ਦਿੱਤਾ ਸੀ; ਭਾਵੇਂ ਪਿੰਡਾਂ ’ਚ ਦਲਿਤਾਂ ਦੇ ਬਾਈਕਾਟ ਅਤੇ ਧਨਾਢਾਂ ਦੇ ਜਬਰ, ਧੱਕੇ ਦੀਆਂ ਘਟਨਾਵਾਂ ਸਾਨੂੰ ਹਲੂਣਦੀਆਂ ਰਹਿੰਦੀਆਂ ਹਨ ਪਰ ਪਿੱਛੇ ਜਿਹੇ ਬਠਿੰਡੇ ਦੇ ਪਿੰਡ ਦਾਨ ਸਿੰਘ ਵਾਲਾ ਅਤੇ ਫਰੀਦਕੋਟ ਦੇ ਪਿੰਡ ਚੰਦਭਾਨ ਦੇ ਕਿਸਾਨਾਂ ਨੇ ਪਿੰਡ ਦੇ ਦਲਿਤਾਂ ਪ੍ਰਤੀ ਜੋ ਵਤੀਰਾ ਅਖ਼ਤਿਆਰ ਕੀਤਾ, ਉਸ ਤੋਂ ਸਪਸ਼ਟ ਹੈ ਕਿ ਹਜ਼ਾਰਾਂ ਸਾਲਾਂ ਬਾਅਦ ਵੀ ਸਾਡੇ ਸਮਾਜ ਨੇ ਜਾਤ-ਪਾਤ ਦੇ ਕੋਹੜ ਤੋਂ ਖਹਿੜਾ ਨਹੀਂ ਛੁਡਾਇਆ। ਕੀ ਇਹ ਸਭ ਕੁਝ ਕਿਸਾਨ ਸੰਘਰਸ਼ਾਂ ਵਿੱਚ ਯੋਗਦਾਨ ਪਾਉਣ ਵਾਲੇ ਹਜ਼ਾਰਾਂ ਮਜ਼ਦੂਰਾਂ ਅਤੇ ਕਿਸਾਨ ਘੋਲ ’ਚ ਸ਼ਹਾਦਤ ਦਾ ਜਾਮ ਪੀ ਜਾਣ ਵਾਲੇ ਦਲਿਤ ਮਜ਼ਦੂਰ ਪਿਆਰਾ ਸਿੰਘ ਗਾਲਬ ਵਰਗਿਆਂ ਦੀ ਸ਼ਹਾਦਤ ਦਾ ਨਿਰਾਦਰ ਨਹੀਂ? ‘ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰ ਜੀਉ॥’ ਦਾ ਹੋਕਰਾ ਦੇਣ ਵਾਲੀ ਵਿਚਾਰਧਾਰਾ ਦਾ ਹਰ ਪਿੰਡ ’ਚ ਗੂੰਜਦਾ ਸ਼ਬਦ ਸਾਨੂੰ ਯਾਦ ਕਿਉਂ ਨਹੀਂ? ਦਸਵੇਂ ਗੁਰੂ ਜੀ ਦੀ ਇੱਕੋ ਬਾਟੇ ’ਚੋਂ ਅੰਮ੍ਰਿਤ ਛਕਾਉਣ ਵਾਲੀ ਮਹਾਨ ਪਰੰਪਰਾ ਦੇ ਅਸਲ ਮਕਸਦ ਨੂੰ ਕਿਉਂ ਛੁਟਿਆਇਆ ਜਾ ਰਿਹਾ ਹੈ? ਕਿਸਾਨ ਅੰਦੋਲਨ ’ਚ ਮਜ਼ਦੂਰ ਕਿਸਾਨ ਏਕਤਾ ਦੇ ਨਾਅਰੇ ਦੀ ਬਦੌਲਤ ਜਿੱਤ ਹਾਸਲ ਕਰਨ ਵਾਲੀ ਬਹੁਗਿਣਤੀ ਕਿਸਾਨੀ ਦੇ ਮਨਾਂ ’ਚ ਪੱਥਰ ਵਾਂਗ ਜਮਾਂ ਹੋਇਆ ਇਹ ਜਾਤੀ ਪਾੜਾ ਕਿਉਂ ਖਤਮ ਨਹੀਂ ਹੋ ਰਿਹਾ? ਚੰਗਾ ਲੱਗਾ ਕਿ ਪਿੰਡ ਚੰਦਭਾਨ ਦੇ ਬੇਕਸੂਰ ਮਜ਼ਦੂਰਾਂ ਨੂੰ ਜੇਲ੍ਹਾਂ ਵਿਚੋਂ ਬਿਨਾਂ ਸ਼ਰਤ ਕਢਾਉਣ ਅਤੇ ਦੋਸ਼ੀ ਧਨਾਢ ਖ਼ਿਲਾਫ਼ ਪਰਚਾ ਦਰਜ ਕਰਾਉਣ ਦੇ ਮਿਸਾਲੀ ਸੰਘਰਸ਼ ’ਚ ਕਿਸਾਨ ਜਥੇਬੰਦੀਆਂ ਨੇ ਵੀ ਮੋਢੇ ਨਾਲ ਮੋਢਾ ਲਾਇਆ। ਅੱਜ ਦੇ ਲੁੱਟ ਤੇ ਜਬਰ ਦੇ ਯੁੱਗ ’ਚ ਮਜ਼ਦੂਰ ਕਿਸਾਨ ਏਕਤਾ ਹੀ ਹਰ ਹੱਕੀ ਸੰਘਰਸ਼ ਦੀ ਜਿੱਤ ਅਤੇ ਰਾਜ ਤੇ ਸਮਾਜ ਬਦਲੀ ਦੀ ਇੱਕੋ-ਇੱਕ ਗਾਰੰਟੀ ਹੈ।

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver 6625, Fraser Street 604-322-5515 Email : nkrishi@yahoo.com
Two Locations to serve you
Surrey 604-505-6454 (By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
“Over 20 years experience as Denturist”
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# ਪਾਣੀ ਦਾ ਡਿੱਗਦਾ ਪੱਧਰ ਖ਼ਤਰੇ ਦੀ ਘੰਟੀ

ਲਿਖਤ : ਕਾਹਨ ਸਿੰਘ ਪੰਨੂੰ

ਪੰਜਾਬ ਵੱਡੇ ਪੱਧਰ 'ਤੇ ਜ਼ਮੀਨ ਹੇਠਲੇ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ, ਜੋ ਇਥੇ ਵਸਦੀ ਲੋਕਾਈ ਦੀ ਹੋਂਦ ਲਈ ਵੀ ਖ਼ਤਰਾ ਬਣ ਗਿਆ ਹੈ। ਕੇਂਦਰੀ ਗਰਾਊਂਡ ਵਾਟਰ ਬੋਰਡ (ਸੀਜੀਡਬਲਿਊਬੀ) ਦੀ ਤਾਜ਼ਾ ਰਿਪੋਰਟ ਮੁਤਾਬਿਕ ਅਗਲੇ ਸਿਰਫ਼ 14 ਸਾਲਾਂ ਵਿੱਚ ਪੰਜਾਬ ਜ਼ਮੀਨ ਹੇਠਲੇ ਵਰਤੋਂ ਯੋਗ ਪਾਣੀ ਦੀ ਆਖ਼ਰੀ ਬੂੰਦ ਵੀ ਖ਼ਤਮ ਕਰ ਚੁੱਕਾ ਹੋਵੇਗਾ।

ਵਰਤਮਾਨ ਰਾਜਨੀਤਕ ਸੱਤਾਧਾਰੀਆਂ, ਯੋਜਨਾਕਾਰਾਂ ਤੇ ਸਿਵਲ ਸੁਸਾਇਟੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਜ਼ਮੀਨ ਹੇਠਲਾ ਪਾਣੀ ਨਾ ਸਿਰਫ਼ ਦੁਨੀਆ ਦੇ ਇਸ ਹਿੱਸੇ ਉੱਤੇ ਵਸਦੀ ਮੌਜੂਦਾ ਪੀੜ੍ਹੀ ਲਈ ਹੀ ਬਚਾਇਆ ਜਾਵੇ ਬਲਕਿ ਭਵਿੱਖੀ ਪੀੜ੍ਹੀਆਂ ਲਈ ਵੀ ਬਚਾਇਆ ਜਾਵੇ, ਜਿਨ੍ਹਾਂ ਨੂੰ ਇਹ ਖੇਤਰ ਵਿਰਾਸਤ ਵਿੱਚ ਮਿਲੇਗਾ।

ਵਰਤਮਾਨ ਵਿਗਿਆਨਕ ਜਾਣਕਾਰੀ ਦਿਖਾਉਂਦੀ ਹੈ ਕਿ ਪੰਜਾਬ ਹਰ ਸਾਲ ਧਰਤੀ ਮਾਂ ਦੀ ਕੁੱਖ ਵਿੱਚੋਂ 2.8 ਕਰੋੜ ਏਕੜ ਫੁੱਟ (ਐੱਮਏਐੱਫ) ਪਾਣੀ ਕੱਢ ਰਿਹਾ ਹੈ, ਜਦੋਂਕਿ ਮੀਂਹ ਤੇ ਇਸ ਦੇ ਤਿੰਨ ਦਰਿਆਵਾਂ ਰਾਹੀਂ ਸਿਰਫ਼ 1.7 ਕਰੋੜ ਏਕੜ ਫੁੱਟ ਪਾਣੀ ਹੀ ਵਾਪਸ ਧਰਤੀ 'ਚ ਪੈ ਰਿਹਾ ਹੈ। ਇਸ ਅਸੰਤੁਲਨ ਕਾਰਨ ਪਾਣੀ ਦਾ ਪੱਧਰ ਤਕਰੀਬਨ ਅੱਧਾ ਮੀਟਰ ਪ੍ਰਤੀ ਸਾਲ ਦੀ ਖ਼ਤਰਨਾਕ ਦਰ ਨਾਲ ਡਿੱਗ ਰਿਹਾ ਹੈ ਤੇ ਪੰਜਾਬ ਨੂੰ ਮਾਰੂਥਲੀਕਰਨ ਵੱਲ ਲਿਜਾ ਰਿਹਾ ਹੈ।

ਇਸ ਹੱਦੋਂ ਵੱਧ ਵਰਤੋਂ ਦਾ ਇੱਕ ਸਭ ਤੋਂ ਪ੍ਰਮੁੱਖ ਕਾਰਨ ਪੰਜਾਬ ਵਿੱਚ 'ਊਰਜਾ-ਪਾਣੀ-ਖ਼ੁਰਾਕ' ਦਾ ਗੱਠਜੋੜ ਜਾਂ ਮਿਲੀਭੁਗਤ ਹੈ। ਖ਼ੁਰਾਕ ਪੈਦਾ ਕਰਨ ਵਾਸਤੇ ਪਾਣੀ ਕੱਢਣ ਲਈ ਬਿਜਲੀ ਸਰਕਾਰ ਵੱਲੋਂ ਮੁਫ਼ਤ ਦਿੱਤੀ ਜਾਂਦੀ ਹੈ। ਇਸ ਲਈ ਇਸ ਦੀ ਜ਼ਿਆਦਾ ਜ਼ਿੰਮੇਵਾਰੀ ਬਣਦੀ ਹੈ ਕਿ ਸੰਕਟ ਨਾਲ ਨਜਿੱਠਣ ਲਈ ਅਮਲੀ ਕਾਰਵਾਈ ਕੀਤੀ ਜਾਵੇ, ਇਸ ਤੋਂ ਪਹਿਲਾਂ ਕਿ ਪੰਜਾਬ ਬੰਜਰ ਤੇ ਬੇਕਾਰ ਭੂਮੀ ਬਣ ਕੇ ਰਹਿ ਜਾਵੇ।

ਇਸ ਤੋਂ ਇਲਾਵਾ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਨਾ ਕੇਵਲ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ, ਸਗੋਂ ਹੁਣ ਧਰਤੀ ਦੀਆਂ ਬਹੁਤ ਡੂੰਘੀਆਂ ਪਰਤਾਂ ਵਿੱਚੋਂ ਕੱਢਿਆ ਜਾ ਰਿਹਾ ਹੈ ਜਿੱਥੇ ਭਾਰੀਆਂ ਧਾਤਾਂ ਤੇ ਨਾਈਟ੍ਰੇਟ ਮੌਜੂਦ ਹਨ, ਜਿਸ ਕਰ ਕੇ ਇਹ ਪਾਣੀ ਮਨੁੱਖਾਂ ਤੇ ਜਾਨਵਰਾਂ ਦੇ ਪੀਣ ਲਈ ਸਹੀ ਨਹੀਂ ਹੈ। ਇਸ ਲਈ ਸਮੇਂ ਦੀ ਮੰਗ ਹੈ ਕਿ ਸਰਕਾਰ ਸਥਿਤੀ ਸੁਧਾਰਨ ਲਈ ਹੇਠ ਲਿਖੇ ਜ਼ਰੂਰੀ ਕਦਮ ਜਲਦੀ ਤੋਂ ਜਲਦੀ ਚੁੱਕੇ:

1) ਝੋਨਾ ਲਾਉਣ ਦੀ ਤਰੀਕ 20 ਜੂਨ ਕੀਤੀ ਜਾਵੇ- ਹਾਲਾਂਕਿ ਵਿਗਿਆਨੀ ਮੌਨਸੂਨ ਦੀ ਆਮਦ ਦੇ ਨਾਲ ਝੋਨੇ ਦੀ ਕਾਸ਼ਤ ਦੀ ਸਿਫਾਰਿਸ਼ ਕਰਦੇ ਹਨ ਪਰ ਜ਼ਮੀਨੀ ਹਕੀਕਤ ਨੂੰ ਦੇਖਦਿਆਂ ਸਰਕਾਰ ਨੂੰ ਹੇਠ ਲਿਖੇ ਕਾਰਨਾਂ ਕਰ ਕੇ 20 ਜੂਨ ਤੋਂ ਪੜਾਅਵਾਰ ਕਾਸ਼ਤ ਦੀ ਸਮਾਂ-ਸਾਰਨੀ ਲਾਗੂ ਕਰਨੀ ਚਾਹੀਦੀ ਹੈ, ਕਾਰਨ ਹਨ...

* ਕਿਸਾਨ ਹੁਣ ਜ਼ਿਆਦਾਤਰ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਬੀਜ ਰਹੇ ਹਨ ਜੋ ਓਨੀ ਹੀ ਪੈਦਾਵਾਰ ਲਈ 90-100 ਦਿਨ ਲੈਂਦੀਆਂ ਹਨ, ਜਿੰਨੀ ਪੈਦਾਵਾਰ ਤੇ ਪਕਾਈ ਲਈ 2009 ਤੋਂ ਪਹਿਲਾਂ ਦੀਆਂ ਕਿਸਮਾਂ 130-140 ਦਿਨ ਲੈ ਲੈਂਦੀਆਂ ਸਨ।
* ਆਪਣੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਤੇ ਸੰਭਾਲਣ ਲਈ ਝੋਨੇ ਦੀ ਲਵਾਈ ਦੀ ਮਿਤੀ ਨਿਯਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਸੀ, ਜਿਸ ਨੇ ਇਸ ਮੰਤਵ ਲਈ 2008 ਵਿੱਚ ਅਗਾਂਹਵਧੂ ਕਾਨੂੰਨ ਬਣਾਇਆ ਸੀ। ਇਸ ਕਾਨੂੰਨ ਤਹਿਤ ਝੋਨੇ ਦੀ ਕਾਸ਼ਤ ਲਈ 10 ਜੂਨ ਦੀ ਤਰੀਕ ਮਿੱਥੀ ਗਈ ਸੀ, ਜਿਸ ਨੂੰ 2014 ਵਿੱਚ 15 ਜੂਨ ਤੱਕ ਵਧਾ ਦਿੱਤਾ ਗਿਆ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਥੋੜ੍ਹੀ-ਬਹੁਤੀ ਫੇਰਬਦਲ ਨਾਲ ਇਹ ਉਸੇ ਪੱਧਰ ਉੱਤੇ ਜਾਰੀ ਹੈ। ਜ਼ਿਆਦਾਤਰ ਕਿਸਾਨਾਂ ਨੇ ਪਿਛਲੇ 17 ਸਾਲਾਂ ਵਿੱਚ 'ਦਿ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੋਇਲ ਵਾਟਰ ਐਕਟ 2009' ਤਹਿਤ ਆਪਣੀਆਂ ਸਾਉਣੀ ਦੀਆਂ ਖੇਤੀ ਗਤੀਵਿਧੀਆਂ ਨੂੰ ਨਿਯਮਿਤ ਕਰ ਲਿਆ ਹੈ। ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਦੀ ਰਿਪੋਰਟ ਮੁਤਾਬਿਕ, 2009 ਤੋਂ ਪਹਿਲਾਂ ਪਾਣੀ ਦੇ ਪੱਧਰ ਵਿੱਚ ਸਾਲਾਨਾ 75 ਸੈਂਟੀਮੀਟਰ ਦੀ ਗਿਰਾਵਟ ਦਰਜ ਕੀਤੀ ਜਾ ਰਹੀ ਸੀ, ਜੋ ਕਾਨੂੰਨ ਦੇ ਅਸਰਦਾਰ ਢੰਗ ਨਾਲ ਲਾਗੂ ਹੋਣ ਤੋਂ ਬਾਅਦ ਦੇ ਦੌਰ 'ਚ ਘਟ ਕੇ 40 ਸੈਂਟੀਮੀਟਰ ਰਹਿ ਗਈ।
* ਤਾਜ਼ਾ ਰਿਪੋਰਟਾਂ ਮੁਤਾਬਿਕ, ਪੰਜਾਬ ਦੇ ਤਿੰਨ ਡੈਮਾਂ- ਭਾਖੜਾ ਡੈਮ, ਰਣਜੀਤ ਸਾਗਰ ਡੈਮ ਤੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲਾਂ ਦੇ ਮੁਕਾਬਲੇ ਔਸਤ ਤੋਂ 52 ਫ਼ੀਸਦੀ ਘੱਟ ਹੈ। ਪੰਜਾਬ ਨੂੰ ਝੋਨਾ ਲਾਉਣ ਲਈ ਇਨ੍ਹਾਂ ਤਿੰਨਾਂ ਡੈਮਾਂ ਤੋਂ ਲਗਭਗ 14.50 ਐੱਮਏਐੱਫ ਪਾਣੀ ਮਿਲਦਾ ਹੈ। ਇਸ ਲਈ ਗਰਮੀਆਂ ਦੀ ਰੁੱਤ ਵਿੱਚ ਸਿੰਜਾਈ ਲਈ ਘੱਟ ਨਹਿਰੀ ਪਾਣੀ ਉਪਲੱਬਧ ਹੋਵੇਗਾ, ਜਿਸ ਕਰ ਕੇ ਝੋਨੇ ਦੀ ਫ਼ਸਲ ਲਈ ਜ਼ਮੀਨ ਹੇਠਲੇ ਪਾਣੀ ਉੱਤੇ ਵਾਧੂ ਬੋਝ ਪਏਗਾ। ਇੱਕ ਕਿਲੋ ਝੋਨਾ ਪੈਦਾ ਕਰਨ ਲਈ 4000 ਲੀਟਰ ਪਾਣੀ ਦੀ ਲੋੜ ਪੈਂਦੀ ਹੈ, ਇਸ ਲਈ ਨਹਿਰੀ ਪਾਣੀ ਵਿੱਚ ਕਿਸੇ ਵੀ ਕਿਸਮ ਦੀ ਕਮੀ ਦੀ ਪੂਰਤੀ ਕਿਸਾਨਾਂ ਵੱਲੋਂ ਧਰਤੀ ਹੇਠਲਾ ਪਾਣੀ ਕੱਢ ਕੇ ਕੀਤੀ ਜਾਵੇਗੀ।
* ਮੌਸਮ ਵਿਭਾਗ ਨੇ ਤਾਪਮਾਨ ਆਮ ਨਾਲੋਂ ਵੱਧ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਵਾਰ ਗਰਮੀ ਦੀ ਰੁੱਤ, ਖ਼ਾਸ ਕਰ ਕੇ ਜੂਨ ਵਿੱਚ ਲੂ ਦੇ ਲੰਮਾ ਚੱਲਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ, ਇਸ ਲਈ ਜੂਨ ਮਹੀਨੇ ਜਾਂ ਇਸ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਲਈ ਤਪਸ਼ ਕਾਰਨ ਜ਼ਿਆਦਾ ਪਾਣੀ ਦੀ ਲੋੜ ਰਹੇਗੀ। ਇੱਥੇ ਝੋਨੇ ਦੀ ਕਾਸ਼ਤ ਨੂੰ ਜੂਨ ਦੇ ਅਖ਼ੀਰਲੇ ਦਿਨਾਂ ਜਾਂ ਮੌਨਸੂਨ ਦੇ ਨੇੜੇ-ਤੇੜੇ ਰੱਖਣ ਦੀ ਮੰਗ ਪੈਦਾ ਹੁੰਦੀ ਹੈ।
* ਜੂਨ ਦੇ ਅਖ਼ੀਰ 'ਚ ਲਾਇਆ ਝੋਨਾ ਅਕਤੂਬਰ ਦੇ ਸ਼ੁਰੂ ਵਿੱਚ ਪੱਕ ਜਾਂਦਾ ਹੈ, ਜਦੋਂ ਵਾਢੀ ਲਈ ਵੀ ਵਧੀਆ ਸਥਿਤੀਆਂ ਹੁੰਦੀਆਂ ਹਨ। ਜਲਦੀ ਬੀਜੇ ਝੋਨੇ ਦੀ ਕਟਾਈ ਸਤੰਬਰ ਮਹੀਨੇ ਮੌਨਸੂਨ ਦੇ ਅਖੀਰਲੇ ਪੜਾਅ ਵਿੱਚ ਆ ਜਾਂਦੀ ਹੈ, ਜਿਸ ਕਾਰਨ ਫ਼ਸਲ ਭਰਵੇਂ ਮੀਂਹਾਂ, ਝੱਖੜਾਂ ਤੇ ਵੱਧ ਨਮੀ ਦੀ ਲਪੇਟ ਵਿੱਚ ਆਉਂਦੀ ਹੈ। ਨਤੀਜੇ ਵਜੋਂ ਕਿਸਾਨਾਂ ਨੂੰ ਮੰਡੀਕਰਨ 'ਚ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ, ਜਦੋਂਕਿ ਭਾਰਤ ਸਰਕਾਰ ਵੀ ਪਹਿਲੀ ਅਕਤੂਬਰ ਤੋਂ ਝੋਨੇ ਦੀ ਖਰੀਦ ਦੇ ਆਦੇਸ਼ ਦਿੰਦੀ ਹੈ।

2) ਲੰਮਾ ਸਮਾਂ ਲੈਣ ਵਾਲੀ ਪੂਸਾ 44 ਕਿਸਮ ਨੂੰ ਬੰਦ ਕੀਤਾ ਜਾਵੇ: ਪੂਸਾ 44 ਕਿਸਮ ਤੇ ਇਸ ਦੇ ਹੋਰ ਰੂਪ (ਪੀਲੀ ਪੂਸਾ ਤੇ ਡੋਗਰ ਪੂਸਾ) ਨਾ ਸਿਰਫ਼ ਵੱਧ ਸਮਾਂ ਲੈ ਕੇ ਜ਼ਿਆਦਾ ਪਾਣੀ ਖਿੱਚਦੇ ਹਨ ਸਗੋਂ ਵੱਧ ਰਹਿੰਦ-ਖੂੰਹਦ ਪੈਦਾ ਕਰ ਕੇ ਪ੍ਰਦੂਸ਼ਣ ਵਿੱਚ ਵੀ ਹਿੱਸਾ ਪਾਉਂਦੇ ਹਨ। ਕਿਸਾਨਾਂ ਨੂੰ ਅਗਾਊਂ ਸੂਚੇਤ ਕਰ ਕੇ ਪੰਜਾਬ ਨੂੰ ਇਸ ਦੀ ਕਾਸ਼ਤ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਰਾਜ ਦੀਆਂ ਖ਼ਰੀਦ ਏਜੰਸੀਆਂ ਨੂੰ ਇਸ ਕਿਸਮ ਦਾ ਅਨਾਜ ਨਾ ਖ਼ਰੀਦਣ ਲਈ ਕਹਿਣਾ ਚਾਹੀਦਾ ਹੈ।

3) ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਵਿਆਪਕ ਰਣਨੀਤੀ: ਪੰਜਾਬ ਸਾਲਾਨਾ ਜਿੰਨਾ ਪਾਣੀ ਧਰਤੀ ਨੂੰ ਮੋੜਦਾ ਹੈ, ਉਸ ਤੋਂ 11 ਐੱਮਏਐੱਫ ਵੱਧ ਕੱਢ ਲੈਂਦਾ ਹੈ, ਪਾਣੀ ਕੱਢਣ ਦੀ ਦਰ 165 ਪ੍ਰਤੀਸ਼ਤ ਹੈ ਜੋ ਕਿ ਬਿਲਕੁਲ ਵੀ ਟਿਕਾਊ ਨਹੀਂ ਹੈ, ਕਿਉਂਕਿ ਕੌਮਾਂਤਰੀ ਪੱਧਰ ਉੱਤੇ ਇਹ 75 ਪ੍ਰਤੀਸ਼ਤ ਮਿੱਥੀ ਗਈ ਹੈ। ਇਸ ਲਈ ਰਾਜ ਨੂੰ ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਵਿਆਪਕ ਨੀਤੀ ਲਾਗੂ ਕਰਨੀ ਚਾਹੀਦੀ ਹੈ ਤਾਂ ਕਿ ਜਿੰਨਾ ਪਾਣੀ ਕੱਢਿਆ ਜਾ ਰਿਹਾ ਹੈ ਓਨਾ ਰੀਚਾਰਜ ਵੀ ਹੋ ਸਕੇ। ਲੋਕਾਂ ਦੀ ਸਰਗਰਮ ਸ਼ਮੂਲੀਅਤ ਦੇ ਨਾਲ ਬਣਾਉਟੀ ਤੇ ਕੁਦਰਤੀ ਰੀਚਾਰਜਿੰਗ ਤਕਨੀਕਾਂ ਦਾ ਮਿਸ਼ਰਤ ਢਾਂਚਾ ਅਪਣਾਇਆ ਜਾ ਸਕਦਾ ਹੈ।

4) ਫ਼ਸਲੀ ਵਿਭਿੰਨਤਾ ਨੂੰ ਹੁਲਾਰਾ: ਕਿਸੇ ਵੇਲੇ ਪੰਜਾਬ 'ਚ ਸਾਉਣੀ ਰੁੱਤੇ ਕਪਾਹ ਤੇ ਮੱਕੀ ਦਾ ਬੋਲਬਾਲਾ ਹੁੰਦਾ ਸੀ। ਹਾਲਾਂਕਿ ਲਾਭ ਤੋਂ ਸੱਖਣੇ ਫ਼ਸਲੀ ਉਤਪਾਦਨ ਤੇ ਮੰਡੀਕਰਨ ਮਾਹੌਲ ਨੇ ਕਿਸਾਨਾਂ ਨੂੰ ਇਹ ਫ਼ਸਲਾਂ ਛੱਡਣ ਤੇ ਝੋਨੇ ਵੱਲ ਮੁੜਨ ਲਈ ਮਜਬੂਰ ਕਰ ਦਿੱਤਾ ਜੋ ਕਿ ਨਾ ਸਿਰਫ਼ ਉਤਪਾਦਨ ਦੇ ਜੋਖ਼ਮਾਂ ਤੋਂ ਬੇਲਾਗ ਸੀ ਸਗੋਂ ਐੱਮਐੱਸਪੀ ਦੀ ਗਾਰੰਟੀ ਵੀ ਦਿੰਦਾ ਸੀ ਅਤੇ ਮਾਰਕੀਟ ਕਲੀਅਰੈਂਸ ਵੀ ਯਕੀਨੀ ਸੀ। ਨਤੀਜੇ ਵਜੋਂ ਝੋਨੇ ਹੇਠਲਾ ਰਕਬਾ 1990 ਵਿੱਚ 50 ਲੱਖ ਹੈਕਟੇਅਰ ਤੋਂ ਵਧ ਕੇ ਪਿਛਲੇ ਸਾਲ 80 ਲੱਖ ਹੈਕਟੇਅਰ ਹੋ ਗਿਆ ਜਿਸ ਨੇ ਜ਼ਮੀਨ ਹੇਠਲੇ ਪਾਣੀ ਦੇ ਸਰੋਤਾਂ ਉੱਤੇ ਵੱਡਾ ਬੋਝ ਪਾਇਆ।

ਵੀਹ ਲੱਖ ਏਕੜ 'ਤੇ ਸਾਉਣੀ ਦੀਆਂ ਹੋਰ ਫ਼ਸਲਾਂ ਨੂੰ ਉਤਸ਼ਾਹਿਤ ਕਰ ਕੇ ਜ਼ਮੀਨੀ ਪਾਣੀ ਦਾ ਸੰਤੁਲਨ ਬਹਾਲ ਕੀਤਾ ਜਾ ਸਕਦਾ ਹੈ। ਸ਼ੁਰੂਆਤੀ ਕਦਮ ਵਜੋਂ ਸਰਕਾਰ ਨੂੰ ਉਨ੍ਹਾਂ 11 ਬਲਾਕਾਂ ਵਿੱਚ ਬਦਲਵੀਆਂ ਫ਼ਸਲਾਂ ਦੀ ਖੇਤੀ ਯਕੀਨੀ ਬਣਾਉਣੀ ਚਾਹੀਦੀ ਹੈ ਜਿੱਥੇ ਪਾਣੀ ਕੱਢਣ ਦੀ ਦਰ, ਪੂਰਤੀ (ਰੀਚਾਰਜ) ਤੋਂ ਖ਼ਤਰਨਾਕ ਢੰਗ ਨਾਲ 300 ਫ਼ੀਸਦੀ ਉੱਤੇ ਜਾ ਚੁੱਕੀ ਹੈ।

ਪੰਜਾਬ ਵਿੱਚ ਖੇਤੀਬਾੜੀ ਚੌਰਾਹੇ ਉੱਤੇ ਖੜ੍ਹੀ ਹੈ। ਖੇਤੀ ਲਈ ਅਲਾਟ 14,524 ਕਰੋੜ ਰੁਪਏ ਦੇ ਬਜਟ ਦੇ ਬਾਵਜੂਦ ਇਸ ਖੇਤਰ ਦੇ ਕਸ਼ਟ ਘਟੇ ਨਹੀਂ ਹਨ ਤੇ ਜ਼ਮੀਨ ਹੇਠਲੇ ਪਾਣੀ ਦਾ ਸੰਕਟ ਨਿਰੰਤਰ ਬਦਤਰ ਹੁੰਦਾ ਜਾ ਰਿਹਾ ਹੈ। ਨੀਤੀ ਵਿੱਚ ਫੌਰੀ ਬਦਲਾਅ ਤੇ ਠੋਸ ਕਾਰਵਾਈ ਤੋਂ ਬਿਨਾਂ ਪੰਜਾਬ ਦਾ ਖੇਤੀ ਅਰਥਚਾਰਾ ਤੇ ਵਾਤਾਵਰਨ ਸਥਿਰਤਾ ਗੰਭੀਰ ਖ਼ਤਰੇ 'ਚ ਘਿਰੇ ਰਹਿਣਗੇ। ਕਾਰਵਾਈ ਕਰਨ ਦਾ ਇਹੀ ਸਮਾਂ ਹੈ।

# ਨਸ਼ਿਆਂ ਖ਼ਿਲਾਫ਼ ਮੁਹਿੰਮ

ਲਿਖਤ : ਗੁਰਪ੍ਰੀਤ ਸਿੰਘ ਨਾਭਾ
ਸੰਪਰਕ- 97795-89300

ਗੱਲ ਜੂਨ 2017 ਦੀ ਹੈ। ਉਦੋਂ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਪੜ੍ਹਨ ਦੇ ਨਾਲ ਵਿਦਿਆਰਥੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਸਰਗਰਮ ਕਾਰਕੁਨ ਵੀ ਸੀ। ਇਸ ਤੋਂ ਇਲਾਵਾ ਗੁਜ਼ਾਰੇ ਲਈ ਖੇਤੀ ਵੀ ਕਰਦਾ ਸੀ। ਸਮਾਜਿਕ ਤੌਰ 'ਤੇ ਚੇਤੰਨ ਹੋਣ ਕਰਕੇ ਪਿੰਡ ਵਿੱਚ ਵੀ ਕੋਈ ਨਾ ਕੋਈ ਸਮਾਜਿਕ, ਰਾਜਨੀਤਿਕ ਸਰਗਰਮੀ ਕਰਦਾ ਰਹਿੰਦਾ ਸੀ। ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਦਰਿਆ ਦੀ ਲਪੇਟ ਵਿੱਚ ਆਉਣ ਤੋਂ ਮੇਰਾ ਪਿੰਡ ਵੀ ਨਹੀਂ ਬਚ ਸਕਿਆ ਸੀ। ਚਿੱਟਾ, ਸਮੈਕ ਅਤੇ ਗੋਲੀਆਂ ਦੇ ਲਗਾਤਾਰ ਵਧਦੇ ਵਹਾਅ ਤੋਂ ਸੁਹਿਰਦ ਪਿੰਡ ਵਾਸੀ ਤੇ ਕੁਝ ਨੌਜਵਾਨ ਬਹੁਤ ਚਿੰਤਤ ਸਨ। ਅਸੀਂ ਜਦੋਂ ਵੀ ਇਕੱਠੇ ਹੁੰਦੇ ਤਾਂ ਜਿੱਥੇ ਇਸ ਸਮੱਸਿਆ ਦੇ ਹੱਲ ਬਾਰੇ ਚਿੰਤਾ ਜ਼ਾਹਰ ਕਰਦੇ ਉੱਥੇ ਵਿਉਂਤਬੰਦੀ ਕਰਨ ਬਾਰੇ ਵੀ ਸੋਚਦੇ। ਭੁੱਕੀ ਵਰਗਾ ਰਵਾਇਤੀ ਨਸ਼ਾ ਮਹਿੰਗਾ ਹੋਣ ਕਰਕੇ ਮੈਡੀਕਲ ਨਸ਼ਾ ਪਰਚੂਨ ਤੇ ਝੋਲਾਛਾਪ ਡਾਕਟਰਾਂ (ਕੁਝ ਇਕ ਨੂੰ ਛੱਡ ਕੇ) ਤੋਂ ਸਸਤਾ ਤੇ ਸੌਖਾ ਮਿਲ ਜਾਂਦਾ ਸੀ। ਪਿੰਡ ਦੀ ਇਸ ਸਥਿਤੀ ਨਾਲ ਨਜਿੱਠਣ ਲਈ ਅਗਵਾਈ ਕਰਨ ਵਾਸਤੇ ਕੋਈ ਤਿਆਰ ਨਹੀਂ ਸੀ। ਸਾਡੀ ਬਚਪਨ ਦੇ ਤਿੰਨ ਦੋਸਤਾਂ ਦੀ ਤਿੱਕੜੀ ਪਿੰਡ ਦੇ ਕਈ ਅਹਿਮ ਤੇ ਸਾਂਝੇ ਮਸਲਿਆਂ ਨੂੰ ਉਭਾਰ ਕੇ ਹੱਲ ਕਰਵਾਉਣ 'ਚ ਪਹਿਲਾਂ ਵੀ ਕਾਮਯਾਬ ਹੋਈ ਸੀ। ਅਸੀਂ ਹਰ ਗਲਤ ਕੰਮ ਜਾਂ ਵਧੀਕੀ ਵਿਰੁੱਧ ਡਟ ਕੇ ਆਪਣੀ ਆਵਾਜ਼ ਬੁਲੰਦ ਕਰਦੇ। ਪਿੰਡ ਵਾਸੀਆਂ 'ਚ ਚੰਗਾ ਆਧਾਰ ਹੋਣ ਕਰਕੇ ਲੋਕਾਂ ਨੂੰ ਸਾਡੇ ਤੋਂ ਉਮੀਦ ਸੀ ਕਿ ਇਹ ਤਿੰਨੋਂ ਹੀ ਕੁਝ ਕਰ ਸਕਦੇ ਹਨ। ਅਸੀਂ ਪਿੰਡ ਦੇ ਨੌਜਵਾਨਾਂ ਨੂੰ ਨਾਲ ਲੈ ਕੇ ਨਸ਼ਾ ਵਿਰੋਧੀ ਮੁਹਿੰਮ ਦਾ ਆਗਾਜ਼ ਕਰ ਦਿੱਤਾ। ਸਭ ਤੋਂ ਪਹਿਲਾਂ ਨਸ਼ਾ ਵੇਚਣ ਵਾਲਿਆਂ ਨੂੰ ਆਪਣੇ ਪੱਧਰ 'ਤੇ ਸਮਝਾਉਣ ਦਾ ਯਤਨ ਕੀਤਾ ਪਰ ਸੁਧਰਨ ਦੀ ਬਜਾਏ ਉਨ੍ਹਾਂ ਵਿੱਚੋਂ ਇੱਕ ਝੋਲਾਛਾਪ ਡਾਕਟਰ ਨੇ ਤਾਂ ਸਾਨੂੰ ਹੀ ਚੁਣੌਤੀ ਦੇ ਦਿੱਤੀ ਕਿ ਕਿਸੇ 'ਚ ਦਮ ਨਹੀਂ ਕਿ ਉਸਨੂੰ ਰੋਕ ਸਕੇ। ਬਸ ਇਹ ਗੱਲ ਸਾਰੇ ਨੌਜਵਾਨਾਂ ਦੇ ਅੰਦਰ ਘਰ ਕਰ ਗਈ ਤੇ ਫਿਰ ਅਸੀਂ ਸਹੀ ਸਮਾਂ ਆਉਣ ਦੀ ਉਡੀਕ ਕਰਨ ਲੱਗੇ। ਪੁਲੀਸ ਪ੍ਰਸ਼ਾਸਨ ਨਾਲ ਸਾਰੀ ਗੱਲ ਤੈਅ ਕਰਨ ਤੋਂ ਬਾਅਦ ਅਸੀਂ ਫਿਰ ਇਕ ਦਿਨ ਸ਼ਾਮ ਨੂੰ ਇਕੱਠੇ ਹੋਏ ਤੇ ਮਿਥੀ ਯੋਜਨਾ ਮੁਤਾਬਕ ਉਸ ਡਾਕਟਰ ਤੋਂ ਗੋਲੀਆਂ ਬਰਾਮਦ ਕਰਵਾ ਕੇ ਉਸਨੂੰ ਪੁਲੀਸ ਹਵਾਲੇ ਕਰਵਾਇਆ। ਅਗਲੇ ਦਿਨ ਪਿੰਡੋਂ ਉਸ ਦੀ ਦੁਕਾਨ ਵੀ ਖਾਲੀ ਕਰਵਾ ਦਿੱਤੀ। ਇਸ ਡਾਕਟਰ ਤੋਂ ਇਲਾਵਾ ਹੋਰ ਗੋਲੀਆਂ ਵੇਚਣ ਵਾਲਿਆਂ ਨੂੰ ਵੀ ਪੁਲੀਸ ਦਾ ਸਾਥ ਦੇ ਕੇ ਫੜਾਇਆ। ਨਸ਼ਿਆਂ ਨੂੰ ਰੋਕਣ ਲਈ ਬਣੀ ਐੱਸ.ਟੀ.ਐੱਫ ਨੇ ਵੀ ਸਾਡੇ ਪਿੰਡ ਛਾਪਾ ਮਾਰਿਆ। ਹੁਣ ਤੱਕ ਇਹ ਸਾਰਾ ਮਾਮਲਾ ਮੀਡੀਆ ਵਿੱਚ ਵੀ ਆ ਚੁੱਕਿਆ ਸੀ। ਪਿੰਡ ਦੋ ਧੜਿਆਂ ਵਿੱਚ ਵੰਡਿਆ ਗਿਆ। ਇਕ ਪਾਸੇ ਅਸੀਂ ਤੇ ਦੂਜੇ ਪਾਸੇ ਨਸ਼ੇ ਵੇਚਣ ਵਾਲੇ ਤੇ ਹਾਕਮ ਜਮਾਤ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਨੇ ਇਕੱਠਿਆਂ ਹੋ ਕੇ ਮੀਡੀਆ ਵਿੱਚ ਪਿੰਡ 'ਚ ਨਸ਼ਾ ਨਾ ਹੋਣ ਦੀ ਗੱਲ ਨੂੰ ਲਗਾਤਾਰ ਉਭਾਰਿਆ। ਉਹ ਸਾਡੇ ਨਾਲ ਵੀ ਸਿੰਙ ਫਸਾਉਣਾ ਚਾਹੁੰਦੇ ਸਨ। ਪਿੰਡ ਪੱਧਰ 'ਤੇ ਸਾਡੇ ਵੱਲੋਂ ਚਲਾਈ ਮੁਹਿੰਮ ਤੋਂ ਕੁਝ ਦਿਨ ਬਾਅਦ ਹੀ ਜੁਲਾਈ ਦੇ ਪਹਿਲੇ ਹਫ਼ਤੇ 'ਨਸ਼ਿਆਂ ਖ਼ਿਲਾਫ਼ ਕਾਲਾ ਹਫ਼ਤਾ' ਮਿੰਟੂ ਗੁਰੂਸਰੀਆ, ਪਾਲੀ ਭੁਪਿੰਦਰ, ਬਲਤੇਜ ਪੰਨੂ ਤੇ ਸਾਥੀਆਂ ਵੱਲੋਂ ਸ਼ੁਰੂ ਕੀਤਾ ਗਿਆ। ਸਾਡੀ ਨਸ਼ਾ ਵਿਰੋਧੀ ਮੁਹਿੰਮ, ਵਿਰੋਧੀ ਧਿਰ ਦੇ ਨੇਤਾ ਦੇ ਧਿਆਨ 'ਚ ਆਉਣ ਕਰਕੇ ਉਨ੍ਹਾਂ ਸਾਡੇ ਪਿੰਡ ਆ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਨਸ਼ਿਆਂ ਖ਼ਿਲਾਫ਼ ਮੁਹਿੰਮ ਰਾਹੀਂ ਭਾਵੇਂ ਅਸੀਂ ਕੁਝ ਸਮੇਂ ਲਈ ਅੰਸ਼ਕ ਤੌਰ 'ਤੇ ਹੀ ਕਾਮਯਾਬ ਹੋਏ ਪਰ ਪੰਜਾਬ ਨੂੰ ਨਸ਼ਾ ਰਹਿਤ ਕਰਨ ਲਈ ਸਰਕਾਰਾਂ ਦਾ ਸਾਥ ਤੇ ਲੋਕ ਲਹਿਰ ਦੀ ਵੱਡੀ ਲਾਮਬੰਦੀ ਬਹੁਤ ਜ਼ਰੂਰੀ ਹੈ। ਸਾਡੀ ਨਸ਼ਾ ਵਿਰੋਧੀ ਮੁਹਿੰਮ ਨੂੰ ਲੋਕਾਂ ਦੇ ਕਈ ਸਵਾਲਾਂ ਦਾ ਵੀ ਸਾਹਮਣਾ ਵੀ ਕਰਨਾ ਪਿਆ ਜਿਵੇਂ ਕਿ ਕਿਹੜੇ-ਕਿਹੜੇ ਨਸ਼ੇ ਬੰਦ ਹੋਣੇ ਚਾਹੀਦੇ ਨੇ? ਕੀ ਸ਼ਰਾਬ,ਤੰਬਾਕੂ ਅਤੇ ਸਿਗਰਟ ਆਦਿ ਵੀ ਇਸ ਸ਼੍ਰੇਣੀ 'ਚ ਹਨ? ਕੀ ਇਨ੍ਹਾਂ ਨਸ਼ਿਆਂ ਦੀ ਵਰਤੋਂ ਨੂੰ ਕਾਨੂੰਨੀ ਮਾਨਤਾ ਦਾ ਮਤਲਬ ਇਹ ਕੱਢਿਆ ਜਾਵੇ ਕਿ ਇਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੈ। ਲੋਕਾਂ ਦਾ ਕਹਿਣਾ ਸੀ ਕਿ ਉਹ ਲੰਬੇ ਸਮੇਂ ਤੋਂ ਰਵਾਇਤੀ ਨਸ਼ਿਆਂ ਦੀ ਵਰਤੋਂ ਕਰਦੇ ਆ ਰਹੇ ਹਨ ਤੇ ਉਨ੍ਹਾਂ ਲਈ ਇਹ ਛੱਡਣੇ ਸੌਖੇ ਨਹੀਂ। ਭਾਵੇਂ ਸਾਡੇ ਕੋਲ ਬਹੁਤੇ ਸਵਾਲਾਂ ਦੇ ਜਵਾਬ ਤਾਂ ਨਹੀਂ ਸਨ ਪਰ ਸਿੱਖਣ ਨੂੰ ਬਹੁਤ ਕੁਝ ਮਿਲਿਆ। ਅੰਤ ਵਿੱਚ ਇਹ ਕਹਿ ਸਕਦੇ ਹਾਂ ਕਿ ਨਸ਼ਿਆਂ ਦੀ ਰੋਕਥਾਮ ਲਈ ਹਰ ਮੁਹਿੰਮ ਨੂੰ ਸਾਰੀਆਂ ਗੱਲਾਂ ਧਿਆਨ ਵਿੱਚ ਰੱਖਣ ਦੀ ਲੋੜ ਹੈ। ਇਸ ਲਈ ਇਹ ਜ਼ਰੂਰ ਤੈਅ ਕਰਨਾ ਪਵੇਗਾ ਕਿ ਕਿਸੇ ਇੱਕ ਜਾਂ ਹਰ ਤਰ੍ਹਾਂ ਦੇ ਨਸ਼ਿਆ ਨੂੰ ਕੇਂਦਰ ਬਿੰਦੂ ਵਿੱਚ ਰੱਖਣਾ ਹੈ, ਜੋ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਹਨ। ਇਸ ਲਈ ਕਿਸੇ ਵੀ ਮੁਹਿੰਮ ਜਾਂ ਲਹਿਰ ਦੇ ਆਗਾਜ਼ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਵਾਚ ਕੇ ਵਿਗਿਆਨਿਕ ਤੇ ਉਸਾਰੂ ਯੋਜਨਾਬੰਦੀ ਕਰਨੀ ਪਵੇਗੀ ਤਾਂ ਜੋ ਮਿੱਥੇ ਟੀਚੇ ਦੀ ਪ੍ਰਾਪਤੀ ਹੋ ਸਕੇ।

# ਨਸ਼ਿਆਂ ਖ਼ਿਲਾਫ਼ ਯੁੱਧ ਨਹੀਂ ਅਮਨ ਦੀ ਲੋੜ

ਲਿਖਤ : ਸ਼ਿਆਮ ਸੁੰਦਰ ਦੀਪਤੀ
ਸੰਪਰਕ: 98158-08506


ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ 1945 ਵਿਚ ਦੋ ਬੰਬ ਧਮਾਕਿਆਂ ਦੌਰਾਨ ਤਬਾਹ ਹੋ ਗਏ। ਇਹ ਵਿਸ਼ਵ ਯੁੱਧ ਦਾ ਨਤੀਜਾ ਸੀ। ਦੁਨੀਆ ਦੇ ਲੋਕਾਂ ਨੇ ਉਸ ਤੋਂ ਸਬਕ ਲੈਣ ਦੀ ਕੋਸ਼ਿਸ਼ ਕੀਤੀ ਅਤੇ ਦੁਨੀਆ ਤੋਂ ਯੁੱਧ ਖ਼ਤਮ ਕਰਨ ਸਬੰਧੀ ਵਿਉਂਤਬੰਦੀ ਬਾਰੇ ਸੋਚਣ ਲੱਗੇ। ਨਤੀਜੇ ਵਜੋਂ ਯੂਐੱਨਓ ਦਾ ਗਠਨ ਹੋਇਆ। ਇਸ ਨੂੰ ਹੋਂਦ ਵਿਚ ਆਏ ਤਕਰੀਬਨ 80 ਸਾਲ ਹੋ ਗਏ; ਹੁਣ ਇਸ ਦੀ ਆਪਣੀ ਹੋਂਦ ’ਤੇ ਹੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ਜਿਸ ਨੇ ਸਾਰੀ ਦੁਨੀਆ ਨੂੰ ਆਪਸ ਵਿਚ ਮਿਲ ਕੇ ਰਹਿਣ ਦੀ ਸਿੱਖਿਆ ਦੇਣੀ ਸੀ ਤੇ ਦੁਨੀਆ ਭਰ ਵਿਚ ਭਾਈਚਾਰਾ ਬਣਾ ਕੇ ਰੱਖਣ ਦੀ ਤਾਕੀਦ ਕਰਨੀ ਸੀ। ਸਿੱਟੇ ਵਜੋਂ ਹੁਣ ਤੀਜੇ ਵਿਸ਼ਵ ਯੁੱਧ ਦੀਆਂ ਗੱਲਾਂ ਹੋ ਰਹੀਆਂ ਹਨ।

ਨਸ਼ਿਆਂ ਦਾ ਇਤਿਹਾਸ ਹਜ਼ਾਰਾਂ ਸਾਲਾ ਪੁਰਾਣਾ ਹੈ। ਨਸ਼ੇ ਮਨੁੱਖੀ ਚਾਲ-ਚਲਨ ਵਿਚ ਇਤਫ਼ਾਕ ਵਾਂਗ ਸਾਹਮਣੇ ਆਏ ਤੇ ਮਨੁੱਖ ਨੂੰ ਲੱਗਿਆ, ਇਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ, ਉਹੀ ਮਨੁੱਖ ਜਿਸ ਦੇ ਮਨ ਦੇ ਇੱਕ ਕੋਨੇ ਵਿਚ ਸ਼ਾਂਤੀ ਸੀ ਤੇ ਦੂਜੇ ਵਿਚ ਮਨੁੱਖਤਾ ਦੀ ਤਬਾਹੀ; ਫਿਰ ਸਿਲਸਿਲਾ ਇਸ ਤਰ੍ਹਾਂ ਵਾਪਰਿਆ ਕਿ ਮਨ ਨੂੰ ਸ਼ਾਂਤ ਕਰਨ ਵਾਲੇ ਪਦਾਰਥ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਪਾਉਣ ਲੱਗੇ। ਠੀਕ ਹੈ, ਅਸੀਂ ਹੀਰੋਸ਼ੀਮਾ ਤੇ ਨਾਗਾਸਾਕੀ ਵਾਲਾ ਸਮਾਂ ਨਹੀਂ ਦੇਖਿਆ, ਹਰ ਸਾਲ ਉਸ ਦਿਨ ਉਸ ਤਬਾਹੀ ਨੂੰ ਯਾਦ ਕਰ ਲੈਂਦੇ ਹਾਂ ਪਰ ਨਸ਼ਿਆਂ ਨਾਲ ਤਬਾਹੀ ਹਰ ਰੋਜ਼ ਵਾਪਰ ਰਹੀ ਹੈ ਅਤੇ ਕਿੰਨੇ ਹੀ ਘਰ ਇਸ ਦੀ ਗਵਾਹੀ ਭਰਦੇ ਹਨ।

ਇਹ ਨਹੀਂ ਕਿ ਇਸ ਦਿਸ਼ਾ ਵਿਚ ਕੋਈ ਕਦਮ ਨਹੀਂ ਪੁੱਟੇ ਗਏ, ਇਹ ਭਾਵੇਂ ਤਬਾਹੀ ਦੇ ਬੰਬ ਹੋਣ ਜਾਂ ਨਸ਼ਿਆਂ ਦੀ ਗੱਲ ਹੋਵੇ। ਵਿਗਿਆਨ ਨੇ ਕੋਈ ਵੀ ਖੋਜ ਕੀਤੀ ਤਾਂ ਮੁੱਢਲਾ ਮਕਸਦ ਮਨੁੱਖਤਾ ਦੀ ਭਲਾਈ ਸੀ ਪਰ ਸਰਮਾਏਦਾਰੀ ਦੇ ਹੱਥ ਪੈ ਕੇ ਉਹ ਖੋਜ ਤਬਾਹਕੁਨ ਹੋ ਗਈ। ਆਪਣੇ ਮੁਲਕ, ਖਾਸ ਕਰ ਪੰਜਾਬ ਵਿਚ ਨਸ਼ਿਆਂ ਨਾਲ ਹੋ ਰਹੀ ਤਬਾਹੀ ਨੂੰ ਲੈ ਕੇ ਦੇਸ਼ ਅਤੇ ਸਮਾਜ ਨੇ ਇਸ ਬਾਰੇ ਆਪਣਾ ਫ਼ਿਕਰ ਵਧ-ਚੜ੍ਹ ਕੇ ਜ਼ਾਹਿਰ ਕੀਤਾ। ਇਹ ਕਹਾਣੀ ਵੀ ਕੋਈ ਬਹੁਤ ਪੁਰਾਣੀ ਨਹੀਂ ਹੈ। ਜਿਥੇ ਨਸ਼ਿਆਂ ਦੀ ਆਮਦ ਹਜ਼ਾਰਾਂ ਸਾਲ ਪੁਰਾਣੀ ਹੈ, ਉੱਥੇ ਨਵਾਂ ਵਰਤਾਰਾ ਕਈ ਸਾਲਾਂ ਦਾ ਹੈ, ਜਦੋਂ ਸਮੈਕ ਅਤੇ ਹੈਰੋਇਨ ਨੇ ਆਪਣੀ ਹਾਜ਼ਰੀ ਲਵਾਈ। ਸਮੈਕ ਅਤੇ ਹੈਰੋਇਨ ਕਿਸੇ ਨੇ ਲੱਭੇ? ਸਮਾਜ ਨੇ ਇਨ੍ਹਾਂ ਨੂੰ ਕਿਉਂ ਕਬੂਲਿਆ? ਇਹ ਵਿਗਿਆਨ ਇਨ੍ਹਾਂ ਨੂੰ ਤਿਆਰ ਕਰ ਸਕਦਾ ਹੈ ਤਾਂ ਵਿਗਿਆਨ ਕੋਲ ਇਸ ਦਾ ਤੋੜ ਵੀ ਹੋਵੇਗਾ!

ਅੱਜ ਨਸ਼ਿਆਂ ਦੀ ਸਮੱਸਿਆ ਦਿਓ ਰੂਪ ਵਿਚ ਸਾਡੇ ਸਾਹਮਣੇ ਹੈ, ਇਹ ਵੱਡੀ ਗੁੰਝਲਦਾਰ ਸਮੱਸਿਆ ਬਣ ਗਈ ਹੈ। ਇਹ ਸਮੱਸਿਆ ਸਿਰਫ਼ ਨਸ਼ੇ ਅਤੇ ਨਸ਼ਈ ਤਕ ਸੀਮਤ ਨਹੀਂ, ਇਹ ਪਰਿਵਾਰ, ਸਮਾਜ ਅਤੇ ਦੇਸ਼ ਨੂੰ ਆਪਣੇ ਕਲਾਵੇ ਵਿਚ ਲੈ ਰਹੀ ਹੈ। ਇਸ ਸਮੱਸਿਆ ਦੇ ਤਾਰ ਹੁਣ ਕੌਮਾਂਤਰੀ ਪੱਧਰ ਤੱਕ ਪਹੁੰਚੇ ਹੋਏ ਹਨ। ਇਸ ਤੋਂ ਵੀ ਵੱਧ, ਸਮੈਕ ਅਤੇ ਹੈਰੋਇਨ ਵਰਗੇ ਗੈਰ-ਕਾਨੂੰਨੀ ਨਸ਼ਿਆਂ ਨਾਲ ਬਹੁਤ ਵੱਡੀ ਮਾਤਰਾ ਵਿਚ ਪੈਸੇ ਜੁੜੇ ਹੋਏ ਹਨ; ਨਤੀਜੇ ਵਜੋਂ ਦੇਸ਼ ਦੀ ਰਾਜਨੀਤੀ ਜਿਸ ਨੇ ਲੋਕ ਪੱਖੀ ਭੂਮਿਕਾ ਨਿਭਾਉਣੀ ਹੁੰਦੀ ਹੈ, ਖੁਦ ਇਸ ਧਨ ਦੇ ਚੁੰਗਲ ਵਿਚ ਫਸੀ ਨਜ਼ਰ ਆਉਂਦੀ ਹੈ। ਕਹਿਣ ਦਾ ਮਤਲਬ, ਸਰਕਾਰ ਤੋਂ ਅਸੀਂ ਸਮੱਸਿਆ ਦਾ ਹੱਲ ਚਾਹੁੰਦੇ ਹਾਂ, ਉਹ ਖੁਦ ਹੀ ਇਸ ਵਿਚ ਫਸੀ ਪਈ ਹੈ।

‘ਚਿੱਟੇ ਖਿਲਾਫ ਕਾਲਾ ਦਿਨ’, ‘ਬੱਡੀ ਪ੍ਰੋਗਰਾਮ’, ‘ਉੱਦਮ ਪ੍ਰੋਗਰਾਮ’ ਅਤੇ ਹੋਰ ਅਜਿਹੇ ਕਿੰਨੇ ਹੀ ਪ੍ਰੋਗਰਾਮ ਸਰਕਾਰਾਂ ਨੇ ਸਮੇਂ-ਸਮੇਂ ਸ਼ੁਰੂ ਕੀਤੇ ਪਰ ਇਨ੍ਹਾਂ ਪ੍ਰੋਗਰਾਮਾਂ ਦੇ ਬਾਵਜੂਦ ਸਮੱਸਿਆ ਜਿਉਂ ਦੀ ਤਿਉਂ ਹੈ ਸਗੋਂ ਹਰ ਨਵੇਂ ਪ੍ਰੋਗਰਾਮ ਤੋਂ ਬਾਅਦ ਸਮੱਸਿਆ ਵਿਚ ਵਾਧਾ ਹੀ ਦੇਖਣ ਨੂੰ ਮਿਲਦਾ ਹੈ। ਨਸ਼ਿਆਂ ਖ਼ਿਲਾਫ਼ ਪ੍ਰੋਗਰਾਮ ਤਹਿਤ ਨਸ਼ਿਆਂ ਬਾਰੇ ਸਮਝ ਤੋਂ ਆਪੇ ਅੰਦਾਜ਼ਾ ਲੱਗ ਸਕਦਾ ਹੈ ਕਿ ਸਾਡੀ ਸਮਝ ਕਿੰਨੀ ਪੇਤਲੀ ਹੈ। ਨਸ਼ਿਆਂ ਬਾਰੇ ਸਭ ਤੋਂ ਪ੍ਰਚੱਲਤ ਸਮਝ ਇਹ ਪ੍ਰਚਾਰਦੀ ਹੈ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਇਹਦੇ ਦੋ ਪਹਿਲੂਆਂ- ਮੰਗ ਤੇ ਸਪਲਾਈ ’ਤੇ ਕੰਮ ਕਰਨਾ ਚਾਹੀਦਾ ਹੈ; ਮਤਲਬ, ਨਸ਼ਿਆਂ ਦੀ ਮੰਗ ਘਟਾਉਣੀ ਚਾਹੀਦੀ ਹੈ, ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ। ਸੁਣਨ ਨੂੰ ਇਕ ਵਾਰੀ ਗੱਲ ਜਚਦੀ ਹੈ ਪਰ ਇਸ ਵਿਚ ਵੱਡਾ ਨੁਕਸ ਇਹ ਹੈ ਕਿ ਇਕ ਤਾਂ ਇਹ ਨਸ਼ਈ ’ਤੇ ਨਿਸ਼ਾਨਾ ਸੇਧਦੀ ਹੈ, ਦੂਜਾ ਨਸ਼ੇ ਵੇਚਣ ਵਾਲਿਆਂ ’ਤੇ। ਠੀਕ ਹੈ, ਇਹ ਦੋਵੇਂ ਧਿਰਾਂ ਹੀ ਇਸ ਵਿਚ ਕਾਰਜਸ਼ੀਲ ਹਨ ਤੇ ਦੋਹਾਂ ਦਾ ਗੂੜ੍ਹਾ ਸਬੰਧ ਹੈ ਪਰ ਦਿੱਕਤ



“ ‘ਚਿੱਟੇ ਖਿਲਾਫ ਕਾਲਾ ਦਿਨ’, ‘ਬੱਡੀ ਪ੍ਰੋਗਰਾਮ’, ‘ਉੱਦਮ ਪ੍ਰੋਗਰਾਮ’ ਅਤੇ ਹੋਰ ਅਜਿਹੇ ਕਿੰਨੇ ਹੀ ਪ੍ਰੋਗਰਾਮ ਸਰਕਾਰਾਂ ਨੇ ਸਮੇਂ-ਸਮੇਂ ਸ਼ੁਰੂ ਕੀਤੇ ਪਰ ਇਨ੍ਹਾਂ ਪ੍ਰੋਗਰਾਮਾਂ ਦੇ ਬਾਵਜੂਦ ਸਮੱਸਿਆ ਜਿਉਂ ਦੀ ਤਿਉਂ ਹੈ ਸਗੋਂ ਹਰ ਨਵੇਂ ਪ੍ਰੋਗਰਾਮ ਤੋਂ ਬਾਅਦ ਸਮੱਸਿਆ ਵਿਚ ਵਾਧਾ ਹੀ ਦੇਖਣ ਨੂੰ ਮਿਲਦਾ ਹੈ। ਨਸ਼ਿਆਂ ਖ਼ਿਲਾਫ਼ ਪ੍ਰੋਗਰਾਮ ਤਹਿਤ ਨਸ਼ਿਆਂ ਬਾਰੇ ਸਮਝ ਤੋਂ ਆਪੇ ਅੰਦਾਜ਼ਾ ਲੱਗ ਸਕਦਾ ਹੈ ਕਿ ਸਾਡੀ ਸਮਝ ਕਿੰਨੀ ਪੇਤਲੀ ਹੈ। ਨਸ਼ਿਆਂ ਬਾਰੇ ਸਭ ਤੋਂ ਪ੍ਰਚੱਲਤ ਸਮਝ ਇਹ ਪ੍ਰਚਾਰਦੀ ਹੈ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਇਹਦੇ ਦੋ ਪਹਿਲੂਆਂ- ਮੰਗ ਤੇ ਸਪਲਾਈ ’ਤੇ ਕੰਮ ਕਰਨਾ ਚਾਹੀਦਾ ਹੈ; ਮਤਲਬ, ਨਸ਼ਿਆਂ ਦੀ ਮੰਗ ਘਟਾਉਣੀ ਚਾਹੀਦੀ ਹੈ, ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ। ਸੁਣਨ ਨੂੰ ਇਕ ਵਾਰੀ ਗੱਲ ਜਚਦੀ ਹੈ ਪਰ ਇਸ ਵਿਚ ਵੱਡਾ ਨੁਕਸ ਇਹ ਹੈ ਕਿ ਇਕ ਤਾਂ ਇਹ ਨਸ਼ਈ ’ਤੇ ਨਿਸ਼ਾਨਾ ਸੇਧਦੀ ਹੈ, ਦੂਜਾ ਨਸ਼ੇ ਵੇਚਣ ਵਾਲਿਆਂ ’ਤੇ। ਠੀਕ ਹੈ, ਇਹ ਦੋਵੇਂ ਧਿਰਾਂ ਹੀ ਇਸ ਵਿਚ ਕਾਰਜਸ਼ੀਲ ਹਨ ਤੇ ਦੋਹਾਂ ਦਾ ਗੂੜ੍ਹਾ ਸਬੰਧ ਹੈ ਪਰ ਦਿੱਕਤ ਕੀ ਹੈ? ਨਸ਼ੇ ਕਰਨ ਵਾਲੇ ਸ਼ਖ਼ਸ ਅਤੇ ਉਸ ਦੀ ਮਾਨਸਿਕਤਾ ਨੂੰ ਸਮਝੇ ਬਗੈਰ ਨਸ਼ੇ ਦੀ ਮੰਗ ਨੂੰ ਨਹੀਂ ਸਮਝਿਆ ਜਾ ਸਕਦਾ; ਨਾਲੇ ਨਸ਼ਾ ਵੇਚਣ ਵਾਲਾ ਹਰ ਦਮ ਨਸ਼ਾ ਵੇਚਣ ਲਈ ਤਿਆਰ ਰਹਿੰਦਾ ਹੈ, ਉਹ ਨਸ਼ੇ ਵੇਚਣ ਦੇ ਨਵੇਂ ਤੋਂ ਨਵੇਂ ਰਾਹ ਲੱਭਦਾ ਰਹਿੰਦਾ ਹੈ। ”

ਕੀ ਹੈ? ਨਸ਼ੇ ਕਰਨ ਵਾਲੇ ਸ਼ਖ਼ਸ ਅਤੇ ਉਸ ਦੀ ਮਾਨਸਿਕਤਾ ਨੂੰ ਸਮਝੇ ਬਗੈਰ ਨਸ਼ੇ ਦੀ ਮੰਗ ਨੂੰ ਨਹੀਂ ਸਮਝਿਆ ਜਾ ਸਕਦਾ; ਨਾਲੇ ਨਸ਼ਾ ਵੇਚਣ ਵਾਲਾ ਹਰ ਦਮ ਨਸ਼ਾ ਵੇਚਣ ਲਈ ਤਿਆਰ ਰਹਿੰਦਾ ਹੈ, ਉਹ ਨਸ਼ੇ ਵੇਚਣ ਦੇ ਨਵੇਂ ਤੋਂ ਨਵੇਂ ਰਾਹ ਲੱਭਦਾ ਰਹਿੰਦਾ ਹੈ।

ਸਮੱਸਿਆ ਦਾ ਇਕ ਹੋਰ ਪੱਖ ਹੈ ਜੋ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ। ਇਹ ਸਮੱਸਿਆ ਸਮਾਜਿਕ ਹੈ ਅਤੇ ਇਸ ਦੀ ਜੜ੍ਹ ਪਰਿਵਾਰ ਵਿਚੋਂ ਲੱਭੀ ਜਾ ਸਕਦੀ ਹੈ। ਨਸ਼ਾ ਸ਼ੁਰੂ ਕਰਨ ਤੋਂ ਲੈ ਕੇ ਨਸ਼ਾ ਛੱਡਣ ਤੱਕ ਪਰਿਵਾਰ ਦੀ ਬਹੁਤ ਵੱਡੀ ਭੂਮਿਕਾ ਹੈ। ਹੁਣ ਨਸ਼ੇ ਨੂੰ ਆਮ ਸਰੀਰਕ ਬਿਮਾਰੀ ਵਾਂਗ ਲਿਆ ਜਾ ਰਿਹਾ। ਨਸ਼ਿਆਂ ਨੂੰ ਸਮਝਣ ਲਈ ਇਕ ਪੱਖ ਹੈ ਜਿਸ ਬਾਰੇ ਸਾਰੇ ਮਾਹਿਰ ਆਪਣਾ ਪੱਖ ਪੇਸ਼ ਨਹੀਂ ਕਰ ਰਹੇ ਕਿ ਇਹ ਸਮੱਸਿਆ ਤਿੰਨ ਧਿਰੀ ਹੈ। ਨਸ਼ੇ, ਨਸ਼ੇ ਕਰਨ ਦਾ ਮਾਹੌਲ ਅਤੇ ਨਸ਼ੇ ਕਰਨ ਵਾਲਾ ਬੰਦਾ। ਨਸ਼ੇ ਅਤੇ ਮਾਹੌਲ ਤੇ ਉਸ ਮਾਹੌਲ ਨੂੰ ਝੱਲਦਾ ਹੋਇਆ ਨਸ਼ਈ। ਇਨ੍ਹਾਂ ਤਿੰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅਸੀਂ ਨਸ਼ੇ ਦੀ ਜਦੋਂ ਵੀ ਗੱਲ ਕਰਦੇ ਹਾਂ ਤਾਂ ਸਭ ਦਾ ਨਿਸ਼ਾਨਾ ਨਸ਼ਈ ਹੁੰਦਾ ਹੈ। ਪਰਿਵਾਰ ਵਿਚ ਨਸ਼ਈ ਨੂੰ ਘਰ ਦੀ ਬਰਬਾਦੀ ਦਾ ਜ਼ਿੰਮੇਵਾਰ ਕਿਹਾ ਜਾਂਦਾ ਹੈ। ਦੇਸ਼ ਦੀ ਮੰਦੀ ਹਾਲਤ ਦਾ ਜ਼ਿੰਮੇਵਾਰ ਨਸ਼ਈ ਨੂੰ ਕਿਹਾ ਜਾਂਦਾ ਹੈ। ਨਸ਼ਿਆਂ ਬਾਰੇ ਇਸ ਸਮਝ ਵਿਚ ਜੋ ਸਭ ਤੋਂ ਵੱਡੀ ਭੁੱਲ ਹੋਈ ਜਾਂ ਹੋ ਰਹੀ ਹੈ, ਉਹ ਹੈ ਕਿ ਅਸੀਂ ਨਸ਼ਾ ਕਰਨ ਵਾਲੇ ਦੀ ਮਾਨਸਿਕਤਾ ਨੂੰ ਨਹੀਂ ਸਮਝਿਆ। ਉਹ ਨਸ਼ਾ ਕਰਦੇ ਕਿਉਂ ਹਨ? ਨਸ਼ੇ ਉਸ ਲਈ ਖਿੱਚ ਦਾ ਕੇਂਦਰ ਕਿਉਂ ਹਨ?

ਨਸ਼ਾ ਕਰਨ ਵਾਲੇ ਦੀ ਉਮਰ ਜੋ ਸਭ ਤੋਂ ਵੱਧ ਦੁਨੀਆ ਭਰ ਵਿਚ ਸਾਹਮਣੇ ਆਈ ਹੈ, ਉਹ 19 ਤੋਂ 35 ਸਾਲ ਹੈ। ਇਹ ਉਮਰ ਕਿਸੇ ਵੀ ਦੇਸ਼ ਲਈ ਸਭ ਤੋਂ ਕਮਾਊ ਉਮਰ ਹੈ। ਉਨ੍ਹਾਂ ਅੰਦਰ ਕੰਮ ਕਰਨ ਦੀ ਕਾਬਲੀਅਤ ਵੀ ਹੁੰਦੀ ਹੈ ਅਤੇ ਸਮਰੱਥਾ ਵੀ। ਇਹੀ ਉਮਰ ਹੈ ਜੋ ਕ੍ਰਾਂਤੀਕਾਰੀ ਕੰਮਾਂ ਵਿਚ ਹਿੱਸਾ ਵੀ ਲੈਂਦੀ ਹੈ ਅਤੇ ਹੁੱਲੜਬਾਜ਼ਾਂ ਦੀ ਭੀੜ ਦਾ ਹਿੱਸਾ ਵੀ ਬਣਦੀ ਹੈ। ਇਹੀ ਉਮਰ ਹੈ ਜੋ ਹੋਸ਼ ਤੇ ਜੋਸ਼ ਦੇ ਗੇੜ ਵਿਚ ਪ੍ਰਚਾਰੀ, ਉਭਾਰੀ ਵੀ ਜਾਂਦੀ ਹੈ। ਜ਼ਿਆਦਾਤਰ ਇਸ ਉਮਰ ਨੂੰ ਹੋਸ਼ ਵੀ ਰਹਿੰਦੀ ਹੈ ਕਿਉਂਕਿ ਵਿਗਿਆਨ ਦੇ ਅਜੂਬੇ ਜਾਂ ਹੋਰ ਕਿਸੇ ਖੇਤਰ ਵਿਚ ਅੱਵਲ ਦਰਜੇ ਦੀਆਂ ਪ੍ਰਾਪਤੀਆਂ ਵੀ ਇਸ ਉਮਰ ਨੇ ਹੀ ਕੀਤੀਆਂ ਹਨ। ਇਹ ਤਾਂ ਨੌਜਵਾਨਾਂ ਨੂੰ ਨਜਿੱਠਣ ਅਤੇ ਉਨ੍ਹਾਂ ਨੂੰ ਵਰਤਣ ਵਾਲੇ ਵੱਧ ਦੱਸ ਸਕਦੇ ਹਨ।

ਜਿਥੋਂ ਤਕ ਸਮਾਜ ਵਿਚ ਰਹਿਣ ਦਾ ਸਵਾਲ ਹੈ, ਇਹ ਵੀ ਖੋਜ ਦਾ ਨਤੀਜਾ ਹੈ ਕਿ ਸਾਰੇ ਲੋਕ ਮਿਲ ਕੇ ਇਕ ਦੂਜੇ ਦੀ ਮਦਦ ਕਰ ਕੇ, ਪਿਆਰ ਨਾਲ ਰਹਿਣਾ ਚਾਹੁੰਦੇ ਹਨ। ਮਨੁੱਖੀ ਲੋੜਾਂ ਬਾਰੇ ਵੀ ਯੂਐੱਨਓ ਦੀਆਂ ਕਈ ਕਮੇਟੀਆਂ ਨੇ ਖੋਜ ਕੀਤੀ ਹੈ, ਖਾਸ ਕਰ ਕੇ ਪਰਿਵਾਰਕ ਪਾਲਣ-ਪੋਸ਼ਣ ਬਾਰੇ। ਇਕ ਪਾਸੇ ਮਾਪਿਆਂ ਦਾ ਕਿਰਦਾਰ ਆਪਸ ਵਿਚ ਮਿਲ ਕੇ ਰਹਿਣ ਦਾ ਹੋਵੇ; ਦੂਜੇ ਪਾਸੇ ਨੌਜਵਾਨਾਂ ਦੀ ਮਾਨਸਿਕਤਾ ਵਿਚ ਪਏ ਪਿਆਰ, ਪੁੱਛ, ਪ੍ਰਵਾਨਗੀ ਤੇ ਪਛਾਣ ਨੂੰ ਸਮਝਣ ਵਾਲੇ ਮਾਪੇ ਹੋਣ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਪਰਿਵਾਰ ਦੇ ਪੱਧਰ ’ਤੇ ਹੀ ਹੱਲ ਕੀਤਾ ਜਾ ਸਕਦਾ ਹੈ।

ਨਸ਼ਿਆਂ ਦੇ ਇਸ ਮਾਹੌਲ ਵਿੱਚ, ਜੋ ਦੇਸ਼ ਵਿਚ ਸਿਆਸਤਦਾਨਾਂ ਦੀ ਲੋੜ ਬਣ ਗਿਆ ਹੈ, ਦੁਨੀਆ ਭਰ ਵਿੱਚ ਵੋਟਾਂ ਦੀ ਰਾਜਨੀਤੀ, ਨਸ਼ਿਆਂ ਅਤੇ ਨਸ਼ਿਆਂ ਤੋਂ ਕਮਾਏ ਕਾਲੇ ਧਨ ਦੇ ਹੱਥ ਆ ਗਈ ਹੈ। ਇਉਂ ਅਸੀਂ ਸਮਝ ਸਕਦੇ ਹਾਂ ਕਿ ਦੁਨੀਆ ਦੀ ਰਾਜਨੀਤੀ ਕਿਸ ਦਿਸ਼ਾ ਵੱਲ ਤੁਰ ਪਈ ਹੈ। ਸਰਕਾਰਾਂ ਖੁਦ ਨਸ਼ੇ ਵੰਡ, ਵੇਚ ਰਹੀਆਂ ਹਨ ਅਤੇ ਲੋਕ ਇੰਨੇ ਨਾਸਮਝ ਹਨ ਕਿ ਸਰਕਾਰਾਂ ਕੋਲ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਮੰਗ ਲੈ ਕੇ ਜਾਂਦੇ ਹਨ। ਸਰਕਾਰਾਂ ਵੀ ਇਸ ਮੰਗ ਨੂੰ ਖੁਸ਼ੀ-ਖੁਸ਼ੀ ਕਬੂਲ ਕਰ ਲੈਂਦੀਆਂ ਹਨ ਤੇ ਇਲਾਕੇ ਵਿਚ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ ਕਰ ਕੇ ਲੋਕਾਂ ਨੂੰ ਤੋਹਫ਼ਾ ਦੇ ਕੇ ਨਵਾਜਦੀਆਂ ਹਨ।

ਗੱਲ ਸ਼ੁਰੂ ਕੀਤੀ ਸੀ ਤਬਾਹੀ ਦੀ, ਉਸ ਬੰਬ ਦੀ ਅਤੇ ਯੂਐੱਨਓ ਦੀ ਸਥਾਪਨਾ ਦੀ ਤੇ ਟੀਚਾ ਸੀ ਦੁਨੀਆ ਮਿਲਜੁਲ ਕੇ ਪਰਿਵਾਰ ਬਣ ਕੇ ਰਹੇ ਪਰ ਅਜਿਹਾ ਹੋਇਆ ਨਹੀਂ ਤੇ ਸਹੀ ਮਾਇਨਿਆਂ ਵਿਚ ਕਹੀਏ, ਅਮਲ ਦੀ ਭਾਲ ਵਿਚ ਸਾਰੀ ਦੁਨੀਆ ਨੂੰ ਹੀ ਜੰਗ ਦੇ ਮੈਦਾਨ ਵਿਚ ਧੱਕਿਆ ਜਾ ਰਿਹਾ ਹੈ। ਜਿਸ ਤਰ੍ਹਾਂ ਦਾ ਮਾਹੌਲ ਅੱਜ ਦੁਨੀਆ ਵਿਚ ਬਣ ਗਿਆ ਹੈ ਜਾਂ ਬਣਾਇਆ ਜਾ ਰਿਹਾ ਹੈ, ਉਹ ਸਰਮਾਏਦਾਰੀ ਕਰ ਕੇ ਹੈ, ਜਿਸ ਦੇ ਹਵਾਲੇ ਦੁਨੀਆ ਨੂੰ ਕੀਤਾ ਹੋਇਆ ਹੈ, ਫਿਰ ਅਸੀਂ ਅਮਨ ਦੀ ਆਸ ਨਹੀਂ ਕਰ ਸਕਦੇ। ਦੁਨੀਆ ਦੇ ਸਭ ਤੋਂ ਵੱਧ ਮੁਨਾਫ਼ਾ ਕਮਾਉਣ ਵਾਲਿਆਂ ਦੇ ਦੋ ਹੀ ਧੰਦੇ ਹਨ- ਇਕ ਹਥਿਆਰਾਂ ਦਾ ਅਤੇ ਦੂਜਾ ਦਵਾਈਆਂ ਦਾ, ਤੇ ਨਸ਼ੇ ਵੀ ਹਥਿਆਰ ਵਜੋਂ ਇਸਤੇਮਾਲ ਹੋ ਰਹੇ ਹਨ। ਬਾਰਡਰ ਅਸੀਂ ਬਣਾਏ ਜ਼ਰੂਰ ਹਨ ਪਰ ਨਾਲ ਹੀ ਡਰੋਨ ਵਰਗੀਆਂ ਮਸ਼ੀਨਾਂ ਵੀ ਅਸੀਂ ਹੀ ਬਣਾਈਆਂ ਹਨ। ਕਹਿਣ ਨੂੰ ਭਾਵੇਂ ਸਭ ਦੇ ਪਿੱਛੇ ਵਿਗਿਆਨ ਹੈ ਪਰ ਵਿਗਿਆਨ ਵੀ ਸਰਮਾਏਦਾਰਾਂ ਦੇ ਹੱਥ ਹੈ ਅਤੇ ਸਰਮਾਏਦਾਰੀ ਦਾ ਇਕੋ ਹੀ ਨਿਸ਼ਾਨਾ ਹੈ- ਮੁਨਾਫ਼ਾ। ਇਸ ਦਾ ਇਕੋ ਹੀ ਸੁਭਾਅ ਹੈ- ਲਾਲਚ, ਤੇ ਲਾਲਚ ਲਈ ਦੁਨੀਆ ਦੇ ਹਰ ਕੋਨੇ ਤੱਕ ਆਪਣੇ ਸੰਦ ਜਾਂ ਹਥਿਆਰ ਪਹੁੰਚਾਉਣਾ, ਭਾਵੇਂ ਉਹ ਕਿਸੇ ਨੂੰ ਕਿੰਨਾ ਮਰਜ਼ੀ ਨੁਕਸਾਨ ਪਹੁੰਚਾਉਣ, ਭਾਵੇਂ ਇਹ ਦੁਨੀਆ ਹੀ ਤਬਾਹ ਹੋ ਜਾਵੇ।

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ ’ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ

TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ ’ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੁਨਿਆਦੀ ਹੱਕ ਅਤੇ ਚੁਣੌਤੀਆਂ

ਲਿਖਤ : ਰਣਬੀਰ ਸਿੰਘ



ਫੌਜਦਾਰੀ ਨਿਆਂ ਢਾਂਚੇ ਤਹਿਤ ਜ਼ਮਾਨਤ ਮਹਿਜ਼ ਵਿਧੀਵਤ ਕਾਰਜ ਤੋਂ ਕਿਤੇ ਵਧ ਕੇ ਹੈ। ਇਹ ਕਿਸੇ ਮੁਲਜ਼ਮ ਨੂੰ ਕਾਨੂੰਨੀ ਕਾਰਵਾਈ ਖਿਲਾਫ਼ ਉਸ ਦੀ ਨਿੱਜੀ ਆਜ਼ਾਦੀ ਦੀ ਰਾਖੀ ਲਈ ਢਾਲ ਮੁਹੱਈਆ ਕਰਾਉਂਦੀ ਹੈ। ਇਸ ਵਿਚਾਰ ਦਾ ਹਰੇਕ ਨੂੰ ਨਿਆਂ ਦੇਣ ਦੀਆਂ ਕੋਸ਼ਿਸ਼ਾਂ ਨਾਲ ਗਹਿਰਾ ਅਤੇ ਅਟੁੱਟ ਰਿਸ਼ਤਾ ਹੈ ਜੋ ਸੰਵਿਧਾਨ ਦੀ ਧਾਰਾ 21 ਦੇ ਮੂਲ ਭਾਵ ਮੁਤਾਬਿਕ ਵੀ ਪੂਰੀ ਤਰ੍ਹਾਂ ਢੁਕਵਾਂ ਹੈ। ਇਹ ਜਿਊਣ ਤੇ ਵਿਅਕਤੀਗਤ ਆਜ਼ਾਦੀ ਦੇ ਹੱਕ ਨੂੰ ਪਵਿੱਤਰ ਮੰਨਦਾ ਹੈ ਜਿਨ੍ਹਾਂ ਨੂੰ ਸਿਰਫ਼ ਕਾਨੂੰਨ ਦੁਆਰਾ ਸੁਝਾਈ ਕਾਰਵਾਈ ਨਾਲ ਸੀਮਤ ਕੀਤਾ ਜਾ ਸਕਦਾ ਹੈ। ਜ਼ਮਾਨਤ ਯਕੀਨੀ ਬਣਾਉਂਦੀ ਹੈ ਕਿ ਲੋਕਾਂ ਨੂੰ ਮੁਕੱਦਮੇ ਦੀ ਸੁਣਵਾਈ ਤੋਂ ਪਹਿਲਾਂ ਗ਼ੈਰ-ਵਾਜਿਬ ਢੰਗ ਨਾਲ ਜੇਲ੍ਹ 'ਚ ਨਾ ਰੱਖਿਆ ਜਾਵੇ; ਇਉਂ ਇਹ ਵਿਅਕਤੀਗਤ ਆਜ਼ਾਦੀ ਦਾ ਇਨਸਾਫ਼ ਦੀ ਮੰਗ ਨਾਲ ਤਵਾਜ਼ਨ ਬਿਠਾਉਂਦੀ ਹੈ। ਮੁਕੱਦਮੇ ਤੋਂ ਪਹਿਲਾਂ ਹਿਰਾਸਤ 'ਚ ਰੱਖਣ ਦੇ ਕਿਸੇ ਸ਼ਖ਼ਸ 'ਤੇ ਗੰਭੀਰ ਨਾਂਹ ਪੱਖੀ ਅਸਰ ਪੈ ਸਕਦੇ ਹਨ। ਜ਼ਮਾਨਤ ਇਨ੍ਹਾਂ ਸੰਭਾਵੀ ਬੇਇਨਸਾਫ਼ੀਆਂ ਨੂੰ ਘਟਾਉਣ ਵਿਚ ਮਦਦ ਕਰ ਸਕਦੀ ਹੈ।

ਭਾਰਤ 'ਚ ਜ਼ਮਾਨਤ ਮਨਜ਼ੂਰ ਕਰਨ ਸਬੰਧੀ ਕਾਨੂੰਨ ਅਪਰਾਧਾਂ ਨੂੰ ਜ਼ਮਾਨਤੀ ਤੇ ਗ਼ੈਰ-ਜ਼ਮਾਨਤੀ, ਦੋ ਸ਼੍ਰੇਣੀਆਂ ਵਿੱਚ ਵੰਡਦਾ ਹੈ। ਇਹ ਨਿਆਂਇਕ ਫ਼ੈਸਲਿਆਂ ਤੇ ਉਨ੍ਹਾਂ ਸ਼ਰਤਾਂ ਦਾ ਆਧਾਰ ਵੀ ਬਣਦਾ ਹੈ ਜਿਨ੍ਹਾਂ ਤਹਿਤ ਜ਼ਮਾਨਤ ਦਿੱਤੀ ਜਾ ਸਕਦੀ ਹੈ। ਜ਼ਮਾਨਤੀ ਅਪਰਾਧਾਂ ਲਈ ਮੁਲਜ਼ਮ ਨੂੰ ਫ਼ੌਜਦਾਰੀ ਦੰਡ ਵਿਧਾਨ (ਸੀਆਰਪੀਸੀ) ਦੀ ਧਾਰਾ 436 ਤਹਿਤ ਜ਼ਮਾਨਤ ਲੈਣ ਦਾ ਹੱਕ ਹੈ ਬਸ਼ਰਤੇ ਉਹ ਜ਼ਮਾਨਤ ਦੇ ਤੈਅ ਨੇਮਾਂ 'ਤੇ ਖ਼ਰਾ ਉਤਰਦਾ ਹੋਵੇ। ਗ਼ੈਰ-ਜ਼ਮਾਨਤੀ ਅਪਰਾਧਾਂ 'ਚ ਜ਼ਮਾਨਤ ਦਾ ਹੱਕ ਨਹੀਂ ਹੁੰਦਾ, ਇਹ ਅਦਾਲਤ ਦੀ ਮਰਜ਼ੀ ਉੱਤੇ ਨਿਰਭਰ ਹੁੰਦੀ ਹੈ। ਸੀਆਰਪੀਸੀ ਤਹਿਤ ਜ਼ਮਾਨਤ ਮਨਜ਼ੂਰ ਕਰਨ ਲੱਗਿਆਂ ਕੁਝ ਵਿਸ਼ੇਸ਼ ਸ਼ਰਤਾਂ ਵੀ ਲਾਈਆਂ ਜਾ ਸਕਦੀਆਂ ਹਨ ਤਾਂ ਕਿ ਮੁਲਜ਼ਮ ਕਾਨੂੰਨ ਦੇ ਘੇਰੇ 'ਚ ਰਹੇ ਤੇ ਨਿਆਂਇਕ ਪ੍ਰਕਿਰਿਆ ਦੀ ਰਾਖੀ ਵੀ ਯਕੀਨੀ ਬਣ ਸਕੇ।

ਸਮੇਂ ਨਾਲ ਭਾਰਤੀ ਨਿਆਂਪਾਲਿਕਾ ਨੇ ਕੁਝ ਵਿਸ਼ੇਸ਼ ਨਿਯਮ ਬਣਾਏ ਹਨ ਜੋ ਜ਼ਮਾਨਤ ਮਨਜ਼ੂਰ ਕਰਦਿਆਂ ਜੱਜਾਂ ਦੇ ਫ਼ੈਸਲਿਆਂ ਦਾ ਆਧਾਰ ਬਣਦੇ ਹਨ। ਜੱਜ ਜਦੋਂ ਗ਼ੈਰ-ਜ਼ਮਾਨਤੀ ਅਪਰਾਧਾਂ ਲਈ ਜ਼ਮਾਨਤ ਦੇਣ ਬਾਰੇ ਫ਼ੈਸਲਾ ਕਰਦੇ ਹਨ ਤਾਂ ਕਈ ਪੱਖਾਂ 'ਤੇ ਗ਼ੌਰ ਕਰਦੇ ਹਨ ਜਿਨ੍ਹਾਂ ਵਿੱਚ ਅਪਰਾਧ ਦੀ ਗੰਭੀਰਤਾ, ਸਬੂਤਾਂ ਦੀ ਕਿਸਮ ਅਤੇ ਮੁਲਜ਼ਮ ਵੱਲੋਂ ਸਬੂਤਾਂ ਨਾਲ ਛੇੜਛਾੜ ਜਾਂ ਫ਼ਰਾਰ ਹੋਣ ਦਾ ਸੰਭਾਵੀ ਜੋਖ਼ਮ ਸ਼ਾਮਿਲ ਹਨ। ਜ਼ਮਾਨਤ ਮਨਜ਼ੂਰ ਕਰਨ ਲੱਗਿਆਂ ਅਜਿਹੇ ਨਿਆਂਇਕ ਫ਼ੈਸਲਿਆਂ 'ਚ ਮੁਲਜ਼ਮ ਦੇ ਹੱਕਾਂ ਅਤੇ ਦੋਸ਼ਾਂ ਦੀ ਕਿਸਮ ਵਿਚਾਲੇ ਤਵਾਜ਼ਨ ਬਿਠਾਉਣ ਦੀ ਲੋੜ ਪੈਂਦੀ ਹੈ। ਜ਼ਮਾਨਤ ਦੇ ਪੜਾਅ 'ਤੇ ਭਾਵੇਂ ਸਬੂਤਾਂ ਦੇ ਵਿਸਥਾਰ 'ਚ ਨਿਰੀਖਣ ਦੀ ਲੋੜ ਨਹੀਂ ਹੁੰਦੀ ਪਰ ਜੱਜ ਨੂੰ ਜ਼ਮਾਨਤ ਵਾਜਿਬ ਠਹਿਰਾਉਣ ਲਈ ਕਾਰਨ ਦੱਸਣੇ ਪੈਂਦੇ ਹਨ; ਵਿਸ਼ੇਸ਼ ਤੌਰ 'ਤੇ ਜਦੋਂ ਮਾਮਲਾ ਗੰਭੀਰ ਅਪਰਾਧਾਂ ਨਾਲ ਜੁੜਿਆ ਹੋਵੇ। ਇਹ ਤਰਕ ਇਹ ਯਕੀਨੀ ਬਣਾਉਣ ਲਈ ਅਹਿਮ ਹੈ ਕਿ ਫ਼ੈਸਲਾ ਸਤਹੀ ਮੁਲੰਕਣ ਦੀ ਬਜਾਇ ਢੁੱਕਵੇਂ ਸੋਚ-ਵਿਚਾਰ ਤੋਂ ਬਾਅਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਮਾਨਤ ਤੋਂ ਇਨਕਾਰ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਸਜ਼ਾ ਦੇਣ ਦਾ ਮਾਧਿਅਮ ਨਹੀਂ ਬਣਨ ਦੇਣਾ ਚਾਹੀਦਾ ਤਾਂ ਕਿ ਬੇਗੁਨਾਹੀ ਦੀ ਸੰਭਾਵਨਾ ਦੇ ਸਿਧਾਂਤ ਦਾ ਸਤਿਕਾਰ ਬਣਿਆ ਰਹੇ।

ਸੰਜੇ ਚੰਦਰਾ ਬਨਾਮ ਸੀਬੀਆਈ (2012) ਕੇਸ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜ਼ਮਾਨਤ ਦਾ ਉਦੇਸ਼ ਨਾ ਤਾਂ ਦੰਡ ਦੇਣਾ ਹੈ ਤੇ ਨਾ ਹੀ ਬਚਾਉਣਾ; ਇਸ ਦਾ ਮੰਤਵ ਮਹਿਜ਼ ਮੁਲਜ਼ਮ ਨੂੰ ਮੁਨਾਸਿਬ ਸਮੇਂ ਲਈ ਰਿਹਾਅ ਕਰ ਕੇ ਮੁਕੱਦਮੇ 'ਤੇ ਉਸ ਦੀ ਮੌਜੂਦਗੀ ਯਕੀਨੀ ਬਣਾਉਣਾ ਹੈ। ਇਸ ਤੋਂ ਇਲਾਵਾ ਜ਼ਮਾਨਤ ਨਾ-ਮਨਜ਼ੂਰ ਹੋਣ ਨਾਲ ਨਿਰਪੱਖ ਸੁਣਵਾਈ ਦੇ ਮੁਲਜ਼ਮ ਦੇ ਅਧਿਕਾਰ ਉੱਤੇ ਗਹਿਰਾ ਅਸਰ ਪੈਂਦਾ ਹੈ ਕਿਉਂਕਿ ਸੀਮਤ ਜਿਹੇ ਮਾਹੌਲ 'ਚ ਵਕੀਲ ਨਾਲ ਬਚਾਅ ਦੀ ਰਣਨੀਤੀ ਘੜਨੀ ਉਸ ਲਈ ਔਖੀ ਹੋ ਸਕਦੀ ਹੈ। ਆਖ਼ਰਕਾਰ, ਅਦਾਲਤੀ ਫ਼ੈਸਲਿਆਂ 'ਚ ਕਈ ਵਾਰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਜ਼ਮਾਨਤ ਨਾਲ ਜੁੜੇ ਫ਼ੈਸਲੇ ਹਰ ਕੇਸ ਦੀ ਮੈਰਿਟ 'ਤੇ ਅਧਾਰਿਤ ਹੁੰਦੇ ਹਨ ਤੇ ਜ਼ਮਾਨਤ ਦੇਣ ਲੱਗਿਆਂ ਸਾਰੇ ਮਾਮਲਿਆਂ ਲਈ ਇੱਕੋ ਪਹੁੰਚ ਨਹੀਂ ਅਪਣਾਈ ਜਾ ਸਕਦੀ।

ਕੋਈ ਸਮਾਂ ਸੀ ਜਦੋਂ ਸੁਪਰੀਮ ਕੋਰਟ ਨੇ 'ਬੇਲ ਨਾ ਕਿ ਜੇਲ੍ਹ' ਦੀ ਉਦਾਰ ਪਹੁੰਚ ਅਪਣਾਈ ਸੀ ਤੇ ਬੇਗੁਨਾਹੀ ਦੀ ਸੰਭਾਵਨਾ ਦੇ ਹੱਕ 'ਚ ਫ਼ੈਸਲੇ ਦਿੱਤੇ ਸਨ ਪਰ ਨਾਲ ਹੀ ਮੁਲਜ਼ਮਾਂ ਨੂੰ ਜੇਲ੍ਹ 'ਚ ਰੱਖ ਕੇ ਸਮਾਜ ਦੀ ਰਾਖੀ ਦੀ ਅਹਿਮੀਅਤ ਨੂੰ ਵੀ ਧਿਆਨ 'ਚ ਰੱਖਿਆ ਸੀ; ਹਾਲਾਂਕਿ ਲੰਘੇ ਦਹਾਕਿਆਂ 'ਚ ਭਾਰਤ ਵਿੱਚ ਜ਼ਮਾਨਤ ਦੀ ਨਿਆਂਇਕ ਪਹੁੰਚ ਨੇ ਜ਼ਿਕਰਯੋਗ ਤਬਦੀਲੀ ਦੇਖੀ ਹੈ ਜਿਸ ਦੀ ਮਿਸਾਲ ਕਈ ਅਹਿਮ ਕੇਸਾਂ 'ਚ ਸੁਣਾਏ ਫ਼ੈਸਲਿਆਂ ਵਿਚਲੇ ਫ਼ਰਕ ਹਨ। ਪੱਪੂ ਯਾਦਵ ਬਨਾਮ ਸੀਬੀਆਈ (2007) ਜਿਸ 'ਚ ਵੱਡਾ ਸਿਆਸੀ ਆਗੂ ਹੱਤਿਆ ਦਾ ਮੁਲਜ਼ਮ ਸੀ, ਦੇ ਕੇਸ 'ਚ ਸਿਖਰਲੀ ਅਦਾਲਤ ਨੇ ਨਿੱਜੀ ਆਜ਼ਾਦੀ ਨਾਲੋਂ ਸਮਾਜਿਕ ਹਿੱਤਾਂ ਨੂੰ ਤਰਜੀਹ ਦਿੱਤੀ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਬਿਨਾਂ ਸਜ਼ਾ ਲੰਮੀ ਹਿਰਾਸਤ ਨਾਲੋਂ ਗੰਭੀਰ ਇਲਜ਼ਾਮਾਂ ਨੂੰ ਵੱਧ ਤਵੱਜੋ ਦਿੱਤੀ। ਇਹ ਰੁਖ਼ ਕਿਤੇ-ਨਾ-ਕਿਤੇ ਬੇਗੁਨਾਹੀ ਦੀ ਸੰਭਾਵਨਾ ਦੇ ਸਿਧਾਂਤ ਤੋਂ ਉਲਟ ਸੀ ਜਿਸ ਦਾ ਝੁਕਾਅ ਮੁਕੱਦਮੇ ਤੋਂ ਪਹਿਲਾਂ ਹਿਰਾਸਤ 'ਚ ਰੱਖਣ ਉੱਤੇ ਸੀ ਜੋ ਲਗਭਗ ਸਜ਼ਾ ਦੇਣ ਵਰਗਾ ਸੀ; ਬਾਵਜੂਦ ਇਸ ਦੇ ਕਿ ਇਸ ਮਾਮਲੇ 'ਚ ਮੁਲਜ਼ਮ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਜਾਂ ਸਬੂਤਾਂ ਨਾਲ ਛੇੜਛਾੜ ਦਾ ਕੋਈ ਸਿੱਧਾ ਸਬੂਤ ਮੌਜੂਦ ਨਹੀਂ ਸੀ। ਇਸ ਤੋਂ ਉਲਟ 2ਜੀ ਘੁਟਾਲਾ ਕੇਸ – ਸੰਜੇ ਚੰਦਰਾ ਬਨਾਮ ਸੀਬੀਆਈ (2012) – ਨੇ ਮੁੜ ਨਿਆਂਪਾਲਿਕਾ ਨੂੰ 'ਜੇਲ੍ਹ ਨਾ ਕਿ ਬੇਲ' ਦੇ ਸਿਧਾਂਤ ਵੱਲ ਮੋੜਾ ਕੱਟਦਿਆਂ ਦੇਖਿਆ ਜਿੱਥੇ ਸੁਪਰੀਮ ਕੋਰਟ ਨੇ ਦਿੱਲੀ ਹਾਈਕੋਰਟ ਦਾ ਫ਼ੈਸਲਾ ਪਲਟਾ ਦਿੱਤਾ। ਹਾਈਕੋਰਟ ਨੇ ਆਪਣੇ ਫ਼ੈਸਲੇ 'ਚ ਜ਼ਮਾਨਤ ਨਾ-ਮਨਜ਼ੂਰ ਕਰਦਿਆਂ ਆਰਥਿਕ ਅਪਰਾਧਾਂ ਦੀ ਗੰਭੀਰਤਾ ਦਾ ਹਵਾਲਾ ਦਿੱਤਾ ਸੀ।

ਵਿਸ਼ੇਸ਼ ਕਾਨੂੰਨਾਂ ਤਹਿਤ ਆਉਂਦੇ ਆਰਥਿਕ ਜੁਰਮਾਂ ਦੇ ਮਾਮਲਿਆਂ 'ਚ ਨਿਆਂਪਾਲਿਕਾ ਨੇ ਸਾਧਾਰਨ ਅਪਰਾਧਾਂ ਦੀ ਤੁਲਨਾ 'ਚ ਅਜਿਹੇ ਅਪਰਾਧਾਂ ਦੀ ਵਿਲੱਖਣਤਾ ਤੇ ਲੰਮੇ ਸਮੇਂ ਤੱਕ ਪੈਣ ਵਾਲੇ ਅਸਰਾਂ ਨੂੰ ਪਛਾਣਦਿਆਂ ਜ਼ਮਾਨਤ ਦੇਣ ਲਈ ਵੱਖਰੇ ਮਿਆਰ ਬਣਾ ਲਏ ਹਨ। ਆਰਥਿਕ ਅਪਰਾਧਾਂ ਜਿਵੇਂ ਮਨੀ ਲਾਂਡਰਿੰਗ ਵਰਗੇ ਕੇਸਾਂ ਨੂੰ ਇਸ ਲਈ ਨਿਰੰਤਰ ਅਪਰਾਧ ਮੰਨਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦੀ ਕਿਰਿਆ ਕਲਪ ਲੰਮੇ ਅਰਸੇ ਤੱਕ ਰਹੇ ਹੁੰਦੇ ਹਨ। ਸੁਪਰੀਮ ਕੋਰਟ ਨੇ ਬਿਹਾਰ ਬਨਾਮ ਦਿਓਕਰਨ ਨੈਂਸੀ (1973) ਕੇਸ 'ਚ ਇਸ ਧਾਰਨਾ 'ਤੇ ਚਾਨਣਾ ਪਾਉਂਦਿਆਂ ਅਜਿਹੇ ਅਪਰਾਧਾਂ ਦਾ ਅੰਤ ਤੈਅ ਕਰਨ 'ਚ ਆਉਂਦੀਆਂ ਚੁਣੌਤੀਆਂ ਉਭਾਰੀਆਂ। ਇੱਥੇ ਮਾਮਲਾ ਪੇਚੀਦਾ ਹੋ ਜਾਂਦਾ ਹੈ ਕਿਉਂਕਿ ਅਪਰਾਧ ਤੋਂ ਮਿਲੇ ਲਾਭ ਨੂੰ ਅਣਮਿੱਥੇ ਸਮੇਂ ਤੱਕ ਵਰਤਿਆ ਜਾ ਸਕਦਾ ਹੈ ਜਿਸ ਤੋਂ ਇਹ ਪਤਾ ਲਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਅਪਰਾਧਕ ਗਤੀਵਿਧੀ ਕਦੋਂ ਮੁੱਕੀ। ਵਾਈਐੱਸ ਜਗਨ ਮੋਹਨ ਰੈੱਡੀ ਬਨਾਮ ਸੀਬੀਆਈ (2013) ਕੇਸ 'ਚ ਸੁਪਰੀਮ ਕੋਰਟ ਨੇ ਦੁਹਰਾਇਆ ਕਿ ਆਰਥਿਕ ਅਪਰਾਧਾਂ ਨੂੰ ਸਮਾਜ ਤੇ ਦੇਸ਼ ਦੀ ਵਿੱਤੀ ਸਥਿਰਤਾ 'ਤੇ ਇਨ੍ਹਾਂ ਦੇ ਵਿਆਪਕ ਅਸਰਾਂ ਕਰ ਕੇ ਅਪਰਾਧ ਦੀ ਵੱਖਰੀ ਸ਼੍ਰੇਣੀ ਵਜੋਂ ਲਿਆ ਜਾ ਰਿਹਾ ਹੈ।

ਅਜਿਹੇ ਅਪਰਾਧਾਂ ਲਈ ਜ਼ਮਾਨਤ 'ਤੇ ਵਿਚਾਰ ਕਰਨ ਦਾ ਇਕ ਹੋਰ ਅਹਿਮ ਪੱਖ ਰਿਹਾਈ ਦੀਆਂ 'ਜੋੜੀਆਂ ਸ਼ਰਤਾਂ' ਜੋ ਮਨੀ ਲਾਂਡਰਿੰਗ ਰੋਕਥਾਮ ਕਾਨੂੰਨ (ਪੀਐੱਮਐੱਲਏ)-2002 ਵਿਚ ਮੌਜੂਦ ਹਨ। ਇਹ ਸ਼ਰਤਾਂ ਸਰਕਾਰੀ ਧਿਰ ਨੂੰ ਜ਼ਮਾਨਤ ਦਾ ਵਿਰੋਧ ਕਰਨ ਦਾ ਮੌਕਾ ਦਿੰਦੀਆਂ ਹਨ ਤੇ ਜੇ ਉਹ ਵਿਰੋਧ ਕਰਦੀ ਹੈ ਤਾਂ ਅਦਾਲਤ ਦੀ ਢੁੱਕਵੇਂ ਆਧਾਰ 'ਤੇ ਤਸੱਲੀ ਕਰਾਉਣ ਦੀ ਲੋੜ ਪਏਗੀ ਕਿ ਮੁਲਜ਼ਮ ਕਸੂਰਵਾਰ ਨਹੀਂ, ਜ਼ਮਾਨਤ 'ਤੇ ਹੁੰਦਿਆਂ ਉਹ ਹੋਰ ਅਪਰਾਧ ਨਹੀਂ ਕਰੇਗਾ। ਅਜਿਹੀ ਪਹੁੰਚ ਤੋਂ ਜ਼ਾਹਿਰ ਹੁੰਦਾ ਹੈ ਕਿ ਆਰਥਿਕ ਅਪਰਾਧਾਂ 'ਚ ਜ਼ਮਾਨਤ ਲਈ ਮਾਪਦੰਡ ਕਿੰਨੇ ਉੱਚੇ ਰੱਖੇ ਹਨ। ਇਸ ਨਾਲ ਮੁਲਜ਼ਮ ਦੇ ਸੰਭਾਵੀ ਕਸੂਰ ਅਤੇ ਚੱਲ ਰਹੀ ਅਪਰਾਧਕ ਗਤੀਵਿਧੀ ਦੇ ਖ਼ਤਰਿਆਂ ਬਾਬਤ ਸਖ਼ਤੀ ਨਾਲ ਪੜਤਾਲ ਯਕੀਨੀ ਬਣਦੀ ਹੈ।

ਇਸ ਤੋਂ ਵੱਖ, ਅਜਿਹੇ ਅਪਰਾਧਾਂ ਵਿਚ ਜ਼ਮਾਨਤ ਦੀਆਂ ਪ੍ਰਕਿਰਿਆਵਾਂ ਵੱਖ-ਵੱਖ ਵਿਸ਼ੇਸ਼ ਕਾਨੂੰਨਾਂ 'ਚ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਨਾਰਕੋਟਿਕ ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟੈਂਸ ਐਕਟ-1985 (ਐੱਨਡੀਪੀਐੱਸ) ਤੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ-1967 ਸ਼ਾਮਿਲ ਹਨ। ਇਹ ਕਾਨੂੰਨ ਅਦਾਲਤਾਂ 'ਤੇ ਵਾਧੂ ਜ਼ਿੰਮਾ ਪਾਉਂਦੇ ਹਨ ਤੇ ਆਰਥਿਕ ਅਪਰਾਧਾਂ ਅਤੇ ਉਨ੍ਹਾਂ ਦੇ ਗੰਭੀਰ ਸਮਾਜਿਕ ਤੇ ਵਿੱਤੀ ਅਸਰਾਂ 'ਤੇ ਗ਼ੌਰ ਕਰਦੇ ਹਨ। ਆਰਥਿਕ ਅਪਰਾਧ ਦੇ ਇੱਕ ਕੇਸ ਵਿਚ ਜ਼ਮਾਨਤ ਲਈ ਨਿਆਂਪਾਲਿਕਾ ਦੇ ਸਖ਼ਤ ਮਿਆਰਾਂ ਵਿਚੋਂ ਅਜਿਹੇ ਅਪਰਾਧਾਂ ਦੇ ਮਾੜੇ ਅਸਰਾਂ ਤੋਂ ਜਮਹੂਰੀ ਢਾਂਚੇ ਤੇ ਕੌਮੀ ਸੁਰੱਖਿਆ ਨੂੰ ਬਚਾਉਣ ਦੀ ਗਹਿਰੀ ਚਿੰਤਾ ਝਲਕਦੀ ਹੈ।

ਭਾਰਤ ਵਿਚ ਜ਼ਮਾਨਤ ਬਾਰੇ ਨਿਆਂਇਕ ਪਹੁੰਚ ਬਦਲੀ ਹੈ, ਉਦਾਰਵਾਦੀ 'ਜੇਲ੍ਹ ਨਹੀਂ ਬੇਲ' ਦੇ ਫਲਸਫ਼ੇ ਤੋਂ ਬਿਲਕੁਲ ਉਲਟ ਸਮਾਜੀ ਹਿੱਤਾਂ ਅਤੇ ਅਪਰਾਧ ਦੀ ਗੰਭੀਰਤਾ ਦਾ ਵੱਧ ਸੂਖਮ ਵਿਸ਼ਲੇਸ਼ਣ ਕਰਨਾ, ਇਸ ਤਬਦੀਲੀ ਦੀ ਤਸਦੀਕ ਕਰਦਾ ਹੈ; ਹਾਲਾਂਕਿ ਆਰਥਿਕ ਅਪਰਾਧਾਂ ਦੇ ਪ੍ਰਸੰਗ ਵਿਚ ਸਖ਼ਤ ਮਿਆਰ ਲਾਗੂ ਕਰਨਾ ਕਈ ਚਿੰਤਾਵਾਂ ਨੂੰ ਜਨਮ ਦਿੰਦਾ ਹੈ। ਇਸ ਗੱਲ ਦੀ ਸੰਭਾਵਨਾ ਕਿ ਜ਼ਮਾਨਤ ਦੀਆਂ ਸਖ਼ਤ ਸ਼ਰਤਾਂ ਮਾੜੀਆਂ ਵੀ ਸਿੱਧ ਹੋ ਸਕਦੀਆਂ ਹਨ ਅਤੇ ਸਮਾਜ ਦੀ ਰਾਖੀ ਦੇ ਅਸਲ ਮੰਤਵਾਂ ਤੋਂ ਭਟਕ ਕੇ ਕਿਸੇ ਦੀ ਵਿਅਕਤੀਗਤ ਆਜ਼ਾਦੀ ਦਾ ਘਾਣ ਕਰ ਸਕਦੀਆਂ ਹਨ, ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੀਐੱਮਐੱਲਏ ਵਰਗੇ ਕਾਨੂੰਨਾਂ ਵਿਚ 'ਜੋੜੀਆਂ ਸ਼ਰਤਾਂ' ਸ਼ਾਮਿਲ ਕਰਨ ਦਾ ਮਕਸਦ ਅਜਿਹੇ ਅਪਰਾਧਾਂ ਦੇ ਨੁਕਸਾਨਦੇਹ ਅਸਰ ਘਟਾਉਣ ਦੀ ਕੋਸ਼ਿਸ਼ ਹੈ। ਫਿਰ ਵੀ ਇਹ ਸੰਤੁਲਨ ਬਣਾਉਣ ਦੀ ਚੁਣੌਤੀ ਬਣੀ ਰਹੇਗੀ ਕਿ ਨਾ ਤਾਂ ਵਿਅਕਤੀਗਤ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਨਾਲ ਸਮਝੌਤਾ ਹੋਵੇ, ਨਾ ਆਰਥਿਕ ਅਪਰਾਧਾਂ ਤੋਂ ਸਮਾਜ ਲਈ ਬਣੇ ਖ਼ਤਰਿਆਂ ਤੋਂ ਧਿਆਨ ਭਟਕੇ। ਇਹ ਤਵਾਜ਼ਨ ਨਾ ਸਿਰਫ਼ ਇਨਸਾਫ਼ ਤੇ ਖ਼ੁਦਮੁਖ਼ਤਾਰੀ ਦੇ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਬਲਕਿ ਨਿਆਂਇਕ ਪ੍ਰਕਿਰਿਆ ਵਿਚ ਲੋਕਾਂ ਦਾ ਭਰੋਸਾ ਬਣਾਈ ਰੱਖਣ ਲਈ ਵੀ ਲਾਜ਼ਮੀ ਹੈ।

# ਅਧੂਰੀ ਸਫਲਤਾ ਪੂਰੀ ਸਫਲਤਾ

ਲਿਖਤ : ਗੁਰਦੀਪ ਢੁੱਡੀ, ਸੰਪਰਕ: 95010-20731

ਫਰਵਰੀ 2010 ਵਿੱਚ ਪ੍ਰਿੰਸੀਪਲ ਵਜੋਂ ਮੇਰੀ ਵਿਭਾਗੀ ਤਰੱਕੀ ਹੋਈ ਅਤੇ ਮੇਰੀ ਤਾਇਨਾਤੀ ਮੁਕਤਸਰ ਸ਼ਹਿਰ ਦੀ ਵੱਖੀ ਵਿੱਚ ਵਸੇ ਪਿੰਡ ਗੋਨਿਆਣਾ ਵਿੱਚ ਹੋਈ। ਬੜੇ ਲੰਮੇ ਸਮੇਂ ਬਾਅਦ ਹੋਈਆਂ ਤਰੱਕੀਆਂ ਕਾਰਨ ਸਕੂਲਾਂ ਦੇ ਲੈਕਚਰਾਰ ਵਰਗ ਨੇ ਇਸ ਨੂੰ ਜਸ਼ਨ ਵਾਂਗ ਮਨਾਇਆ। ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਨੇ ਜ਼ਿਲ੍ਹਿਆਂ ਅਨੁਸਾਰ ਜਿੱਥੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਉੱਥੇ ਤਰੱਕੀ ਵਾਲੇ ਲੈਕਚਰਾਰਾਂ ਨੂੰ ਸਨਮਾਨਿਤ ਕਰਨ ਦਾ ਪ੍ਰੋਗਰਾਮ ਬਣਾਇਆ। ਇਸ ਤਰ੍ਹਾਂ ਦਾ ਪ੍ਰੋਗਰਾਮ ਸ੍ਰੀ ਮੁਕਤਸਰ ਜ਼ਿਲ੍ਹੇ ਵਿੱਚ ਵੀ ਕੀਤਾ ਗਿਆ। ਯੂਨੀਅਨ ਦੇ ਮੈਂਬਰਾਂ ਨੇ ਸੰਘਰਸ਼ ਦੌਰਾਨ ਸਾਥ ਦੇਣ ਵਾਲੇ ਮੈਂਬਰਾਂ ਦਾ ਧੰਨਵਾਦ ਕੀਤਾ, ਨਾਲ ਹੀ ਆਪਣੀ ਜਿੱਤ ਦਾ ਸਿਹਰਾ ਵੀ ਸਾਥੀ ਮੈਂਬਰਾਂ ਦੇ ਸਿਰ ਬੰਨ੍ਹਿਆ। ਸਨਮਾਨ ਚਿੰਨ੍ਹ ਲੈਣ ਵੇਲੇ ਮੇਰੇ ਮਨ ਵਿੱਚ ਬੜੀ ਉਥਲ-ਪੁਥਲ ਚੱਲ ਰਹੀ ਸੀ। ਇਸ ਤੋਂ ਪਹਿਲਾਂ ਮੇਰੀ ਤਾਇਨਾਤੀ ਸਰਕਾਰੀ ਇਨ-ਸਰਵਿਸ ਟ੍ਰੇਨਿੰਗ ਸੈਂਟਰ ਫ਼ਰੀਦਕੋਟ ਵਿੱਚ ਸੀ। ਇਸ ਸੰਸਥਾ ਵਿੱਚ ਪਹਿਲਾਂ ਹੀ ਅਧਿਆਪਨ ਕਾਰਜ ਵਿੱਚ ਲੱਗੇ ਹੋਏ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੇ ਸੈਮੀਨਾਰ ਕੀਤੇ ਜਾਂਦੇ ਸਨ। ਇੱਥੇ ਪੁਰਾਣੇ ਫ਼ਰੀਦਕੋਟ ਜ਼ਿਲ੍ਹੇ ਅਤੇ ਹੁਣ ਦੇ ਫ਼ਰੀਦਕੋਟ, ਮੋਗਾ, ਮੁਕਤਸਰ ਜ਼ਿਲ੍ਹਿਆਂ ਦੇ ਸਕੂਲਾਂ ਦੇ ਅਧਿਆਪਕ ਆਉਂਦੇ ਸਨ। ਵਿਸ਼ਿਆਂ ਦੇ ਅਧਿਆਪਨ ਤੋਂ ਇਲਾਵਾ ਆਦਰਸ਼ਾਂ ਦੇ ਲੜ ਲੱਗਣ ਦੇ ਗਿਆਨ ਦਾ ਸੰਚਾਰ ਵੀ ਹੁੰਦਾ ਸੀ। ਆਪਣੀ ਸੰਸਥਾ ਵਿੱਚ ਮੈਂ ਇਸ ਦੀ ਲੋੜੋਂ ਵੱਧ ਵਰਤੋਂ ਕਰਦਾ ਸੀ। ਤਰੱਕੀ ਤੋਂ ਬਾਅਦ ਜਦੋਂ ਮੁੜ ਸਕੂਲ ਵਿੱਚ ਆ ਗਿਆ ਤਾਂ ਮਨ ਵਿੱਚ ਪਿਛਲੇ ਦਸਾਂ ਸਾਲਾਂ ਵਿੱਚ ਕੀਤੀਆਂ ਗੱਲਾਂ ਮੁੜ-ਮੁੜ ਆ ਹਲੂਣਦੀਆਂ ਸਨ। ਆਪਣੀਆਂ ਥਿਊਰੀਆਂ ਨੂੰ ਅਮਲੀ ਜਾਮਾ ਪਹਿਨਾਉਣਾ ਮੇਰੀ ਵੱਡੀ ਜ਼ਿੰਮੇਵਾਰੀ ਬਣਨ ਦਾ ਸੁਨੇਹਾ ਦਿੰਦੀ ਸੀ। ਥੋੜ੍ਹਾ-ਥੋੜ੍ਹਾ ਸਮਾਂ ਪਿੰਡਾਂ ਦੇ ਛੋਟੇ-ਛੋਟੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲਾਉਣ ਤੋਂ ਬਾਅਦ ਮੇਰੀ ਤਾਇਨਾਤੀ ਫ਼ਰੀਦਕੋਟ ਦੇ ਲੜਕੀਆਂ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੋ ਗਈ। ਗਿਣਤੀ ਅਨੁਸਾਰ ਇਹ ਵੱਡਾ ਸਕੂਲ ਸੀ। ਸਕੂਲ ਵਿੱਚ ਕੁਝ 'ਵੱਡੇ ਅਧਿਆਪਕ' ਵੀ ਤਾਇਨਾਤ ਸਨ ਪਰ ਪਹਿਲਿਆਂ ਵਿੱਚ ਮੈਨੂੰ ਭੁਲੇਖੇ ਵਰਗਾ ਅਹਿਸਾਸ ਹੋਇਆ ਕਿ ਸਾਰੇ ਜਣੇ ਮੇਰੇ ਇਰਾਦਿਆਂ ਨਾਲ ਸਹਿਮਤ ਹਨ। ਸਕੂਲ ਵਿੱਚ ਵਿਦਿਅਕ ਮਾਹੌਲ ਬਣਾਉਣ ਵਿੱਚ ਮੈਂ ਆਪਣੀ ਸਾਰੀ ਤਾਕਤ ਝੋਕਣ ਵਾਲਿਆਂ ਵਾਂਗ ਕੀਤੀ। ਪੂਰੀ ਯੋਗਤਾ ਵਾਲਾ ਅਧਿਆਪਕਾਂ ਦਾ ਕਾਫ਼ਲਾ ਮੇਰੇ ਨਾਲ ਜਾਪਦਾ ਸੀ। ਅਧਿਆਪਕਾਂ ਵਿੱਚ ਵੱਡੀ ਗਿਣਤੀ ਵਿੱਚ ਔਰਤ ਅਧਿਆਪਕ ਸਨ ਅਤੇ ਵਿਦਿਆਰਥੀ ਵੀ ਲੜਕੀਆਂ ਸਨ। ਪਹਿਲਾਂ ਤੋਂ ਹੀ ਮੇਰਾ ਇਹ ਮੰਨਣਾ ਹੈ ਕਿ ਲੜਕਿਆਂ ਅਤੇ ਮਰਦਾਂ ਦੇ ਮੁਕਾਬਲੇ ਔਰਤਾਂ ਅਤੇ ਲੜਕੀਆਂ ਵਧੇਰੇ ਅਨੁਸ਼ਾਸਤ ਅਤੇ ਮਿਹਨਤੀ ਹੁੰਦੀਆਂ ਹਨ। ਇਸ ਕਰ ਕੇ ਇੱਥੇ ਮੇਰੇ ਸੁਫਨੇ ਸਾਕਾਰ ਹੋ ਸਕਦੇ ਹਨ। ਬਹੁਤ ਸਾਰੇ ਅਧਿਆਪਕਾਂ ਨੇ ਮੇਰੇ ਮੋਢੇ ਨਾਲ ਮੋਢਾ ਜੋੜ ਲਿਆ ਪਰ ਮੇਰੇ ਰਾਹ ਦੇ ਰੋੜਿਆਂ ਨੇ ਵੀ ਇਸੇ ਸਮੇਂ ਕਮਰ ਕੱਸ ਲਈ। ਤਕਰੀਬਨ ਛੇ ਕੁ ਮਹੀਨਿਆਂ ਦੇ ਵਕਫ਼ੇ ਵਿੱਚ ਮੈਨੂੰ ਇਕ ਅਧਿਆਪਕ ਨਾਲ ਉਸੇ ਦੀ ਗੱਡੀ ਵਿੱਚ ਸਫ਼ਰ ਕਰਨ ਦਾ ਸਬੱਬ ਬਣਿਆ। ਉਸ ਨੇ ਥੋੜ੍ਹੀ ਸ਼ਰਾਬ ਵੀ ਪੀਤੀ ਹੋਈ ਸੀ ਅਤੇ ਇਸੇ ਵਿੱਚ ਹੀ ਉਸ ਨੇ ਮੈਨੂੰ ਇਹ ਸੁਣਾ ਦਿੱਤਾ ਕਿ ਉਹ ਵਿਸ਼ੇਸ਼ ਬੰਦਾ ਹੈ, ਇਸ ਕਰ ਕੇ ਉਸ ਨੂੰ ਕੰਮ ਕਹਿਣ ਵੇਲੇ ਮੈਨੂੰ ਸੌ ਵਾਰੀ ਸੋਚਣਾ ਚਾਹੀਦਾ ਹੈ। ਮੈਨੂੰ ਇਹ ਮਹਿਸੂਸ ਤਾਂ ਹੋਇਆ ਪਰ ਮੈਂ ਇਸ ਨੂੰ ਇੰਨਾ ਕੁ ਹੀ ਦਿਲ 'ਤੇ ਲਾਇਆ ਕਿ ਉਸ ਨੂੰ ਬਹੁਤ ਸਾਰੇ ਕੰਮਾਂ ਵਿੱਚ ਨਕਾਰਦਿਆਂ ਬਾਕੀ ਦਾ ਆਪਣਾ ਸਫ਼ਰ ਬੇਰੋਕ ਜਾਰੀ ਰੱਖਿਆ। ਦੋ ਕੁ ਸਾਲ ਦੇ ਵਕਫ਼ੇ ਬਾਅਦ ਵੱਡਾ ਧਮਾਕਾ ਹੋਇਆ। ਸਕੂਲ ਦੇ ਕਲਰਕ ਮਨਜੀਤ ਕੌਰ ਦਫ਼ਤਰੀ ਕੰਮ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ ਗਏ। ਵਾਪਸ ਆ ਕੇ ਉਨ੍ਹਾਂ ਦੇ ਚਿਹਰੇ ਦੀ ਰੰਗਤ ਅੰਤਾਂ ਦੀ ਪਿਲੱਤਣ ਵਾਲੀ ਸੀ। ਉਹ ਬੇਹੱਦ ਫ਼ਿਕਰਮੰਦ ਸਨ ਅਤੇ ਆਪਣਾ ਸਮਾਨ ਰੱਖ ਕੇ ਉਹ ਮੇਰੇ ਕੋਲ ਆਏ ਅਤੇ ਮੈਨੂੰ ਦਫ਼ਤਰ ਦੇ ਅੰਦਰ ਚੱਲਣ ਵਾਸਤੇ ਕਿਹਾ- "ਸਰ, ਕਿਸੇ ਨੇ ਤੁਹਾਡੀ ਸ਼ਿਕਾਇਤ ਕੀਤੀ ਹੈ। ਇਸ ਵਿੱਚ ਬੜਾ ਕੁਝ ਊਲ-ਜਲੂਲ ਲਿਖਿਆ ਹੈ। ਕਰੈਕਟਰ ਵੀ ਉਛਾਲਿਆ ਹੈ।" ਉਸ ਸ਼ਿਕਾਇਤ ਦੀ ਫੋਟੋ ਕਾਪੀ ਉਨ੍ਹਾਂ ਮੈਨੂੰ ਪੜ੍ਹਨ ਨੂੰ ਦਿੱਤੀ। ਇਕ ਵਾਰੀ ਤਾਂ ਮੇਰੇ ਵੀ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ ਪਰ ਹੌਲੀ-ਹੌਲੀ ਮੈਂ ਸੰਭਲ ਗਿਆ। ਜਦੋਂ ਇਸ ਸ਼ਿਕਾਇਤ ਨੂੰ ਸਹਿਜ ਭਾਅ ਦੇਖਿਆ ਤਾਂ ਇਹ ਗੁਮਨਾਮ ਸ਼ਿਕਾਇਤ ਸੀ ਅਤੇ ਇਸ ਉੱਤੇ ਜੋ ਪਤਾ ਦਿੱਤਾ ਗਿਆ ਸੀ, ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਸ਼ਿਕਾਇਤ ਜਾਅਲੀ ਸੀ। ਇਸ ਤੋਂ ਬਾਅਦ ਸ਼ਿਕਾਇਤਾਂ ਦੀ ਝੜੀ ਲੱਗ ਗਈ। ਇਨ੍ਹਾਂ ਸਾਰੀਆਂ ਸ਼ਿਕਾਇਤਾਂ ਦਾ ਇਕ ਅਸਰ ਜ਼ਰੂਰ ਹੋਇਆ ਕਿ ਸਕੂਲ ਦੀ ਪ੍ਰਗਤੀ ਵਿੱਚ ਉਹ ਰਫ਼ਤਾਰ ਮੱਧਮ ਹੋ ਗਈ ਜਿਹੜੀ ਮੈਂ ਫੜੀ ਹੋਈ ਸੀ ਪਰ ਇਹ ਸ਼ਿਕਾਇਤਾਂ ਦਫ਼ਤਰੀ ਫਾਈਲਾਂ ਦਾ ਸ਼ਿੰਗਾਰ ਬਣਦੀਆਂ ਗਈਆਂ। ਹੁਣ ਜਦੋਂ ਮੈਨੂੰ ਸੇਵਾ ਮੁਕਤ ਹੋਏ ਨੂੰ ਕਰੀਬ ਅੱਠ ਸਾਲ ਬੀਤ ਚੁੱਕੇ ਹਨ ਤਾਂ ਜਦੋਂ ਸ਼ਿਕਾਇਤਾਂ ਕਰਨ ਵਾਲਿਆਂ ਦੁਆਰਾ ਆਪ ਤਰੱਕੀ ਕਰ ਕੇ ਮੇਰੇ ਵਾਲੇ ਪ੍ਰਬੰਧਕੀ ਫਾਰਮੂਲੇ ਵਰਤਣ ਦਾ ਪਤਾ ਲੱਗਿਆ ਤਾਂ ਮੈਨੂੰ ਆਪਣੀ ਅਧੂਰੀ ਸਫਲਤਾ ਵੀ ਪੂਰੀ ਵਰਗੀ ਜਾਪਦੀ ਹੈ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਲੜੀਵਾਰ ਕਿਸ਼ਤ 48

## ਹਾਰਡਿੰਗ ਮਹਾਰਾਣੀ ਦੇ ਵਿਰੋਧੀ

ਹਾਰਡਿੰਗ ਤੇ ਲਾਰੰਸ ਮੁੱਢ ਤੋਂ ਹੀ ਹਾਰਡਿੰਗ ਮਹਾਰਾਣੀ ਦੇ ਵਿਰੋਧੀ ਸਨ। ਉਹ ਕਿਸੇ ਐਸੇ ਸਮੇਂ ਦੀ ਭਾਲ ਵਿਚ ਸਨ, ਜਦੋਂ ਮਹਾਰਾਣੀ ਨੂੰ ਸਜ਼ਾ ਦੇ ਸਕਣ। 16 ਦਸੰਬਰ, 1846 ਈ. ਨੂੰ ਹਾਰਡਿੰਗ ਦੀ 'ਕਰੀ' ਵੱਲ ਲਿਖੀ ਹੋਈ ਗੁਪਤ ਚਿੱਠੀ ਵਿਚ ਲਿਖਿਆ ਹੈ, ''ਜੇ ਕੋਈ ਗੱਲ ਬਹਿਸ ਵਾਲੀ ਹੈ, ਤਾਂ ਉਹ ਹੈ ਰਾਣੀ ਨੂੰ ਬਿਲੇ ਲਾਉਣਾ। ਅਸੀਂ ਏਸ ਗੱਲ ਤੇ ਸਹਿਮਤ ਹਾਂ, ਤੇ ਇਹ ਗੱਲ ਬਿਲਕੁਲ ਯੋਗ ਹੈ, ਕਿ ਰਾਣੀ ਦੇ ਹੱਥ ਵਿੱਚ ਕਾਰ-ਮੁਖ਼ਤਿਆਰ ਦੀ ਹੈਸੀਅਤ ਵਿਚ ਕੋਈ

ਤਾਕਤ ਨਾ ਰਹੇ।ਉਸਦੀ ਰਿਹਾਇਸ਼ ਦੇ ਥਾਂ ਦਾ ਫੈਸਲਾ ਕਰਨ ਵੇਲੇ ਨਵੇਂ ਰਾਜ ਪਰਬੰਧ ਦੇ ਵਿਰੁੱਧ, ਰਾਣੀ ਵੱਲੋਂ ਹੋਣ ਵਾਲੀਆਂ ਰਾਜਸੀ ਸਾਜ਼ਸ਼ਾਂ ਦੇ ਆਧਾਰ 'ਤੇ ਉਸਨੂੰ ਉਸਦੇ ਪੁੱਤਰ ਤੋਂ ਵੱਖਰਾ ਕਰ ਦੇਣ ਦੇ ਵਿਰੁੱਧ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਆਖਿਆ ਜਾ ਸਕਦਾ ਹੈ, ਤੇ ਲੋਕਾਂ ਦੀ ਇਸ ਨਾਲ ਹਮਦਰਦੀ ਵੀ ਹੋ ਜਾਏਗੀ, ਕਿ ਰਾਣੀ ਨੂੰ ਉਸ ਵੱਲੋਂ ਹੋਏ ਕਿਸੇ ਰਾਜਸੀ ਗੁਨਾਹ ਤੋਂ ਪਹਿਲਾਂ ਹੀ ਸਜ਼ਾ ਦੇ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ, ਕਿ ਉਹ ਪੰਜਾਬ ਵਿਚ ਕਿਸੇ ਹੋਰ ਥਾਂ ਨਾਲੋਂ ਲਾਹੌਰ ਵਿਚ ਘੱਟ ਖ਼ਤਰਨਾਕ ਹੋਵੇਗੀ। ਜੇ ਉਹ ਕੁਝ ਔਖਿਆਂ ਕਰਨ ਲੱਗ ਪਏ, ਤੇ ਉਸਨੂੰ ਦੇਸ ਨਿਕਾਲਾ ਦੇਣਾ ਯੋਗ ਹੋ ਜਾਏ, ਤਾਂ ਜ਼ਰੂਰ ਉਸਨੂੰ ਸਤਲੁਜੋਂ ਪਾਰ ਭੇਜ ਦਿੱਤਾ ਜਾਏ।''

ਜਿੱਥੇ ਪਹਿਲਾਂ ਹੀ ਇਹ ਸਲਾਹੀਂ ਹੋ ਰਹੀਆਂ ਹੋਣ, ਓਥੇ ਲਿਹਾਜ਼ ਤੇ ਨਿਆਂ ਦੀ ਆਸ ਰਖਣਾ ਬੇਸਮਝੀ ਹੈ। ਤੇਜ ਸਿੰਘ ਦੇ ਤਿਲਕ ਵੇਲੇ ਮਹਾਰਾਜੇ ਦੀ 'ਨਾਂਹ', ਮਹਾਰਾਣੀ ਦੇ ਵਿਰੁੱਧ ਮਾਰੂ ਹਥਿਆਰ ਬਣਾ ਕੇ ਵਰਤੀ ਗਈ। ਲਾਰੰਸ ਨੇ ਮਹਾਰਾਣੀ ਨੂੰ ੪ ਹਜ਼ਾਰ ਮਹਾਵਾਰ (ਡੂਢ ਲੱਖ ਦੀ ਥਾਂ ੪ ਹਜ਼ਾਰ ਸਾਲਾਨਾ) ਦੇ ਕੇ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਭੇਜਣ ਦਾ ਹੁਕਮ ਦੇ ਦਿੱਤਾ। ਇਹ ਦੁਖਦਾਈ ਹੁਕਮ ਸੁਨਾਉਣ ਬਦਲੇ ਮਹਾਰਾਣੀ ਦਾ ਭਰਾ ਹੀਰਾ ਸਿੰਘ ਉਸ ਕੋਲ ਗਿਆ। ਸੁਣ ਕੇ ਮਹਾਰਾਣੀ ਨੇ ਬੜੇ ਧੀਰਜ ਤੇ ਗੰਭੀਰਤਾ ਨਾਲ ਅੱਗੋਂ



ਉੱਤਰ ਦਿੱਤਾ, 'ਜਿਸ ਵਿਚ ਅੰਗਰੇਜ਼ਾਂ ਨੂੰ ਭਲਿਆਈ ਸੁਝੇ, ਮੈਂ ਓਹੋ ਕੁਛ ਕਰਨ ਨੂੰ ਤਿਆਰ ਹਾਂ।

18 ਅਗਸਤ, 1847 ਈ: ਦੀ ਸ਼ਾਮ ਨੂੰ ਦਰਬਾਰ ਹੋਇਆ, ਜਿਸ ਵਿਚ ਲਾਰੰਸ ਨੇ ਮਹਾਰਾਜੇ ਨੂੰ ਘੋੜੇ ਉੱਤੇ ਸੈਰ ਵਾਸਤੇ ਜਾਣ ਲਈ ਕਿਹਾ। ਮਹਾਰਾਜਾ ਹੈਰਾਨ ਤਾਂ ਹੋਇਆ, ਪਰ ਬਿਨਾਂ ਕੁਛ ਕਹੇ ਗੁਲਾਬ ਸਿੰਘ (ਅਟਾਰੀ ਵਾਲਾ) ਤੇ ਕੁਛ ਹੋਰ ਸਰਦਾਰਾਂ ਨਾਲ ਤੁਰ ਪਿਆ। ਸ਼ਾਲਾਮਾਰ ਬਾਗ਼ ਕੋਲ ਪੁੱਜੇ, ਤਾਂ ਹਨੇਰਾ ਹੋ ਜਾਣ ਕਰਕੇ ਮਹਾਰਾਜੇ ਨੇ ਘੋੜਾ ਸ਼ਹਿਰ ਨੂੰ ਮੋੜਿਆ। ਗੁਲਾਬ ਸਿੰਘ ਨੇ ਕਿਹਾ, ''ਕੀ ਆਪ ਸ਼ਹਿਰ ਨੂੰ ਮੁੜ ਕੇ ਸਾਡਾ ਨੱਕ ਵੱਢਾਉਗੇ ? ਲਾਰੰਸ ਸਾਹਿਬ ਦਾ ਹੁਕਮ ਹੈ, ਕਿ ਮੈਂ ਆਪ ਨਾਲ ਸ਼ਾਲਾਮਾਰ ਜਾਵਾਂ।'' ਇਹ ਸੁਣਕੇ ਮਹਾਰਾਜੇ ਨੇ ਦਿਲ ਵਿਚ ਬੜਾ ਦੁਖ

ਅਨੁਭਵ ਕੀਤਾ ਤੇ ਗੁਲਾਬ ਸਿੰਘ ਦੇ ਨਾਲ ਤੁਰ ਪਿਆ। ਬਾਗ਼ ਵਿਚ ਪੁੱਜੇ, ਤਾਂ ਓਥੇ ਆਪਣੇ ਨੌਕਰ ਚਾਕਰ ਤੇ ਰਾਤ ਕੱਟਣ ਦਾ ਸਾਰਾ ਸਾਮਾਨ ਵੇਖ ਕੇ ਮਹਾਰਾਜਾ ਅਸਚਰਜ ਰਹਿ ਗਿਆ। ਉਸਨੇ ਮੂੰਹੋਂ ਤਾਂ ਕੁਛ ਨਾ ਕਿਹਾ, ਪਰ ਰਾਤ ਨੂੰ ਖਾਧਾ ਪੀਤਾ ਕੁਛ ਨਾ। ਦਿਨ ਚੜ੍ਹੇ ਵਾਪਸ ਕਿਲ੍ਹੇ ਵਿਚ ਮੁੜੇ, ਤਾਂ ਮਹਾਰਾਜੇ ਨੂੰ ਪਤਾ ਲੱਗਾ, ਕਿ ਉਸਦੀ ਮਾਤਾ ਸ਼ੇਖ਼ੂਪੁਰੇ ਵਿਚ ਨਜ਼ਰਬੰਦ ਕਰਕੇ ਭੇਜ ਦਿੱਤੀ ਗਈ ਹੈ। ਏਸ ਗ਼ਮ ਨਾਲ ਮਹਾਰਾਜੇ ਦਾ ਦਿਲ ਟੁੱਟ ਗਿਆ। ਉਹਨੇ ਪਹਿਲੇ ਨਿਵਾਸ ਅਸਥਾਨ (ਸੰਮਣ ਬੁਰਜ) ਵਿਚ ਰਹਿਣ ਤੋਂ ਨਾਂਹ ਕਰ ਦਿੱਤੀ ਤੇ ਤਖ਼ਤਸ਼ਾਹ ਦੇ ਉਪਰਲੇ ਕਮਰਿਆਂ ਵਿਚ ਰਹਿਣ ਲੱਗਾ । ਗੁਲਾਬ ਸਿੰਘ ਅਟਾਰੀ ਵਾਲਾ ਹਰ ਵੇਲੇ (ਖ਼ਾਸ ਕਰ ਕੇ ਸੌਣ ਵੇਲੇ ਰਾਤ ਨੂੰ) ਮਹਾਰਾਜੇ ਦੇ ਕੋਲ ਰਹਿੰਦਾ ਸੀ।

ਮਹਾਰਾਣੀ ਸ਼ੇਖ਼ੂਪੁਰੇ ਨਜ਼ਰਬੰਦ

19 ਅਗਸਤ, 1847 ਈ: ਨੂੰ ਮਹਾਰਾਣੀ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਪੁਚਾਈ ਗਈ। ਲਾਹੌਰੋਂ ਤੁਰਨ ਲੱਗਿਆਂ ਉਸਨੇ ਰੈਜ਼ੀਡੈਂਟ ਨੂੰ ਮਿਲਣ ਦੀ ਬੇਨਤੀ ਕੀਤੀ, ਪਰ ਲਾਰੰਸ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, ਕਿ ਜੇ ਉਹ ਚਾਹੇ, ਤਾਂ ਆਪਣੇ ਗਹਿਣੇ ਨਾਲ ਲੈ ਜਾ ਸਕਦੀ ਹੈ। ਸੋ, ਮਹਾਰਾਣੀ ਗਹਿਣੇ ਨਾਲ ਲੈ ਗਈ। ਸ਼ੇਖ਼ੂਪੁਰੇ ਵਿਚ ਉਸਦੀ ਰਾਖੀ ਦਾ ਭਾਰ ਸ: ਬੂੜ ਸਿੰਘ ਨੂੰ ਸੌਂਪਿਆ ਗਿਆ।

ਅਗਲੇ ਦਿਨ ਗਵਰਨਰ-ਜਨਰਲ ਦਾ ਇਕ ਐਲਾਨ ਨਿਕਲਿਆ, ''ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਵਿਚ ਮਿੱਤਰਤਾ ਹੈ। ਬਾਲਕ ਮਹਾਰਾਜੇ ਦੀ' ਸਿੱਖਿਆ ਵਾਸਤੇ ਸਦਾ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਗਵਰਨਰ-ਜੈਨਰਲ ਨੂੰ ਇਹ ਲੋੜ ਭਾਸੀ ਹੈ, ਕਿ ਮਹਾਰਾਜੇ ਨੂੰ ਉਹਦੀ ਮਾਤਾ ਤੋਂ ਵੱਖ ਰੱਖਿਆ ਜਾਵੇ। ਇਸ ਕਾਰਨ ਮਹਾਰਾਣੀ ਲਾਹੌਰੋਂ ਸ਼ੇਖ਼ੂਪੁਰਾ ਭੇਜੀ ਗਈ ਹੈ।

ਡਾਢਾ ਜੋ ਕਹੇ, ਸੋ ਸੱਤ ਹੈ, ਨਹੀਂ ਤਾਂ ਭਲਾ ਕੋਈ ਪੁੱਛੇ, ਪਈ, ਮਹਾਰਾਣੀ ਸ਼ੇਖ਼ੂਪੁਰੇ ਤਾਂ ਘੱਲੀ ਗਈ, ਕਿ ਉਹ ਲਾਹੌਰ ਰਹਿਕੇ ਮਹਾਰਾਜੇ ਦੀ ਵਿੱਦਿਆ ਵਿਚ ਵਿਘਨ ਪਾਉਂਦੀ ਹੈ, ਪਰ ਉਹਦੀ ਪੈਨਸ਼ਨ ਡੇਢ ਲੱਖ ਸਾਲਾਨਾ ਦੀ ਥਾਂ, ਘਟਾਕੇ 48 ਹਜ਼ਾਰ ਸਾਲਾਨਾ ਕਿਸ ਅਹਿਦਨਾਮੇ ਦੇ ਅਸੂਲ ਨਾਲ ਕੀਤੀ ਗਈ ਹੈ ? ਭਰੋਵਾਲ ਦੀ ਸੁਲ੍ਹਾ ਵਿੱਚ ਤਾਂ ਅਜੇਹੀ ਕੋਈ ਸ਼ਰਤ ਨਹੀਂ ਸੀ, ਤੇ ਨਾ ਹੀ ਹਾਰਡਿੰਗ ਜਾਂ ਲਾਰੰਸ ਨੂੰ ਕੋਈ ਹੱਕ ਸੀ, ਕਿ ਕਿਸੇ ਹਾਲ ਵਿੱਚ ਵੀ ਉਸਦੀ ਪੈਨਸ਼ਨ ਘਟਾ ਸਕਦੇ।

ਏਸ ਘਟਨਾ ਤੋਂ ਕੌਂਸਲ ਦੇ ਮੈਂਬਰ ਅੱਗੇ ਨਾਲੋਂ ਵਧੇਰੇ ਦਬ ਗਏ ਤੇ ਹਰ ਇਕ ਕੰਮ ਰੈਜ਼ੀਡੈਂਟ ਤੋਂ ਪੁੱਛਕੇ ਕਰਨ ਲੱਗੇ।

- ਚਲਦਾ


# BHULLAR
EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

**We do townhouses**
Quality work Reasonable rate
**Fast & friendly Service**

**We Fix All Leaky Basement & Drainage Problems**



Vicky Bhullar
778-681-8200



Pavi Bhullar
647-667-9242



Bill Bhulllar
778-891-4556



Jassi Bhullar
604-441-7118



Balraj Bhullar

# ਪਾਣੀ ਅਤੇ ਸਵੱਛਤਾ ਸੰਕਟ ਦੇ ਹੱਲ ਲਈ ਤਬਦੀਲੀ ਜ਼ਰੂਰੀ

**ਲਿਖਤ : ਸੋਹਨ ਸਿੰਘ ਚਾਹਲ,**
**ਸੰਪਰਕ : 94639-50475**

ਲੋਕਾਂ ਨੂੰ ਪਾਣੀ ਦੀ ਵਰਤੋਂ, ਖਪਤ ਅਤੇ ਪ੍ਰਬੰਧਨ ਦੇ ਤਰੀਕੇ ਨੂੰ ਬਦਲਣ ਲਈ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਣ ਲਈ ਉਤਸ਼ਾਹਿਤ ਕਰਨਾ ਅਤਿਅੰਤ ਜ਼ਰੂਰੀ ਹੈ ਅਤੇ ਇਹੋ ਭਾਵ "ਪਾਣੀ ਅਤੇ ਸਵੱਛਤਾ ਸੰਕਟ ਨੂੰ ਹੱਲ ਕਰਨ ਲਈ ਤਬਦੀਲੀ ਨੂੰ ਤੇਜ਼ ਕਰਨਾ" ਹੀ 2023 ਦੇ ਵਿਸ਼ਵ ਪਾਣੀ ਦਿਵਸ ਦਾ ਥੀਮ ਹੈ, ਜਿਹੜਾ ਹਰ ਸਾਲ ਸੰਸਾਰ ਵਿੱਚ 22 ਮਾਰਚ ਨੂੰ ਮਨਾਇਆ ਜਾਂਦਾ ਹੈ। 1993 ਤੋਂ ਹੀ ਸੰਯੁਕਤ ਰਾਸ਼ਟਰ ਸਭਾ ਵਲੋਂ ਇਸ ਦਿਨ ਨੂੰ ਸੰਸਾਰ ਵਿੱਚ ਰਹਿੰਦੇ ਮਨੁੱਖਾਂ ਨੂੰ ਪਾਣੀ ਦਾ ਜੀਵਨ ਵਿੱਚ ਮਹੱਤਵ, ਜ਼ਰੂਰਤ ਅਤੇ ਬਚਾਓ ਸਬੰਧੀ ਜਾਗਰੂਕ ਕਰਨ ਲਈ ਇਹ ਪ੍ਰੋਗਰਾਮ ਚਲਾਇਆ ਜਾਂਦਾ ਹੈ।

ਪਾਣੀ ਹਰ ਇੱਕ ਮਨੁੱਖ ਤੇ ਜੀਵ-ਜੰਤੂ ਦੀ ਜ਼ਰੂਰਤ ਹੈ। ਇਸ ਲਈ ਕਹਾਵਤ ਹੈ, ਕਿ 'ਪਾਣੀ ਹੀ ਜ਼ਿੰਦਗੀ ਹੈ'। ਕੁਦਰਤ ਸਾਨੂੰ ਜਿਉਣ ਲਈ ਪਾਣੀ ਮੁਹੱਈਆ ਕਰਵਾਉਂਦੀ ਹੈ। ਬ੍ਰਹਿਮੰਡ ਵਿੱਚ ਬਹੁਤ ਸਾਰੇ ਗ੍ਰਹਿ ਹਨ, ਪਰ ਧਰਤੀ 'ਤੇ ਹੀ ਜੀਵਨ ਸੰਭਵ ਹੈ, ਕਿਉਕੀਂ ਪਾਣੀ ਸਿਰਫ ਇਥੇ ਮੌਜੂਦ ਹੈ। ਪਰ ਅੱਜ ਮਨੁੱਖ ਨੇ ਆਪਣੇ ਲਾਲਚ ਲਈ ਧਰਤੀ 'ਤੇ ਥਾਂ-ਥਾਂ ਉਤੇ ਗੰਦਗੀ ਫੈਲਾ ਕੇ ਆਪਣੇ ਲਈ ਹੀ ਜਿਉਣ ਦਾ ਪਾਣੀ ਪ੍ਰਦੂਸ਼ਿਤ ਕਰ ਲਿਆ ਹੈ। ਅੱਜ ਤਰੱਕੀ ਦੇ ਨਾਂ 'ਤੇ ਪ੍ਰਕ੍ਰਿਤਕ ਸਾਧਨਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

ਅੱਜ ਫੈਕਟਰੀਆਂ ਦੀ ਕਿੰਨੀ ਹੀ ਗੰਦਗੀ ਨਦੀਆਂ ਨਾਲਿਆਂ ਵਿੱਚ ਵਹਾਈ ਜਾ ਰਹੀ ਹੈ ਅਤੇ ਪੀਣ ਵਾਲੇ ਪਾਣੀ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਸਮੁੰਦਰ ਵਿੱਚ ਕਿੰਨੀ ਹੀ ਗੰਦਗੀ ਮਿਲਾਈ ਜਾ ਰਹੀ ਹੈ, ਜਿਸ ਨਾਲ ਪਾਣੀ ਵਿੱਚ ਰਹਿਣ ਵਾਲੇ ਹਜ਼ਾਰਾਂ ਜੀਵ-ਜੰਤੂਆਂ ਨੂੰ ਖਤਮ ਕੀਤਾ ਜਾਂ ਰਿਹਾ ਹੈ। ਆਸਥਾ ਦੇ ਨਾਂ 'ਤੇ ਕਿੰਨਾ ਕੁਝ ਨਦੀਆਂ-ਦਰਿਆਵਾਂ ਦੇ ਪਵਿੱਤਰ ਪਾਣੀ ਵਿੱਚ ਸੁੱਟ ਕੇ ਉਨ੍ਹਾਂ ਦੀ ਪਵਿੱਤਰਤਾ ਨੂੰ ਖੋਰਾ ਲਾਇਆ ਜਾ ਰਿਹਾ ਹੈ। ਆਪਣੇ ਘਰਾਂ ਦੇ ਕੂੜੇ ਨੂੰ ਆਸ ਪਾਸ ਦੇ ਪੀਣ ਵਾਲੇ ਸਰੋਤਾਂ ਵਿੱਚ ਸੁੱਟ ਕੇ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਲਗਾਤਾਰ ਕੀਟ ਨਾਸ਼ਕਾਂ ਦੇ ਪ੍ਰਯੋਗ ਨੇ ਪੀਣ ਵਾਲਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ, ਜਿਸ ਦਾ ਅਸਰ ਮਨੁੱਖ ਤੇ ਜੀਵ ਜੰਤੂਆਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਅੰਨ੍ਹੇਵਾਹ ਦਰਖ਼ਤਾਂ ਦੀ ਕਟਾਈ ਤੇ ਲਗਾਤਾਰ ਵਧ ਰਿਹੇ ਹਵਾ ਪ੍ਰਦੂਸ਼ਣ ਨਾਲ ਆਲਮੀ ਤਪਸ਼ ਕਾਰਨ ਦਿਨੋ-ਦਿਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਜਿਸ ਨਾਲ ਵਰਖਾ ਘੱਟ ਹੋਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ। ਪਾਣੀ ਦੇ ਸਰੋਤ ਲਗਾਤਾਰ ਸੁੱਕਦੇ ਜਾ ਰਹੇ ਹਨ। ਸੰਸਾਰ ਦੀ ਅਬਾਦੀ ਲਗਾਤਾਰ ਵਧ ਰਹੀ ਹੈ ਪਰ ਪੀਣ ਵਾਲੇ ਸ਼ੁੱਧ ਪਾਣੀ ਦੀ ਲਗਾਤਾਰ ਕਮੀ ਆ ਰਹੀ ਹੈ, ਜਿਸ ਕਾਰਨ ਮਨੁੱਖ ਹੁਣ ਗੰਦਾ ਪਾਣੀ ਪੀਣ ਲਈ ਮਜਬੂਰ ਹੈ।

ਧਰਤੀ ਦੀ ਸਤਹਿ ਦਾ ਲਗਭਗ 71 ਪ੍ਰਤੀਸ਼ਤ ਭਾਗ ਪਾਣੀ ਨਾਲ ਢੱਕਿਆ ਹੋਇਆ ਹੈ, ਜਿਸ ਵਿੱਚੋਂ ਮਹਾਸਾਗਰਾਂ ਵਿੱਚ 96.5 ਪ੍ਰਤੀਸ਼ਤ ਖਾਰਾ ਪਾਣੀ ਹੈ। ਲੂਣਾਂ ਦੀ ਮਾਤਰਾ ਜ਼ਿਆਦਾ ਹੋਣ ਕਾਰਣ ਅਸੀਂ ਇਹ ਪਾਣੀ ਪੀ ਨਹੀਂ ਸਕਦੇ। ਬਾਕੀ 3.5 ਪ੍ਰਤੀਸ਼ਤ ਪਾਣੀ ਹੀ ਅਸੀਂ ਪੀਣ ਲਈ ਵਰਤ ਸਕਦੇ ਹਾਂ, ਜਿਸ ਵਿੱਚੋਂ 2 ਪ੍ਰਤੀਸ਼ਤ ਬਰਫ ਦੇ ਰੂਪ ਵਿੱਚ ਜਮਿਆ ਹੈ। ਕੁਝ ਪਾਣੀ




ਵਾਸ਼ਪ/ਭਾਫ਼ ਦੇ ਰੂਪ ਵਿੱਚ ਵਾਯੂਮੰਡਲ ਵਿੱਚ ਹੈ। ਲਗਭਗ 1 ਪ੍ਰਤੀਸ਼ਤ ਸ਼ੁੱਧ ਪਾਣੀ ਹੈ ਜੋ ਸਾਨੂੰ ਅਸਾਨੀ ਨਾਲ ਪੀਣ ਲਈ ਮਿਲਦਾ ਹੈ। ਇਸ 1 ਪ੍ਰਤੀਸ਼ਤ ਵਿਚੋਂ ਵੀ 60 ਪ੍ਰਤੀਸ਼ਤ ਜਾਨਵਰ ਵਰਤਦੇ ਹਨ। ਇਸ ਲਈ ਸ਼ੁੱਧ ਪਾਣੀ ਸੱਚਮੁਚ ਹੀ ਸਾਡੇ ਲਈ ਅਨਮੋਲ ਹੈ।

ਮਨੁੱਖੀ ਸਰੀਰ ਵਿੱਚ 60 ਪ੍ਰਤੀਸ਼ਤ ਪਾਣੀ ਹੈ। ਪਾਣੀ ਤੋਂ ਬਿਨਾਂ ਮਨੁੱਖ ਜੀਉਂਦਾ ਨਹੀਂ ਰਹਿ ਸਕਦਾ। ਮਨੁੱਖ ਲਈ ਹਰ ਰੋਜ਼ 3 ਲੀਟਰ ਤੇ ਪਸ਼ੂਆਂ ਲਈ 50 ਲੀਟਰ ਸ਼ੁੱਧ ਪਾਣੀ ਦੀ ਪੀਣ ਲਈ ਜ਼ਰੂਰਤ ਹੁੰਦੀ ਹੈ। ਇਹ ਪਾਣੀ ਨਦੀਆਂ, ਸਰੋਵਰਾਂ, ਝੀਲਾਂ, ਖੂਹਾਂ ਅਤੇ ਝਰਨਿਆਂ ਰਾਹੀਂ ਮਿਲਦਾ ਹੈ। ਪਰ ਮਨੁੱਖ ਦੇ ਲਾਲਚ ਨੇ ਪਾਣੀ ਦੇ ਇਨ੍ਹਾਂ ਸਰੋਤਾਂ ਨੂੰ ਵੀ ਗੰਧਲੇ ਕਰ ਦਿੱਤਾ ਹੈ। ਹਾਲ ਇਹ ਹੋ ਗਿਆ ਹੈ ਕਿ ਅੱਜ ਸੰਸਾਰ ਦੇ 10 ਵਿਅਕਤੀਆਂ ਵਿੱਚੋਂ 2 ਨੂੰ ਪੀਣ ਲਈ ਗੰਦਾ ਪਾਣੀ ਮਿਲ ਰਿਹਾ ਹੈ। ਹਰ ਰੋਜ਼ ਮਨੁੱਖ ਦੰਦਾਂ ਨੂੰ ਸਾਫ਼ ਕਰਨ, ਨਹਾਉਣ ਅਤੇ ਫ਼ਲੱਸ਼ ਵਿੱਚ ਲਈ ਕਿੰਨਾ ਹੀ ਪੀਣ ਯੋਗ ਪਾਣੀ ਵਿਅਰਥ ਵਹਾ ਦਿੰਦਾ ਹੈ। ਅੱਜ ਸੰਸਾਰ ਦੇ ਲਗਭਗ 1.5 ਅਰਬ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਨਹੀਂ ਮਿਲ ਰਿਹਾ। ਹਰ ਸਾਲ ਸੰਸਾਰ ਦੇ 22 ਲੱਖ ਲੋਕ ਪਾਣੀ ਦੀਆਂ ਬਿਮਾਰੀਆਂ ਕਾਰਨ ਮਰ ਰਹੇ ਹਨ।

ਜੇ ਗੱਲ ਅਸੀਂ ਆਪਣੇ ਸੂਬੇ ਪੰਜਾਬ ਦੀ ਹੀ ਕਰੀਏ ਤਾਂ ਪੰਜ ਦਰਿਆਵਾਂ ਦੀ ਇਸ ਧਰਤੀ ਦੇ ਦਰਿਆ ਸੁੱਕਦੇ ਜਾ ਰਹੇ ਹਨ। ਲਗਾਤਾਰ ਕੀਟਨਾਸ਼ਕ ਦਵਾਇਆਂ ਦੀ ਵਰਤੋਂ ਤੇ ਵਧਦੇ ਪ੍ਰਦੂਸ਼ਣ ਕਾਰਨ ਇੱਥੋਂ ਦਾ ਜ਼ਿਆਦਾਤਰ ਪਾਣੀ ਵੀ ਗੰਦਾ ਹੋ ਚੁੱਕਾ ਹੈ। ਪੰਜਾਬ ਦੇ ਕਈ ਇਲਾਕਿਆਂ ਵਿੱਚ ਪਾਣੀ ਗੰਦਾ ਹੋਣ ਕਾਰਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਫੈਲ ਚੁੱਕੀਆਂ ਹਨ। ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਨਾਲ ਹਰ ਸਾਲ ਲੱਖਾਂ ਰੁਪਏ ਲਾ ਕੇ ਕਿਸਾਨ ਫ਼ਸਲਾਂ ਦੀ ਸਿੰਜਾਈ ਲਈ ਖੂਹਾਂ/ਬੋਰਾਂ ਨੂੰ ਡੂੰਘਾ ਕਰਵਾ ਰਹੇ ਹਨ। ਦਰਿਆਵਾਂ ਦੇ ਪਾਣੀ ਨੂੰ ਲੈ ਕੇ ਗੁਆਂਢੀ ਸੂਬਿਆਂ ਨਾਲ ਵਿਵਾਦ ਚੱਲ ਰਿਹਾ ਹੈ। ਪਾਣੀ ਦੀ ਘਾਟ ਨਾਲ ਕਿਸਾਨੀ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਅੱਜ ਸਮੇਂ ਦੀ ਲੋੜ ਹੈ ਇਸ ਬਾਰੇ ਜਾਗਰੂਕ ਹੋਣ ਦੀ।

ਸਾਡੇ ਧਰਮ ਗ੍ਰੰਥਾਂ ਵਿੱਚ ਵੀ ਕੁਦਰਤ ਦੇ ਇਨ੍ਹਾਂ ਸਰੋਤਾਂ ਦੀ ਸਾਡੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਦਰਸਾਈ ਗਈ ਹੈ। ਅਸੀਂ ਹਰ ਰੋਜ਼ 'ਜਪੁਜੀ ਸਾਹਿਬ' ਵਿੱਚ ਗੁਰੂ ਜੀ ਦਾ ਸਲੋਕ ਪੜ੍ਹਦੇ ਹਾਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਜਿਸ ਵਿੱਚ ਉਨ੍ਹਾਂ ਹਵਾ, ਪਾਣੀ ਤੇ ਧਰਤੀ ਵਰਗੇ ਪ੍ਰਕ੍ਰਿਤਕ ਸਰੋਤਾਂ ਦਾ ਮਨੁੱਖ ਦੇ ਜੀਵਨ ਵਿੱਚ ਮਹੱਤਵ ਬਾਰੇ ਦੱਸਿਆ। ਪਰ ਅਸੀਂ ਇਸ ਨੂੰ ਸੰਦੇਸ਼ ਨੂੰ ਮੰਨਦੇ ਨਹੀਂ। ਸੰਯੁਕਤ ਰਾਸ਼ਟਰ ਵੱਲੋਂ ਸ਼ੁੱਧ ਪਾਣੀ ਸਬੰਧੀ ਆਪਣਾ ਪ੍ਰੋਗਰਾਮ 2030 ਤੱਕ ਚਲਾਉਣ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ। ਜਿਸ ਸਬੰਧ ਵਿੱਚ ਹਰ ਸਾਲ 22 ਮਾਰਚ ਨੂੰ ਵਿਸ਼ਵ ਪਾਣੀ ਦਿਵਸ 'ਤੇ ਇਕ ਵਿਸ਼ਾ ਦਿੱਤਾ ਜਾਂਦਾ ਹੈ। ਵਿਸ਼ਵ ਪਾਣੀ ਦਿਵਸ 2023 ਦਾ ਮੁੱਖ ਥੀਮ "ਮੁਹਿੰਮ-ਤਬਦੀਲੀ ਲਿਆਓ" ਹੈ ਤਾਂ ਜੋ ਲੋਕਾਂ ਨੂੰ ਪਾਣੀ ਦੀ ਵਰਤੋਂ, ਖਪਤ ਅਤੇ ਪ੍ਰਬੰਧਨ ਦੇ ਤਰੀਕੇ ਨੂੰ ਬਦਲਣ ਲਈ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਣ ਲਈ ਪ੍ਰੇਰਿਤ ਕੀਤਾ ਜਾ ਸਕੇ। ਅਸੀਂ ਵੀ ਸਮਾਜ ਨੂੰ ਜੀਵਨ ਵਿੱਚ ਪਾਣੀ ਦੇ ਮਹੱਤਵ ਸਬੰਧੀ ਜਾਣਕਾਰੀ ਦੇਣ ਵਿੱਚ ਆਪਣੀ ਭੂਮਿਕਾ ਨਿਭਾਈਏ ਅਤੇ ਦਿਨੋ-ਦਿਨ ਪ੍ਰਦੂਸ਼ਿਤ ਹੋ ਰਹੇ ਪਾਣੀ ਨੂੰ ਬਚਾਈਏ।

---

# ਟੁਟਦੇ ਰਿਸ਼ਤਿਆਂ 'ਚ ਉਦਾਸੀਨਤਾ ਦਾ ਦਵੰਦ

**ਲਿਖਤ : ਬਲਵਿੰਦਰ ਬਾਲਮ**
**ਸੰਪਰਕ : 98156-25409**



ਪਰਸਪਰ ਸਾਰੀ ਸ੍ਰਿਸ਼ਟੀ ਨਰ ਅਤੇ ਮਾਦਾ ਦੇ ਕਲੋਲ ਰਿਸ਼ਤੇ 'ਚੋਂ ਉਪਜਦੀ ਹੈ। ਨਰ ਅਤੇ ਮਾਦਾ ਦੇ ਰਿਸ਼ਤੇ 'ਚੋਂ ਹੀ ਸ੍ਰਿਸ਼ਟੀ ਦੀ ਸਿਰਜਨਾ ਹੁੰਦੀ ਹੈ। ਇਹ ਸੰਜੋਗ ਪ੍ਰਵਿਰਤੀ (84) ਚੌਰਾਸੀ ਲੱਖ ਜੂਨ ਵਿਚ ਸ਼ਾਮਲ ਹੈ। ਪਤੀ-ਪਤਨੀ ਦੇ ਲਿੰਗਨ ਸੰਬੰਧਾਂ ਤੋਂ ਬਾਅਦ ਹੀ ਸਾਰੇ ਰਿਸ਼ਤੇ ਪੀੜ੍ਹੀ-ਦਰ-ਪੀੜ੍ਹੀ ਬਣਦੇ ਚਲੇ ਜਾਂਦੇ ਹਨ। ਦੰਪਤੀ ਸੰਬੰਧ ਵਿਗੜਣ ਨਾਲ ਘਰ ਦੇ ਬਾਕੀ ਰਿਸ਼ਤਿਆਂ ਉਪਰ ਗਹਿਰਾ ਅਸਰ ਪੈਂਦਾ ਹੈ। ਘਰੇਲੂ ਰਿਸ਼ਤਿਆਂ ਉਪਰ ਹੀ ਨਹੀਂ ਅਲੱਬਤਾ ਨੇੜੇ ਦੇ ਹੋਰ ਰਿਸ਼ਤਿਆਂ ਉਪਰ ਵੀ ਇਸ ਦਾ ਪ੍ਰਭਾਵ ਪੈਂਦਾ ਹੈ। ਚਾਹਤ ਅਤੇ ਵਿਚਾਰਾਂ ਦਾ ਸੁੱਚਾ ਮੇਲ ਹੀ ਰਿਸ਼ਤੇ ਦੀ ਮੁੱਖ ਬੁਨਿਆਦ ਹੈ। ਜਿੱਥੇ ਚਾਹਤ ਅਤੇ ਵਿਚਾਰਾਂ ਦਾ ਮੇਲ ਨਹੀਂ, ਉਥੇ ਰਿਸਤੇ ਤਿੜਕ ਜਾਂਦੇ ਹਨ। ਜਿੱਥੇ ਸਵਾਰਥ ਦਾ ਦੁਰਉਪਯੋਗ ਹੁੰਦਾ ਹੈ, ਉਥੇ ਹੀ ਰਿਸ਼ਤੇ ਵਿਚ ਤਰੇੜ ਪੈਣੀਂ ਸ਼ੁਰੂ ਹੋ ਜਾਂਦੀ ਹੈ। ਸਵਾਰਥ ਦਾ ਹਮੇਸ਼ਾ ਹੀ ਸਦਉਪਯੋਗ ਹੋਣਾ ਜ਼ਰੂਰੀ ਹੈ। ਸਵਾਰਥ ਤੋਂ ਬਗੈਰ ਮਨੁੱਖ ਜੀ ਨਹੀਂ ਸਕਦਾ। ਸਵਾਰਥ ਉਸਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ। ਇਕ ਦੂਸਰੇ ਨੂੰ ਸਮਝਣ ਦੀ ਜ਼ਰੂਰਤ ਹੋਣੀ ਚਾਹੀਦੀ ਹੈ। ਇਕ ਦੂਸਰੇ ਉਪਰ ਅਹੁਦੇ (ਪਦ) ਭਾਰੀ ਨਾ ਹੋਣ, ਆਰਥਿਕਤਾ ਭਾਰੀ ਨਾ ਹੋਵੇ। ਸਰੀਰਕ ਤੌਰ 'ਤੇ ਕਮਜ਼ੋਰੀ ਦੀ ਹੀਣਤਾ ਦਾ ਅਭਾਵ ਵੀ ਸਬੰਧਾਂ ਵਿਚ ਨੀਰਸਤਾ, ਵਖਰੇਵਾਂ ਅਤੇ ਦੂਰੀਆਂ ਦਾ ਕਾਰਨ ਬਣ ਜਾਂਦਾ ਹੈ। ਕਈ ਵਾਰ ਇੰਝ ਵੀ ਹੋ ਜਾਂਦਾ ਹੈ ਕਿ ਸਾਡੇ ਸਮਾਜ ਵਿਚ ਲੜਕੀ ਨੂੰ ਪੁੱਤਰਾਂ ਦੇ ਬਰਾਬਰ ਦਾ ਦਰਜਾ ਅਜੇ ਵੀ ਨਹੀਂ ਮਿਲ ਰਿਹਾ। ਦੰਪਤੀ ਜੀਵਨ 'ਚ ਲੜਕੀਆਂ ਦਾ ਲਗਾਤਾਰ ਪੈਦਾ ਹੋਣਾ ਵੀ ਕਈ ਸੰਬੰਧਾਂ ਅਤੇ ਕਦਰਾਂ-ਕੀਮਤਾਂ ਵਿਚ ਖਟਾਸ ਅਤੇ ਦੂਰੀ ਉਤਪਨ ਕਰ ਦਿੰਦਾ ਹੈ। ਵੇਖਿਆ ਜਾਵੇ ਤਾਂ ਜ਼ਿਆਦਾ ਨਸ਼ੇ ਦਾ ਸੇਵਨ ਕਰਨ ਨਾਲ ਲੀਵਰ ਕਈ ਗੁਪਤ ਬਿਮਾਰੀਆਂ ਵਿਚ ਗ੍ਰਸਤ ਹੋ ਜਾਂਦਾ ਹੈ, ਜਿਸ ਨਾਲ ਸਾਰੇ ਸਰੀਰ ਉਪਰ ਧਮਣੀਆਂ- ਸਿਰਾਵਾਂ ਅਤੇ ਮਾਸਪੇਸ਼ੀਆਂ ਦੇ ਨਾਲ ਦਿਮਾਗ਼ੀ ਸੰਤੁਲਨ ਵੀ ਵਿਗੜ ਜਾਂਦਾ ਹੈ। ਮਰਦਾਨਾ ਕਮਜ਼ੋਰੀ ਭਾਰੂ ਹੋ ਜਾਂਦੀ ਹੈ, ਜਿਸ ਨਾਲ ਪਰਸਪਰ ਸੰਬੰਧਾਂ ਵਿਚ ਤਿੜਕਣ, ਟੁੱਟਣ ਅਤੇ ਬਿਖਰਾਵ ਪੈਦਾ ਹੁੰਦਾ ਚਲਾ ਜਾਂਦਾ ਹੈ, ਜੋ ਨਿੱਘੇ ਸੰਬੰਧਾਂ ਦੇ ਵੀ ਟੁਕੜੇ ਕਰ ਦਿੰਦਾ ਹੈ। ਰਿਸ਼ਤਿਆਂ ਦੇ ਤਿੜਕਣ ਪਿੱਛੇ ਅਨੇਕਾਂ ਹੀ ਕਾਰਨ ਹਨ ਪਰ ਦੇਸ਼ ਵਿਦੇਸ਼ ਦੇ ਲੋਕਾਂ ਅਤੇ ਅਮੀਰ, ਗ਼ਰੀਬ ਅਤੇ ਹਰ ਵਰਗ ਦੇ ਲੋਕਾਂ ਵਿਚ ਜੇਕਰ ਦੰਪਤੀ ਜੀਵਨ ਵਿਚ ਦੂਸਰਾ ਜਣਾ ਸ਼ਾਮਲ ਹੋ ਜਾਵੇ ਜਾਂ ਸੰਬੰਧਕ ਗੁਪਤ ਰਿਸ਼ਤੇ ਹੋ ਜਾਣ ਤਾਂ ਸੰਬੰਧ ਵਿਗੜਣੇ ਮੁਮਕਿਨ ਹੋ ਜਾਂਦੇ ਹਨ। ਮਨੁੱਖ ਦੀਆਂ ਆਦਤਾਂ ਪਰਿਵਰਤਨਸ਼ੀਲਤਾ ਦੀ ਦਹਿਲੀਜ਼ ਉਪਰ ਪਹਿਰਾ ਦਿੰਦੀਆਂ ਹਨ। ਆਪਸੀ ਆਦਤਾਂ ਦਾ ਟਕਰਾਅ ਵੀ ਦੂਰੀਆਂ ਸਥਾਪਿਤ ਕਰਦਾ ਹੈ। ਇਕ ਦੂਸਰੇ ਦੇ ਧਰਮ ਦੇ ਵਿਪਰੀਤ ਸ਼ਾਦੀ ਕਰਨਾ ਵੀ ਕਈ ਵਾਰੀ ਲੰਬੀ ਜ਼ਿੰਦਗੀ ਨੂੰ ਅੱਧ ਵਿਚਕਾਰੋਂ ਤੋੜ ਦਿੰਦਾ ਹੈ। ਦੰਪਤੀ ਜੀਵਨ ਵਿਚ ਦੋਸਤਾਂ- ਰਿਸ਼ਤੇਦਾਰਾਂ ਦੀ ਜ਼ਿਆਦਾ ਦਖ਼ਲਅੰਦਾਜ਼ੀ ਵੀ ਨੁਕਸਾਨਦੇਹ ਸਾਬਿਤ ਹੋ ਜਾਂਦੀ ਹੈ। ਦੰਪਤੀ ਜੀਵਨ ਵਿਚ ਇਕ ਜਣੇਂ ਦੀ ਬੇਰੁਜ਼ਗਾਰੀ ਵੀ ਖਲਦੀ ਹੈ। ਦੰਪਤੀ 'ਚੋਂ ਇਕ ਵੀ ਬੇਰੁਜ਼ਗਾਰ ਹੋਵੇ ਤਾਂ ਉਹ ਬਦੋਬਦੀ ਬੋਝ ਬਣ ਕੇ ਰਹਿ ਜਾਂਦਾ ਹੈ। ਜਿਸ ਨਾਲ 'ਰਿਸ਼ਤਾ-ਸਮਤੋਲ ਨੀਤੀ' ਤਹਿਤ ਨੁਕਸਾਨ ਉਠਾਉਣਾ ਪੈਂਦਾ ਹੈ। ਰਿਸ਼ਤੇ ਵਿਚ ਕਿਆਸ ਆਰਾਈਆਂ ਦੀ ਟੁੱਟ-ਭੱਜ ਵਖਰੇਵੇਂ ਨੂੰ ਜਨਮ ਦਿੰਦੀ ਹੈ। ਅਚਾਨਕ ਮੁਕੱਦਮੇਬਾਜ਼ੀ ਦੀ ਹੋਂਦ ਵੀ ਕਈਆਂ ਕਾਰਨਾਂ ਕਰਕੇ ਫਿੱਕ ਪਾ ਪਾ ਦਿੰਦੀ ਹੈ। ਦੰਪਤੀ 'ਚੋਂ ਕਿਸੇ ਵੀ ਇਕ ਉਪਰ ਕਤਲ ਕੇਸ ਜਾਂ ਕੋਈ ਮਾਰੂ ਮੁਕੱਦਮਾ ਪੈ ਜਾਵੇ, ਤਾਂ ਸਹਿਣਸ਼ੀਲਤਾ ਦੀ ਟੁੱਟ-ਭੱਜ ਕਰਕੇ ਵੀ ਜਾਂ ਆਰਥਿਕ ਸੰਪਦਾ ਨੂੰ ਠੇਸ ਪਹੁੰਚਣ ਕਰਕੇ ਵੀ ਰਿਸ਼ਤੇ ਦੂਰੀ ਵਿਚ ਤਬਦੀਲ ਹੋ ਜਾਂਦੇ ਹਨ। ਦੰਪਤੀ ਜ਼ਿੰਦਗੀ ਵਿਚ ਇਕ ਦੂਸਰੇ ਨੂੰ ਸਮਝਣ ਦੀ ਲੋੜ ਹੈ। ਸਹਿਣਸ਼ੀਲਤਾ, ਬਰਦਾਸ਼ਤ ਕਰਨ ਦਾ ਮਾਦਾ, ਤਾਹਣੇਂਮਿਹਣੇਂ, ਘੁਟਣ, ਸ਼ੱਕ, ਚੁਗਲੀ, ਨਿੰਦਾ ਵੀ ਇਕ ਖ਼ਤਰਨਾਕ ਸ਼ਰਾਪ ਹੈ। ਵੱਖ-ਵੱਖ ਆਦਤਾਂ ਦੇ ਫੁੱਲਾਂ ਦਾ ਇਕ ਗੁਲਦਸਤਾ ਹੈ ਜ਼ਿੰਦਗੀ। ਇਕ ਦੂਸਰੇ ਦੇ ਸੁਭਾਅ ਵਿਚ ਵਿਚ ਵਿਪਰੀਤ ਹੋ ਕੇ ਵੀ ਪਰਾਏਵਾਚੀ ਬਣਨਾ ਚਾਹੀਦਾ ਹੈ। ਇਕ ਦੂਸਰੇ ਦੀਆਂ ਆਦਤਾਂ ਦੀ ਪਰਖ ਕਰਕੇ ਚੰਗੇ ਆਚਰਣ ਵਿਚ ਢਲਣ ਦੀ ਕੋਸ਼ਿਸ਼ ਦਾ ਨਾਂਅ ਹੀ ਜ਼ਿੰਦਗੀ ਹੈ। ਆਦਤਾਂ ਦੀ ਟਹਿਣੀ ਉਪਰ ਪਸੰਦ-ਚਾਹਤ ਦੇ ਖਿੜੇ ਖ਼ੂਬਸੂਰਤ ਗੁਲਾਬ ਨੂੰ ਜਿਸ ਤਰ੍ਹਾਂ ਦਾ ਮੌਸਮ, ਜਲਵਾਯੂ, ਮਾਲੀ, ਵਾਤਾਵਰਣ ਦੀ ਜ਼ਰੂਰਤ ਹੈ। ਜਦੋਂ ਇਹ ਗੁਲਾਬ ਕਿਸੇ ਕੰਮ ਦਾ ਨਹੀਂ ਰਵੇਗਾ, ਤਾਂ ਇਸਦਾ ਨੁਕਸਾਨ ਚੌਗਿਰਦੇ ਨੂੰ, ਮਾਲੀ ਨੂੰ, ਟਹਿਣੀ ਨੂੰ ਹੋਵੇਗਾ। ਪਰਸਪਰ ਦੋ ਸਬੰਧਾਂ ਨਾਲ ਇਕ ਮਜ਼ਬੂਤ ਰਿਸ਼ਤਾ ਬਣਦਾ ਹੈ। ਰਿਸ਼ਤੇ ਦੀਆਂ ਕਈ ਸ਼ਾਖਾਵਾਂ ਉਤਪਨ ਹੁੰਦੀਆਂ ਹਨ। ਹਰ ਇਕ ਟਹਿਣੀ ਉਪਰ ਲੱਗੇ ਸੁਭਾਅ ਦੇ ਫੁੱਲਾਂ ਦੀ ਆਪਣੀ ਵੱਖਰੀ ਪਹਿਚਾਣ ਅਤੇ ਵੱਖਰੀ ਖ਼ੁਸ਼ਬੂ ਹੁੰਦੀ ਹੈ। ਦੋ ਦਿਲਾਂ ਦੇ ਮਿਲਣ ਵਿਚ ਪਸੰਦ ਦਾ ਖ਼ਿਆਲ ਜੇ ਨਾ ਰੱਖਿਆ ਜਾਵੇ, ਤਾਂ ਉਹ ਵੀ ਇਕ ਦਵੰਦ ਰੂਪੀ ਸਮੱਸਿਆ ਪੈਦਾ ਹੁੰਦੀ ਹੈ। ਨਾ ਪਸੰਦਦੀਦਾ ਹੀ ਉਦਾਸੀਨਤਾ ਅਤੇ ਨਫ਼ਰਤ ਪੈਦਾ ਕਰਦੀ ਹੈ, ਜਿਸ ਕਰਕੇ ਮਿਲਣ ਦੀ ਲੰਬੀ ਉਮਰ ਨਹੀਂ ਹੁੰਦੀ, ਇਹ ਰੇਤੇ ਦੀ ਦੀਵਾਰ ਜਲਦੀ ਢਹਿ-ਢੇਰੀ ਹੋ ਜਾਂਦੀ ਹੈ। ਦੰਪਤੀ ਜੀਵਨ 'ਚ ਮਾਪਿਆਂ ਦੀ ਦਲਖ਼ਅੰਦਾਜ਼ੀ ਜ਼ਰੂਰਤ ਤੋ ਜ਼ਿਆਦਾ ਹੋ ਜਾਏ, ਤਾਂ ਜ਼ਿੰਦਗੀ ਇਕ ਸਮੱਸਿਆ ਪੈਦਾ ਹੁੰਦੀ ਹੈ। ਨਾ ਪਸੰਦਦੀਦਾ ਹੀ ਉਦਾਸੀਨਤਾ ਅਤੇ ਨਫ਼ਰਤ ਪੈਦਾ ਕਰਦੀ ਹੈ, ਜਿਸ ਕਰਕੇ ਮਿਲਣ ਦੀ ਲੰਬੀ ਉਮਰ ਨਹੀਂ ਹੁੰਦੀ, ਇਹ ਰੇਤੇ ਦੀ ਦੀਵਾਰ ਜਲਦੀ ਢਹਿ-ਢੇਰੀ ਹੋ ਜਾਂਦੀ ਹੈ। ਦੰਪਤੀ ਜੀਵਨ ਵਿਚ ਮਾਪਿਆਂ ਦੀ ਦਖ਼ਲਅੰਦਾਜ਼ੀ ਜ਼ਰੂਰਤ ਤੋਂ ਜ਼ਿਆਦਾ ਹੋ ਜਾਏ, ਤਾਂ ਜਿੰਦਗੀ ਇਕ ਤਰਫ਼ਾ ਬੋਝ ਬਣ ਕੇ ਨਰਕ ਦਾ ਰੂਪ ਲੈ ਲੈਂਦੀ ਹੈ। ਦੋਵੇਂ ਪਾਸਿਆਂ ਦੇ ਮਾਪੇ ਜ਼ਿਆਦਾ ਕਿੰਤੂ-ਪ੍ਰੰਤੂ, ਮਨਮਰਜ਼ੀ, ਨਿੱਜੀ ਸੁਭਾਅ ਨੂੰ ਠੋਸਣਾ, ਆਰਥਿਕ ਖਿੱਚੋਤਾਣ, ਇਕ ਤਰਫ਼ਾ ਪਿਆਰ ਦਾ ਇਜ਼ਹਾਰ, ਮੋਬਾਇਲ ਫ਼ੋਨ ਦੋਵਾਂ ਪਾਸਿਆਂ ਤੋਂ ਕੰਨਾਂ ਨਾਲ ਲੱਗੇ ਰਹਿਣੇ, ਖਾਧਾ-ਪੀਤਾ, ਕਾਰਨ ਵਿਧੀ, ਨੁਕਸ-ਤੁਨਕਾਕਸ਼ੀ ਆਦਿ ਕਾਰਨ ਵੀ ਦੰਪਤੀ ਜੀਵਨ ਵਿਚ ਤਰੇੜਾਂ ਆਉਣ ਨੇ। ਦੋਸਤੋ, ਰਿਸ਼ਤਿਆਂ ਵਿਚ ਨਿੱਘ, ਮੋਹ, ਪਿਆਰ, ਸਤਿਕਾਰ, ਖ਼ੂਬਸੂਰਤੀਆਂ, ਅਤਰੰਗਤਾ, ਅਪਣਾਪਣ, ਮਿੱਠਾ ਬੋਲਚਾਲ, ਹੰਕਾਰ-ਸਵਾਰਥ ਦਾ ਸਦਉਪਯੋਗ, ਸਮਤੋਲ ਦ੍ਰਿਸ਼ਟੀਪਣ, ਸ਼ੁਭਕਾਮਨਾਵਾਂ, ਆਸ਼ੀਰਵਾਦ, ਮੰਨਣ 'ਤੇ ਸਿੱਖਣ ਦੀ ਭਾਵਨਾ ਅਤੇ ਸਭ ਨੂੰ ਆਪਣਾ-ਆਪਣਾ ਕਹਿ ਕੇ ਸਭ ਦਾ ਮਨ ਜਿੱਤ ਲਵੇ ਜ਼ਿੰਦਗੀ ਸਵਰਗ ਦੇ ਸਾਰੇ ਬੂਹੇ ਖੋਲ੍ਹ ਦੇਵੇਗੀ। ਇਹ ਸਰੀਰ ਕਿਰਾਏ ਉਪਰ ਮਿਲਿਆ ਹੈ। ਇਸ ਵਿਚ ਸਾਹ ਵੀ ਉਧਾਰੇ ਹਨ। ਸਵੇਰੇ ਉਠ ਕੇ ਇਸ ਤਨ ਨੂੰ ਪੁੱਛੋਂ, "ਬੱਲਿਆ ਦਸ, ਕੀ ਖਾਣਾ-ਪੀਣਾ, ਕਿੱਥੇ ਆਣਾ-ਜਾਣਾ ਚਾਹੁੰਦਾ ਏ? ਇਸਨੂੰ ਪਿਆਰ ਕਰੋ, ਚੁੰਮੋ ਚੱਟੋ, ਕਿਉਂਕਿ ਇਹ ਸਰੀਰ ਬਿਗਾਨਾ ਹੈ, ਤੁਹਾਡਾ ਆਪਣਾ ਨਹੀਂ ਹੈ।

ਲਿਖਤ : ਸਤਵਿੰਦਰ ਸਿੰਘ ਮੜੌਲਵੀ
ਸੰਪਰਕ: 94634-92426




ਜਦੋਂ ਅਸੀਂ ਛੋਟੇ ਹੁੰਦੇ ਸੀ ਤੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਰਹੇ ਸੀ ਤਾਂ ਵਾਢੀਆਂ ਦੇ ਦਿਨਾਂ ਵਿੱਚ 'ਚਾਰ ਮਣ ਦਾਣੇ' ਕਰਨ ਲਈ ਆਪਣੇ ਮਾਤਾ-ਪਿਤਾ ਨਾਲ ਹੱਥ ਵਟਾਉਂਦੇ ਹੁੰਦੇ ਸਾਂ। ਉਦੋਂ ਹੱਥੀਂ ਵਾਢੀ ਕਰਨ ਦਾ ਦੌਰ ਸੀ ਭਾਵੇਂ ਕੁਝ ਕੁ ਘਰ ਕੰਬਾਇਨਾਂ ਨਾਲ ਵੀ ਵਾਢੀ ਕਰਾਉਂਦੇ ਸਨ। ਡੰਗਰ ਵੱਛਾ ਲਗਭਗ ਹਰ ਘਰ ਹੁੰਦਾ ਸੀ ਅਤੇ ਤੂੜੀ ਦੀ ਵੀ ਲੋੜ ਪੈਂਦੀ ਸੀ। ਇਸ ਲਈ ਲੋਕ ਚਾਹੁੰਦੇ ਸਨ ਕਿ ਆਪਣੇ ਖਾਣ ਲਈ ਦਾਣੇ ਹੋਣ ਦੇ ਨਾਲ-ਨਾਲ ਡੰਗਰਾਂ ਪਸ਼ੂਆਂ ਲਈ ਸਾਰਾ ਸਾਲ ਚਾਰਾ ਬਣਿਆ ਰਹੇ।

ਪਿੰਡਾਂ ਵਿੱਚ ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰ ਜਾਂ ਤਾਂ ਇਕੱਲੇ ਜਾਂ ਫਿਰ ਇੱਕ-ਇੱਕ ਦੋ-ਦੋ ਇਕੱਠੇ ਹੋ ਕੇ ਕਣਕ ਦੀ ਵਾਢੀ ਕਰਦੇ ਅਤੇ ਆਪਣੇ ਵਿਤ ਮੁਤਾਬਿਕ ਕਣਕ ਦੇ ਏਕੜ ਵੱਢਣ ਲਈ ਖੇਤ ਦੇ ਮਾਲਕ ਨਾਲ ਗੱਲਬਾਤ ਤੈਅ ਕਰ ਲੈਂਦੇ। ਸਵੇਰੇ ਸਾਝਰੇ ਹੀ ਅਸੀਂ ਵਾਢੀ ਕਰਨ ਤੁਰ ਪੈਂਦੇ ਤੇ ਸ਼ਾਮ ਤੱਕ ਪੂਰਾ ਜ਼ੋਰ ਮਾਰ ਕੇ ਵਾਢੀ ਕਰਦੇ। ਕਣਕ ਦੀਆਂ ਭਰੀਆਂ ਬੰਨ੍ਹ ਸੁਆਰ ਕੇ ਮਾਲਕ ਦੇ ਹਵਾਲੇ ਕਰ ਦਿੰਦੇ। ਸਕੂਲਾਂ ਵਿੱਚ ਭਾਵੇਂ ਨਵਾਂ ਸੈਸ਼ਨ ਸ਼ੁਰੂ ਹੋ ਗਿਆ ਹੁੰਦਾ, ਫਿਰ ਵੀ ਬੱਚੇ ਸਕੂਲ ਤੋਂ ਛੁੱਟੀਆਂ ਲੈ ਕੇ ਆਪਣੇ ਮਾਤਾ-ਪਿਤਾ ਨਾਲ ਵਢਾਈ ਵਿੱਚ ਹੱਥ ਵਟਾਉਂਦੇ; ਸਭ ਨੂੰ ਇਨ੍ਹਾਂ ਦਿਨਾਂ ਦਾ ਲਾਹਾ ਜੋ ਹੁੰਦਾ ਸੀ। ਖੇਤਾਂ ਵਿੱਚ ਵਾਢੀ ਦੇ ਨਾਲ-ਨਾਲ ਬੱਲਾਂ ਚੁਗਣ ਦਾ ਕੰਮ ਵੀ ਨਾਲੋ-ਨਾਲ ਚੱਲਦਾ ਰਹਿੰਦਾ। ਛੋਟੇ ਬੱਚੇ ਜਿਹੜੇ ਮਾਂ-ਬਾਪ ਨਾਲ ਵਾਢੀ ਨਹੀਂ ਕਰਵਾ ਸਕਦੇ ਸਨ, ਉਹ ਖੇਤਾਂ ਵਿੱਚੋਂ ਬੱਲਾਂ ਚੁਗ ਕੇ ਦਾਣੇ ਬਣਾਉਣ ਲਈ ਆਪਣਾ ਯੋਗਦਾਨ ਪਾਉਂਦੇ।

ਸਾਡੇ ਸਮਿਆਂ ਵਿੱਚ ਜਦੋਂ ਕਣਕ ਦੀ ਕਢਾਈ ਹੁੰਦੀ ਤਾਂ ਖੇਤਾਂ ਵਿੱਚ ਡਿੱਗੀਆਂ ਕਣਕ ਦੀਆਂ ਬੱਲੀਆਂ ਜਾਂ ਸਿੱਟਿਆਂ ਨੂੰ ਇੱਕ-ਇੱਕ ਕਰ ਕੇ ਚੁਗਿਆ ਜਾਂਦਾ। ਥੋੜ੍ਹੇ ਉਡਾਰ ਹੋ ਗਏ ਬੱਚੇ ਖ਼ੁਦ ਹੀ ਅਤੇ ਛੋਟੇ ਆਪਣੇ ਮਾਤਾ-ਪਿਤਾ ਜਾਂ ਵੱਡੇ ਭੈਣ-ਭਰਾਵਾਂ ਨਾਲ ਖੇਤਾਂ ਵਿੱਚ ਜਾ ਕੇ ਕਣਕ ਦੀਆਂ ਬੱਲਾਂ ਚੁਗਣ ਦਾ ਉਪਰਾਲਾ ਕਰਦੇ। ਸੁੱਕੀ ਕਣਕ ਦੀਆਂ ਬੱਲਾਂ ਅਕਸਰ ਖੇਤ ਵਿੱਚ ਡਿੱਗ ਜਾਂਦੀਆਂ ਸਨ। ਜਿੱਥੇ ਖੇਤ ਵਿੱਚ ਡਰੰਮੀ ਜਾਂ ਥਰੈਸ਼ਰ ਚੱਲਦਾ ਹੁੰਦਾ, ਅਸੀਂ ਉੱਧਰ ਨੂੰ ਹੋ ਤੁਰਦੇ। ਬੱਲਾਂ ਚੁਗਣ ਜਾਣ ਲਈ ਸਾਡੇ ਕੋਲ ਥੈਲੇ, ਪੱਲੀਆਂ ਜਾਂ ਝੋਲੇ ਹੁੰਦੇ। ਜਿਉਂ-ਜਿਉਂ ਕੱਢਣ ਲਈ ਭਰੀਆਂ ਖੇਤ ਵਿੱਚੋਂ ਚੁੱਕੀਆਂ ਜਾਂਦੀਆਂ, ਅਸੀਂ ਮਗਰ-ਮਗਰ ਬੱਲਾਂ ਚੁੱਕ ਕੇ ਆਪਣੇ ਝੋਲਿਆਂ ਵਿੱਚ ਪਾਈ ਜਾਂਦੇ, ਫਿਰ ਪੱਲੀ 'ਚ ਇਕੱਠੇ ਕਰ ਕੇ ਘਰ ਚੁੱਕ ਲਿਆਉਂਦੇ। ਜਿੱਥੇ ਕਿਤੇ ਵੀ ਚੂਹੇ ਦੀ ਖੁੱਡ ਹੁੰਦੀ, ਉਸ ਵਿੱਚੋਂ ਬੱਲਾਂ ਬਹੁਤ ਮਿਲ ਜਾਂਦੀਆਂ; ਚੂਹਾ ਪਹਿਲਾਂ ਹੀ ਬੱਲਾਂ ਕੁਤਰ-ਕੁਤਰ ਕੇ ਖੁੱਡ ਵਿੱਚ ਰੁੱਗਾਂ ਦੇ ਰੁੱਗ ਭਰ ਲੈਂਦਾ ਤੇ ਬੱਲਾਂ ਚੁੱਕਦਿਆਂ ਕਈ ਵਾਰ ਝੋਲਾ ਚੂਹੇ ਦੀ ਇੱਕੋ ਵੱਡੀ ਖੁੱਡ ਵਿੱਚੋਂ ਭਰ ਜਾਂਦਾ।

ਬੱਲਾਂ ਚੁਗਣ ਦਾ ਇਹ ਸਿਲਸਿਲਾ ਕਈ ਦਿਨ ਚੱਲਦਾ ਰਹਿੰਦਾ ਅਤੇ ਘਰ ਦੇ ਕਿਸੇ ਖੁੱਲ੍ਹੇ ਥਾਂ 'ਤੇ ਅਸੀਂ ਬਾਹਰੋਂ ਬੱਲਾਂ ਲਿਆ ਕੇ ਇੱਕ ਢੇਰ ਲਗਾ ਲੈਂਦੇ। ਕਈ ਵਾਰ ਲੋਕ ਘਰ ਵਿੱਚ ਹੀ ਥਾਪੀਆਂ/ਮੋਗਰੀਆਂ ਨਾਲ ਬੱਲਾਂ ਕੁੱਟ-ਕੁੱਟ ਕੇ ਦਾਣੇ ਕੱਢ ਲੈਂਦੇ ਤੇ ਜਾਂ ਫਿਰ ਜਦੋਂ ਡਰੰਮੀਆਂ ਖੇਤਾਂ ਵਿੱਚੋਂ ਕਣਕ ਕੱਢਣ ਦਾ ਕੰਮ ਮੁਕਾ ਲੈਂਦੀਆਂ ਤਾਂ ਵਿਹਲੇ ਸਮੇਂ ਉਹ ਬੱਲਾਂ ਕੱਢਣ ਦਾ ਛੋਟਾ-ਮੋਟਾ ਕੰਮ ਵੀ ਕਰ ਦਿੰਦੀਆਂ। ਉਨ੍ਹਾਂ ਨੇ ਦਾਣਿਆਂ ਦੇ ਕੁਝ ਪੀਪਿਆਂ ਮਗਰੋਂ ਆਪਣਾ ਇੱਕ ਪੀਪਾ ਮਿਹਨਤ ਦਾ ਰੱਖਿਆ ਹੁੰਦਾ ਸੀ। ਕਣਕ ਕੱਢਦੇ ਅਤੇ ਬੱਲਾਂ ਚੁੱਕਦੇ ਸਮੇਂ ਕਾਮਿਆਂ ਨੂੰ ਭਾਵੇਂ ਗਰਮੀ ਬਹੁਤ ਸਤਾਉਂਦੀ, ਫਿਰ ਵੀ ਲੋੜ ਹਿੰਮਤ ਨਾ ਹਾਰਨ ਦਿੰਦੀ।


ਮਨ ਮਾਰ ਕੇ ਖੇਤਾਂ ਵਿੱਚੋਂ ਚੁਗੀਆਂ ਬੱਲਾਂ ਵੀ ਸਾਲ ਭਰ ਦੇ ਦਾਣਿਆਂ ਲਈ ਭਰਵਾਂ ਯੋਗਦਾਨ ਪਾ ਦਿੰਦੀਆਂ ਸਨ। ਮਾਂ-ਬਾਪ ਬੱਚਿਆਂ ਨੂੰ ਹੱਲਾਸ਼ੇਰੀ ਦਿੰਦੇ ਕਿ ਜੇ ਹੋਰ ਨਹੀਂ ਤਾਂ ਚੁਗੀਆਂ ਬੱਲਾਂ ਨਾਲ ਦੁਕਾਨ 'ਤੇ ਦਾਣੇ ਵੇਚ ਕੇ ਤੁਹਾਡੀ ਪੜ੍ਹਾਈ ਅਤੇ ਕੱਪੜਿਆਂ ਦਾ ਖ਼ਰਚ ਹੀ ਪੂਰਾ ਹੋ ਜਾਵੇ, ਇਹੀ ਬਹੁਤ ਹੈ।

ਕਣਕ ਦੇ ਵੱਢਾਂ ਵਿੱਚ ਘੁੰਮਦਿਆਂ ਪੈਰਾਂ ਵਿੱਚ ਕਰਚੇ ਵੱਜ ਜਾਂਦੇ ਅਤੇ ਹੱਥਾਂ ਦਾ ਵੀ ਬੁਰਾ ਹਾਲ ਹੋ ਜਾਂਦਾ। ਕਈ ਵਾਰ ਪੈਰਾਂ ਵਿੱਚੋਂ ਖ਼ੂਨ ਵੀ ਨਿਕਲਣ ਲੱਗ ਪੈਂਦਾ। ਜਿਨ੍ਹਾਂ ਨੇ ਪੈਰਾਂ ਵਿੱਚ ਰਬੜ ਦੇ ਬੂਟ ਪਾਏ ਹੁੰਦੇ, ਉਨ੍ਹਾਂ ਦਾ ਤਾਂ ਕੁਝ ਬਚਾਅ ਹੋ ਜਾਂਦਾ ਪਰ ਘਸੀਆਂ ਟੁੱਟੀਆਂ ਚੱਪਲਾਂ ਵਾਲਿਆਂ ਨੂੰ ਇਹ ਸਭ ਕਸ਼ਟ ਝੱਲਣੇ ਹੀ ਪੈਂਦੇ ਸਨ। ਕਈ ਵਾਰ ਤਾਂ ਵੱਢੀ ਹੋਈ ਕਣਕ ਦੇ ਤਿੱਖੇ, ਕਲਮਾਂ ਵਰਗੇ ਕਰਚੇ ਚੱਪਲ ਵਿਚਦੀ ਹੋ ਕੇ ਪੈਰ 'ਚ ਵੜ ਜਾਂਦੇ ਅਤੇ ਇੱਕ ਵਾਰ ਤਾਂ ਚੀਕਾਂ ਨਿਕਲ ਜਾਂਦੀਆਂ ਪਰ ਉਸ ਸਮੇਂ ਇਹ ਸਭ ਕੁਝ ਆਮ ਸੀ। ਸ਼ਾਮ ਸਮੇਂ ਹੱਥ ਪੈਰ ਧੋ ਕੇ ਸਰ੍ਹੋਂ ਦਾ ਤੇਲ ਲਗਾ ਲੈਂਦੇ ਅਤੇ ਦੂਜੀ ਸਵੇਰ ਲਈ ਕੰਮ ਕਰਨ ਵਾਸਤੇ ਫਿਰ ਤਿਆਰ ਹੋ ਜਾਂਦੇ।

ਕਈ ਵਾਰ ਦਮ ਲੈਣ ਅਤੇ ਧੁੱਪ ਤੋਂ ਬਚਣ ਲਈ ਕੁਝ ਦੇਰ ਖੇਤਾਂ ਦੇ ਆਲੇ-ਦੁਆਲੇ ਲੱਗੇ ਰੁੱਖਾਂ ਦੀ ਛਾਂ ਥੱਲੇ ਵੀ ਜਾ ਬੈਠਦੇ ਅਤੇ ਪਿਆਸ ਬੁਝਾਉਣ ਲਈ ਵਗਦੀ ਠੰਢੇ ਸਾਫ਼ ਪਾਣੀ ਦੀ ਖਾਲ਼ ਵਿੱਚੋਂ ਪਾਣੀ ਬੁੱਕ ਭਰ ਕੇ ਪੀਂਦੇ।

ਇੱਕ ਵਾਰ ਮਾਂ ਨਾਲ ਖੇਤਾਂ ਵਿੱਚ ਬੱਲਾਂ ਚੁਗ ਰਿਹਾ ਸੀ, ਧੁੱਪ ਵੀ ਕਹਿਰਾਂ ਦੀ ਸੀ, ਅਸੀਂ ਦੋਵਾਂ ਨੇ ਬੜੀ ਹਿੰਮਤ ਨਾਲ ਛੇਤੀ ਹੀ ਬੱਲਾਂ ਦੀ ਪੰਡ ਜਿਹੀ ਬਣਾ ਲਈ। ਮੈਂ ਮਾਂ ਨੂੰ ਕਿਹਾ, "ਬੀਬੀ, ਅੱਜ ਤਾਂ ਮੈਂ ਏਨੀਆਂ ਬੱਲਾਂ ਚੁਗਣ ਦੀ ਖ਼ੁਸ਼ੀ ਵਿੱਚ ਦੁਕਾਨ ਤੋਂ ਗੋਲ਼ੀ ਵਾਲਾ ਬੱਤਾ ਪੀਣਾ; ਘਰ ਜਾ ਕੇ ਪੈਸੇ ਦੇਵੀਂ।" ਤੀਜੇ ਪਹਿਰ ਦੀਆਂ ਬੱਲਾਂ ਚੁੱਗ ਕੇ ਜਦੋਂ ਮੈਂ ਘਰ ਗਿਆ ਤਾਂ ਮਾਂ ਨੇ ਸਵਾ ਰੁਪਿਆ ਮੈਨੂੰ ਹੱਟ ਤੋਂ ਠੰਢਾ ਪੀਣ ਲਈ ਦੇ ਦਿੱਤਾ। ਬੱਸ ਆਨੰਦ ਆ ਗਿਆ। ਖ਼ੁਦ ਤਾਂ ਮੈਂ ਇਹ ਠੰਢਾ ਪੀ ਕੇ ਆਪਣਾ ਮਨ ਖ਼ੁਸ਼ ਕਰ ਲਿਆ ਪਰ ਬਹੁਤ ਸਾਲਾਂ ਤੱਕ ਮੇਰੇ ਮਨ ਵਿੱਚ ਇਹ ਗੱਲ ਰੜਕਦੀ ਰਹੀ ਕਿ ਮਾਂ ਨੇ ਤਾਂ ਮੇਰੇ ਨਾਲੋਂ ਵੀ ਵੱਧ ਬੱਲਾਂ ਚੁਗੀਆਂ ਸਨ ਪਰ ਠੰਢਾ ਮੈਂ ਇਕੱਲਾ ਹੀ ਪੀ ਗਿਆ!

ICC ACCOUNTING SERVICES INC.
ICC Accounting Services Inc.






ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

Keep Smiling Denture Clinic
Keep Smiling Denture Clinic
Complete Denture · Implant Denture · Partial Denture
Care Home Mobile S... ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

ਘਾਹ ਕੱਟਣ ਵਾਲੀ ਮਸ਼ੀਨ, (lawnmower) ਵਾਸ਼ਰ ਡਰਾਇਰ, ਮਿਕਸੀ, ਮਾਈਕਰੋਵੇਵ ਵਾਜਬ ਰੇਟ ਤੇ ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)


# ਗਲੋਬਲ ਵਾਰਮਿੰਗ ਨੂੰ ਰੋਕਣ ਲਈ ਕਾਰਬਨ ਡਾਇਆਕਸਾਈਡ ਘਟਾਉਣੀ ਜ਼ਰੂਰੀ

**ਲਿਖਤ : ਡਾਕਟਰ ਅਮਨਪ੍ਰੀਤ ਸਿੰਘ**

ਅੱਜ ਕੱਲ ਹਵਾ ਵਿਚਲੇ ਪ੍ਰਦੂਸ਼ਣ 'ਤੇ ਬਹੁਤ ਜ਼ਿਆਦਾ ਚਰਚਾ ਹੋ ਰਹੀ ਹੈ। ਭਾਵੇਂ ਸਾਡੇ ਦੇਸ਼ ਅਤੇ ਸੂਬੇ ਵਿਚ ਪਾਣੀ ਦਾ ਪ੍ਰਦੂਸ਼ਣ ਵੀ ਘੱਟ ਨਹੀਂ। ਪਰ ਚਰਚਾ ਜ਼ਿਆਦਾ ਹਵਾ ਦੇ ਪ੍ਰਦੂਸ਼ਣ ਦੀ ਹੈ। ਇਸ ਦਾ ਅਸਲ ਕਾਰਨ ਇਹ ਹੈ ਕਿ ਦੁਨੀਆ ਦੇ ਵਿਕਸਤ ਦੇਸ਼ ਹਵਾ ਵਿਚ ਵਧਦੀ ਕਾਰਬਨ ਅਤੇ ਉਸ ਨਾਲ ਵਧਦੇ ਧਰਤੀ ਦੇ ਤਾਪਮਾਨ ਤੋਂ ਚਿੰਤਤ ਹਨ। ਤਾਪਮਾਨ ਵਧਣ ਨਾਲ ਗਲੇਸ਼ੀਅਰ (ਬਰਫ਼ ਦੇ ਪਹਾੜ) ਪਿਘਲਣੇ ਸ਼ੁਰੂ ਹੋ ਗਏ ਹਨ। ਸੰਨ 1750 ਦੇ ਮੁਕਾਬਲੇ ਹੁਣ ਵਾਯੂਮੰਡਲ ਦਾ ਤਾਪਮਾਨ 1.10 ਸੈਂਟੀਗਰੇਡ ਵਧ ਗਿਆ ਹੈ ਜਿਹੜਾ 2050 ਤੱਕ 2.00 ਸੈਂਟੀਗਰੇਡ ਤੱਕ ਹੋ ਸਕਦਾ ਹੈ, ਜਿਸ ਨਾਲ ਗਲੇਸ਼ੀਅਰ ਪਿਘਲਨ ਕਰਕੇ ਦੁਨੀਆ ਦੇ ਕਈ ਸ਼ਹਿਰ ਸਮੁੰਦਰ ਵਿਚ ਡੁੱਬ ਜਾਣਗੇ। ਕੁਦਰਤੀ ਆਫ਼ਤਾਂ, ਤੇਜ਼ ਝੱਖੜ, ਤੂਫ਼ਾਨ, ਬੱਦਲ ਫਟਣੇ, ਹੜ੍ਹ ਆਉਣੇ ਅਤੇ ਸੋਕਾ ਪੈਣਾ, ਵਧਦੇ ਤਾਪਮਾਨ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਹੈ। ਇਸ ਦਾ ਕਾਰਨ ਹੈ ਵਾਯੂਮੰਡਲ ਵਿਚ ਵਧਦੀਆਂ ਗਰੀਨ ਹਾਊਸ ਗੈਸਾਂ।

ਗਰੀਨ ਹਾਊਸ ਗੈਸਾਂ:- ਹਵਾ ਵਿਚ 78 ਫ਼ੀਸਦੀ ਨਾਈਟ੍ਰੋਜਨ, 21 ਫ਼ੀਸਦੀ ਆਕਸੀਜਨ, 0.9 ਫ਼ੀਸਦੀ ਆਰਗੋਨ ਅਤੇ 0.1 ਫ਼ੀਸਦੀ ਹੋਰ ਗੈਸਾਂ ਹਨ। ਅੱਗੋਂ 0.1 ਫ਼ੀਸਦੀ ਵਿਚ ਪਾਣੀ (ਸਿਲ/ਨਮੀ) (ਵੱਧ ਤੋਂ ਵੱਧ 4 ਫ਼ੀਸਦੀ), ਕਾਰਬਨ ਡਾਇਆਕਸਾਈਡ (0.036 ਫ਼ੀਸਦੀ), ਮੀਥੇਨ ਅਤੇ ਨਾਈਟਰਸ ਆਕਸਾਈਡ ਵਰਗੀਆਂ ਗੈਸਾਂ ਹੁੰਦੀਆਂ ਹਨ। ਕਾਰਬਨ ਡਾਈਆਕਸਾਈਡ, ਨਮੀ, ਮੀਥੇਨ ਅਤੇ ਨਾਈਟਰਸ ਆਕਸਾਈਡ ਗੈਸਾਂ ਨੂੰ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ। ਇਹ ਸੂਰਜ ਦੀਆਂ ਕਿਰਨਾਂ ਨੂੰ ਰੇਡੀਏਟ ਕਰ ਕੇ ਧਰਤੀ ਨੂੰ ਗਰਮ ਕਰਦੀਆਂ ਹਨ ਜੇ ਇਹ ਗੈਸਾਂ ਨਾ ਹੋਣ ਤਾਂ ਧਰਤੀ ਦਾ ਤਾਪਮਾਨ ਜ਼ੀਰੋ ਤੋਂ ਹੇਠਾਂ (-18 ਡਿਗਰੀ ਸੈਂਟੀਗਰੇਡ 'ਤੇ) ਆ ਜਾਵੇ ਜਿਹੜਾ ਹੁਣ ਔਸਤ 15 ਡਿਗਰੀ ਸੈਂਟੀਗਰੇਡ ਹੈ। ਇਸੇ ਕਰਕੇ ਹੀ ਧਰਤੀ 'ਤੇ ਬਨਸਪਤੀ ਅਤੇ ਹਰਿਆਵਲ ਹੈ। ਇਨ੍ਹਾਂ ਗੈਸਾਂ ਨੂੰ ਗਰੀਨ ਹਾਊਸ ਮਤਲਬ ਹਰਿਆਵਲ ਵਾਲੀਆਂ ਗੈਸਾਂ ਕਿਹਾ ਜਾਂਦਾ ਹੈ। ਕੁਦਰਤ ਨੇ ਇਨ੍ਹਾਂ ਗੈਸਾਂ ਦਾ ਸੰਤੁਲਨ ਬਣਾਇਆ ਹੋਇਆ ਸੀ। ਇਨ੍ਹਾਂ ਦੇ ਸਦਕਾ ਗਰਮੀ, ਸਰਦੀ, ਬਾਰਿਸ਼, ਬਰਫ਼ ਅਤੇ ਬਨਸਪਤੀ ਆਦਿ ਦਾ ਸੰਤੁਲਨ ਬਣਿਆ ਹੋਇਆ ਸੀ, ਜਿਵੇਂ-ਜਿਵੇਂ ਮਨੁੱਖ ਦੀ ਅਬਾਦੀ ਵਧਦੀ ਗਈ ਅਤੇ ਕੁਦਰਤੀ ਸਰੋਤਾਂ ਦੇ ਨਾਲ ਲੋੜ ਮੁਤਾਬਿਕ ਛੇੜ-ਛਾੜ ਹੁੰਦੀ ਗਈ ਤਾਂ ਹਵਾ ਵਿਚ ਇਹ ਗੈਸਾਂ ਵਧਣ ਲੱਗੀਆਂ। ਇਨ੍ਹਾਂ ਗੈਸਾਂ ਦੇ ਵਧਣ ਨਾਲ ਤਾਪਮਾਨ ਵਧੇਗਾ। ਬਨਸਪਤੀ ਵਿਚ ਤਾਂ ਵਾਧਾ ਹੋ ਸਕਦਾ ਹੈ ਪਰ ਬਰਫ਼ ਪਿਘਲਣ ਨਾਲ ਧਰਤੀ ਦਾ ਤਾਪਮਾਨ ਵਧ ਜਾਵੇਗਾ, ਜਿਸ ਕਰਕੇ ਸਮੁੰਦਰ ਵਿਚ ਵੀ ਪਾਣੀ ਵਧ ਜਾਵੇਗਾ, ਜਿਸ ਨਾਲ ਸਮੁੰਦਰ ਦੇ ਕਿਨਾਰਿਆਂ ਤੋਂ ਧਰਤੀ ਹੋਰ ਪਾਣੀ ਵਿਚ ਡੁੱਬ ਜਵੇਗੀ। ਮੌਸਮ ਵਿਚ ਤਬਦੀਲੀ ਪਾਣੀ ਦੇ ਚੱਕਰ ਵਿਚ ਵੀ ਤਬਦੀਲੀ ਲਿਆਵੇਗੀ।

ਕਾਰਬਨ ਸਾਈਕਲ-ਵਾਯੂਮੰਡਲ ਤੋਂ ਇਲਾਵਾ ਬਹੁਤੀ ਕਾਰਬਨ ਜ਼ਮੀਨ, ਸਮੁੰਦਰ ਅਤੇ ਬਨਸਪਤੀ ਵਿਚ ਹੁੰਦੀ ਹੈ।




ਕਾਰਬਨ ਹਰ ਜੀਵ ਵਿਚ ਹੁੰਦੀ ਹੈ। ਬੂਟੇ ਆਪਣੀ ਖ਼ੁਰਾਕ ਬਣਾਉਣ ਲਈ ਕਾਰਬਨ ਵਰਤਦੇ ਹਨ। ਇਹੋ ਖ਼ੁਰਾਕ ਜਦੋਂ ਜੀਵ ਜੰਤੂ ਖਾਂਦੇ ਹਨ ਅਤੇ ਉਨ੍ਹਾਂ ਦੇ ਮਲ ਮੂਤਰ ਅਤੇ ਮਰਨ ਤੋਂ ਬਾਅਦ ਗਲ ਸੜ ਕੇ ਕਾਰਬਨ ਫਿਰ ਵਾਯੂ ਮੰਡਲ ਵਿਚ ਆ ਜਾਂਦੀ ਹੈ। ਇਸੇ ਤਰ੍ਹਾਂ ਜਿਹੜੀ ਕਾਰਬਨ ਜ਼ਮੀਨ ਵਿਚ ਖਣਿਜ ਪਦਾਰਥਾਂ ਦੇ ਰੂਪ 'ਚ ਸਮੁੰਦਰ ਵਿਚ ਜਮ੍ਹਾ ਹੈ, ਉਹ ਵੀ ਵਾਯੂਮੰਡਲ ਨਾਲ ਕੁਝ ਹੱਦ ਤੱਕ ਘੁੰਮਦੀ ਰਹਿੰਦੀ ਹੈ। ਜਦੋਂ ਤੱਕ ਸਨਅਤ ਬਹੁਤੀ ਵਧੀ ਨਹੀਂ ਸੀ ਅਤੇ ਆਬਾਦੀ ਘੱਟ ਸੀ ਕਾਰਬਨ ਦਾ ਵਾਯੂਮੰਡਲ ਵਿਚ ਸੰਤੁਲਨ ਬਣਿਆ ਹੋਇਆ ਸੀ। ਪਰ ਪਿਛਲੀਆਂ ਤਕਰੀਬਨ ਦੋ ਸਦੀਆਂ ਵਿਚ ਵਧਦੀ ਆਬਾਦੀ ਅਤੇ ਸਨਅਤ ਨੇ ਵਾਯੂਮੰਡਲ ਵਿਚ ਕਾਰਬਨ ਦੀ ਮਾਤਰਾ ਡੇਢ ਗੁਣਾ ਕਰ ਦਿੱਤੀ।

ਕਾਰਬਨ ਦੇ ਸਰੋਤ:- ਕਾਰਬਨ ਧਰਤੀ 'ਤੇ 4 ਸਰੋਤਾਂ ਵਿਚ ਮੌਜੂਦ ਹੈ (1) ਵਾਯੂਮੰਡਲ ਵਿਚ ਕਾਰਬਨ ਡਾਇਆਕਸਾਈਡ ਅਤੇ ਮੀਥੇਨ ਗੈਸ ਦੇ ਰੂਪ ਵਿਚ (2) ਜੀਵਕ ਮਾਦਾ ਸਾਰੀ ਧਰਤੀ 'ਤੇ ਜੀਵ ਜੰਤੂ ਅਤੇ ਬਨਸਪਤੀ (ਜਿਉਂਦੇ ਤੇ ਮਰੇ ਹੋਏ) ਦੇ ਰੂਪ ਵਿਚ। ਜ਼ਮੀਨ ਵਿਚ ਜੀਵਕ ਮਾਦੇ ਦੇ ਤੌਰ 'ਤੇ। (3) ਧਰਤੀ ਵਿਚ ਫੌਸਿਲ ਫਿਊਲ (ਜੈਵਿਕ ਈਂਧਣ), ਖਣਿਜਾਂ ਦੇ ਰੂਪ ਵਿਚ ਜਿਵੇਂ ਚੂਨਾ ਅਤੇ ਡੋਲੋਮਾਈਟ ਆਦਿ। (4) ਸਮੁੰਦਰ ਵਿਚ ਜੀਵ ਜੰਤੂ, ਹਰਾ ਜਾਲਾ (ਐਲਗੀ) ਅਤੇ ਕੋਰਲ ਸਮੁੰਦਰ ਦੇ ਹੇਠਾਂ।

ਵਾਯੂ ਮੰਡਲ ਵਿਚ 1750 ਵਿਚ 280 ਪੀ.ਪੀ. ਐਮ. (280 ਹਿੱਸੇ 10 ਲੱਖ ਪਿੱਛੇ) ਕਾਰਬਨ ਡਾਇਆਕਸਾਈਡ ਸੀ, ਜੋ ਹੁਣ ਵਧ ਕੇ 421 ਪੀ. ਪੀ.ਐਮ.ਤੱਕ ਪਹੁੰਚ ਗਈ ਹੈ। 1950 ਵਿਚ ਪ੍ਰਤੀ ਸਾਲ ਵਾਯੂਮੰਡਲ ਵਿਚ 600 ਕਰੋੜ ਟਨ ਕਾਰਬਨ ਡਾਇਆਕਸਾਈਡ ਗੈਸ ਵੱਖ-ਵੱਖ ਸਰੋਤਾਂ ਤੋਂ ਜਾਂਦੀ ਸੀ। ਇਹ 1990 ਵਿਚ ਵਧ ਕੇ 2220 ਕਰੋੜ ਟਨ ਅਤੇ 2022 ਵਿਚ 3900 ਕਰੋੜ ਟਨ ਹੋ ਗਈ। ਇਸ ਵਿਚੋਂ ਤਕਰੀਬਨ ਅੱਧੀ ਕਾਰਬਨ ਡਾਇਆਕਸਾਈਡ ਫਿਰ ਬਨਸਪਤੀ, ਬਾਰਿਸ਼ ਅਤੇ ਜੀਵ ਜੰਤੂਆਂ ਦੇ ਆਸਰੇ ਦੋਬਾਰਾ ਆਪਣੇ ਮੁੱਢਲੇ ਸਰੋਤਾਂ ਧਰਤੀ, ਖਣਿਜ ਪਦਾਰਥਾਂ ਅਤੇ ਸਮੁੰਦਰ ਵਿਚ ਜਾ ਸਮਾਉਂਦੀ ਹੈ, ਜਿਹੜੀ ਕਾਰਬਨ-ਗਰੀਨ ਹਾਊਸ ਗੈਸਾਂ ਦੇ ਰੂਪ ਵਿਚ ਵਾਯੂ ਮੰਡਲ ਵਿਚ ਰਹਿ ਜਾਂਦੀ ਹੈ, ਉਹੋ ਹੀ ਧਰਤੀ ਦਾ ਤਾਪਮਾਨ ਵਧਾਉਣ ਵਿਚ ਸਹਾਈ ਹੁੰਦੀ ਹੈ। ਸਭ ਤੋਂ ਜ਼ਿਆਦਾ ਕਾਰਬਨ ਡਾਇਆਕਸਾਈਡ ਕੋਲੇ ਨੂੰ ਬਾਲਣ ਦੇ ਰੂਪ ਵਿਚ ਵਰਤਣ ਨਾਲ ਨਿਕਲਦੀ ਹੈ। ਇਕ ਕਿੱਲੋ ਕੋਲਾ ਬਾਲਣ ਨਾਲ 2.42 ਕਿੱਲੋ ਕਾਰਬਨ ਡਾਇਆਕਸਾਈਡ ਨਿਕਲਦੀ ਹੈ, ਭਾਰਤ ਵਿਚ ਇਕ ਯੂਨਿਟ (ਕੇ.ਡਬਲਿਊ.ਐਚ) ਬਿਜਲੀ ਪੈਦਾ ਕਰਨ ਵੇਲੇ ਤਕਰੀਬਨ ਇਕ ਕਿੱਲੋ ਕਾਰਬਨ ਡਾਇਆਕਸਾਈਡ ਪੈਦਾ ਹੁੰਦੀ ਹੈ। ਇਕ ਲੀਟਰ ਪੈਟਰੋਲ, 2.3 ਕਿੱਲੋ ਕਾਰਬਨ ਅਤੇ ਇਕ ਲੀਟਰ ਰਸੋਈ ਗੈਸ (ਐਲ.ਪੀ.ਜੀ.) 1.6 ਕਿੱਲੋ ਕਾਰਬਨ ਡਾਇਆਕਸਾਈਡ ਪੈਦਾ ਕਰਦੀ ਹੈ।

ਇਕ ਸੋਲਰ ਪੈਨਲ ਬਣਾਉਣ ਵੇਲੇ 50 ਗ੍ਰਾਮ ਕਾਰਬਨ ਡਾਇਆਕਸਾਈਡ ਪੈਦਾ ਹੁੰਦੀ ਹੈ, ਜਦ ਕਿ ਵਰਤਣ ਵੇਲੇ ਕੋਈ ਕਾਰਬਨ ਡਾਇਆਕਸਾਈਡ ਪੈਦਾ ਨਹੀਂ ਹੁੰਦੀ ਹੈ।

1970 ਤੋਂ ਲੈ ਕੇ 2011 ਤੱਕ ਕਾਰਬਨ ਡਾਇਆਕਸਾਈਡ ਦੇ ਨਿਕਾਸ ਵਿਚ 90 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਵਿਚ 78 ਫ਼ੀਸਦੀ ਹਿੱਸਾ ਜੈਵਿਕ ਈਂਧਣ (ਕੋਲਾ, ਪੈਟਰੋਲ, ਕੁਦਰਤੀ ਗੈਸ ਅਤੇ ਸਨਅਤ ਦਾ ਹੈ। ਦੁਨੀਆ ਭਰ ਵਿਚ ਜੈਵਿਕ ਈਂਧਣ (ਬਾਲਣ), ਸੀਮੈਂਟ ਬਣਾਉਣ ਅਤੇ ਗੈਸ ਭੜਕਨਾ (ਤੇਲ ਵਾਲੇ ਖੂਹਾਂ ਵਿਚੋਂ ਅੱਗ ਨਿਕਲਣਾ) ਨਾਲ ਜੋ ਕਾਰਬਨ ਡਾਇਆਕਸਾਈਡ ਗੈਸ ਨਿਕਲਦੀ ਹੈ, ਉਸ ਦਾ 30 ਫ਼ੀਸਦੀ ਚੀਨ, 15 ਫ਼ੀਸਦੀ ਅਮਰੀਕਾ, ਯੂਰਪ 9 ਫ਼ੀਸਦੀ, ਭਾਰਤ 9 ਫ਼ੀਸਦੀ, ਰੂਸ 5 ਫ਼ੀਸਦੀ, ਜਾਪਾਨ 4 ਫ਼ੀਸਦੀ ਅਤੇ ਬਾਕੀ ਦੇਸ਼ 30 ਫ਼ੀਸਦੀ ਬਣਾਉਂਦੇ ਹਨ। ਬਾਕੀ 22 ਫ਼ੀਸਦੀ ਗੈਸਾਂ ਜ਼ਮੀਨ ਦੀ ਵਰਤੋਂ ਨਾਲ ਜੁੜੀਆਂ ਹਨ। ਇਹ ਜੰਗਲ ਕੱਟਣ ਅਤੇ ਲਾਉਣ ਨਾਲ ਜਾਂ ਖੇਤੀ ਕਰਨ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਦਾ ਨਿਕਾਸ ਅਤੇ ਖ਼ਪਤ 800 ਕਰੋੜ ਟਨ ਬਣਦਾ ਹੈ। ਅਮਰੀਕਾ ਇਹ ਦਾਅਵਾ ਕਰਦਾ ਹੈ ਕਿ ਉਸ ਦਾ ਕੁੱਲ ਨਿਕਾਸ ਮਨਫ਼ੀ ਵਿਚ ਜਾਂਦਾ ਹੈ, ਭਾਵ ਕਾਰਬਨ ਜਮ੍ਹਾਂ ਜ਼ਿਆਦਾ ਹੁੰਦੀ ਹੈ ਅਤੇ ਨਿਕਾਸ ਘੱਟ ਹੁੰਦਾ ਹੈ ਇਸ ਨਾਲ ਵਾਤਾਵਰਨ ਨੂੰ ਸਾਫ਼ ਰੱਖਣ ਵਿਚ ਮਦਦ ਮਿਲਦੀ ਹੈ।

ਕਾਰਬਨ ਦਾ ਵਪਾਰ:- ਅੱਜ ਦੁਨੀਆ ਦੇ ਵਿਕਸਤ ਦੇਸ਼ਾਂ ਵਿਚ ਕਾਰਬਨ ਦਾ ਵਪਾਰ ਸ਼ੁਰੂ ਹੋ ਗਿਆ ਹੈ, ਕਾਰਬਨ ਦੇ ਕਰੇਡਿਟ ਵਿਕਦੇ ਹਨ। ਇਕ ਟਨ ਕਾਰਬਨ ਡਾਇਆਕਸਾਈਡ ਗੈਸ ਨੂੰ ਇਕ ਕਰੇਡਿਟ ਗਿਣਿਆ ਜਾਂਦਾ ਹੈ। 2022 ਵਿਚ ਕਾਰਬਨ ਕਰੇਡਿਟ ਦੀ ਕੀਮਤ 20-40 ਡਾਲਰ ਤੱਕ ਰਹੀ ਹੈ। ਕਾਰਬਨ ਕੌਣ ਵੇਚਦਾ ਅਤੇ ਖ਼ਰੀਦਦਾ ਹੈ? ਅੰਤਰਰਸ਼ਟਰੀ ਪੱਧਰ 'ਤੇ ਸਾਰੇ ਦੇਸ਼ਾਂ ਲਈ ਹਵਾ ਵਿਚੋਂ ਗਰੀਨ ਹਾਊਸ ਗੈਸਾਂ ਘਟਾਉਣ ਦੇ ਟੀਚੇ ਮਿੱਥੇ ਹੋਏ ਹਨ। ਦੇਸ਼ ਆਪੋ-ਆਪਣੇ ਖੇਤਰਾਂ ਵਿਚ ਸਨਅਤੀ/ਕੰਪਨੀਆਂ ਨੂੰ ਇਨ੍ਹਾਂ ਗੈਸਾਂ ਦੇ ਨਿਕਾਸ ਘਟਾਉਣ ਦਾ ਟੀਚਾ ਦਿੰਦੇ ਹਨ। ਮੰਨ ਲਓ ਕੋਲੇ ਤੋਂ ਬਿਜਲੀ ਬਣਾਉਣ ਵਾਲੀ ਕੰਪਨੀ ਨੂੰ 10 ਫ਼ੀਸਦੀ ਕਾਰਬਨ ਨਿਕਾਸ ਘਟਾਉਣ ਦਾ ਟੀਚਾ ਦਿੱਤਾ ਗਿਆ ਹੈ। ਉਸ ਨੇ ਆਪਣੀ 20 ਫ਼ੀਸਦੀ ਬਿਜਲੀ ਕੋਲੇ ਦੀ ਬਜਾਏ ਸੂਰਜੀ ਊਰਜਾ ਤੋਂ ਬਣਾਉਣੀ ਸ਼ੁਰੂ ਕਰ ਦਿੱਤੀ। ਜਿਸ ਕਾਰਨ 10 ਫ਼ੀਸਦੀ ਟੀਚੇ ਤੋਂ ਵੱਧ ਗੈਸ ਘਟਾਈ ਉਹ ਕੰਪਨੀ ਦੂਜੀ ਕੰਪਨੀ ਜਿਸ ਤੋਂ ਦਿੱਤੇ ਟੀਚੇ ਮੁਤਾਬਿਕ ਨਹੀਂ ਘਟੀ ਉਸ ਨੂੰ ਵੇਚ ਦੇਵੇਗੀ ਅਤੇ ਖ਼ਰੀਦਣ ਵਾਲੀ ਕੰਪਨੀ ਸਰਕਾਰੀ ਜੁਰਮਾਨੇ ਤੋਂ ਬਚ ਜਾਵੇਗੀ। ਇਹ ਵਪਾਰ ਯੂਰਪ, ਯੂ.ਕੇ., ਯੂ.ਐਸ.ਏ. ਦੇ ਕੁਝ ਸੂਬਿਆਂ, ਚੀਨ ਅਤੇ ਨਿਊਜ਼ੀਲੈਂਡ ਵਿਚ ਚੱਲਦਾ ਹੈ। ਇਸ ਤੋਂ ਅੱਗੇ ਯੂਰਪ ਜਿਹੜੀ ਗੈਸ, ਤੇਲ ਜਾਂ ਸੀਮੈਂਟ ਆਦਿ ਖ਼ਰੀਦਦਾ ਹੈ, ਉਸ ਵਿਚ ਕਾਰਬਨ ਦੇ ਹਿਸਾਬ ਨਾਲ ਟੈਕਸ ਲਾਉਣ ਦੀ ਵਿਉਂਤਬੰਦੀ ਵੀ ਹੋ ਰਹੀ ਹੈ।

ਵਾਯੂ ਮੰਡਲ ਵਿਚੋਂ ਇਹ ਗੈਸਾਂ ਕਿਵੇਂ ਘਟਾਈਆਂ ਜਾਣ:- ਗਰੀਨ ਹਾਊਸ ਗੈਸਾਂ ਸਭ ਤੋਂ ਵੱਧ ਕੋਲਾ, ਡੀਜ਼ਲ, ਪੈਟਰੋਲ ਜਾਂ ਕੁਦਰਤੀ ਗੈਸ ਜਾਂ ਬਾਲਣ ਨਾਲ ਪੈਦਾ ਹੁੰਦੀਆਂ ਹਨ। ਜਿਥੋਂ ਤੱਕ ਹੋ ਸਕੇ ਇਨ੍ਹਾਂ ਖਣਿਜ ਪਦਾਰਥਾਂ ਦੀ ਵਰਤੋਂ ਘਟਾ ਕੇ ਊਰਜਾ ਬਾਕੀ ਸਰੋਤਾਂ ਜਿਵੇਂ ਕਿ ਸੂਰਜ ਦੀ ਤਪਸ਼, ਹਵਾ ਅਤੇ ਪਾਣੀ ਦੀ ਊਰਜਾ ਦੀ ਵਰਤੋਂ ਨਾਲ ਬਿਜਲੀ ਬਣਾ ਕੇ ਜਾਂ ਸਿੱਧੀ ਵਰਤੋਂ ਕਰ ਕੇ ਕੀਤੀ ਜਾਵੇ, ਜਿਵੇਂ ਪਹਿਲਾਂ ਪਾਣੀ ਨਾਲ ਘਰਾਟ ਚੱਲਦੇ ਸਨ।

ਬਨਸਪਤੀ ਵਿਚ ਜਮ੍ਹਾਂ ਕਰਨਾ:- ਬੂਟੇ ਫੋਟੋਸਿਨਥਿਸਸ ਲਈ ਕਾਰਬਨ ਡਾਇਆਕਸਾਈਡ ਵਰਤਦੇ ਹਨ। ਸੋ ਜਿੰਨਾ ਰਕਬਾ ਜੰਗਲਾਂ ਹੇਠ ਲਿਆਂਦਾ ਜਾ ਸਕਦਾ ਹੈ, ਓਨਾਂ ਹੀ ਕਾਰਬਨ ਘਟਾਉਣ ਵਿਚ ਸਫਲ ਹੋਵਾਂਗੇ। ਫ਼ਸਲਾਂ ਵੀ ਕਾਰਬਨ ਜਮ੍ਹਾ ਕਰਨ ਵਿਚ ਸਹਾਈ ਹੁੰਦੀਆਂ ਹਨ। ਪਰ ਇਨ੍ਹਾਂ ਦਾ ਸੰਤੁਲਨ ਪਾਣੀ ਦੀ ਉਪਲਭਤਾ ਨਾਲ ਵੀ ਜੋੜਨਾ ਪੈਣਾ ਹੈ। ਜਿੰਨੀ ਬਨਸਪਤੀ ਜ਼ਿਆਦਾ ਹੋਵੇਗੀ ਓਨੀ ਹੀ ਪਾਣੀ ਦੀ ਮੰਗ ਜ਼ਿਆਦਾ ਹੋਵੇਗੀ।

ਸਮੁੰਦਰ ਵਿਚ ਜਮ੍ਹਾਂ ਕਰਨਾ:-ਕਈ ਵਿਕਸਤ ਦੇਸ਼ ਆਸਟ੍ਰੇਲੀਆ ਅਤੇ ਨਾਰਵੇ ਵਗੈਰਾ ਇਸ 'ਤੇ ਵੀ ਖੋਜ ਕਰ ਰਹੇ ਹਨ ਕਿ ਵਾਯੂਮੰਡਲ ਵਿਚੋਂ ਕਾਰਬਨ ਡਾਇਅਕਸਾਈਡ ਜਮ੍ਹਾਂ ਕਰ ਕੇ ਡੂੰਘੇ ਸਮੁੰਦਰ ਹੇਠਾਂ ਇਕ ਟੀਕੇ ਵਾਂਗੂ ਜਮ੍ਹਾਂ ਕਰ ਦਿੱਤਾ ਜਾਵੇ। ਆਸਟ੍ਰੇਲੀਆ ਦਾ ਇਹ 2027 ਦਾ ਟੀਚਾ ਹੈ। ਕੁੱਲ ਮਿਲਾ ਕੇ ਵਾਤਾਵਰਨ ਦਾ ਸੰਤੁਲਨ ਰੱਖਣ ਲਈ ਹਵਾ ਵਿਚ ਕਾਰਬਨ ਡਾਇਆਕਸਾਈਡ ਦੀ ਆਮਦ ਘਟਾਉਣੀ ਪੈਣੀ ਹੈ। ਉਸ ਦਾ ਸੰਤੁਲਨ ਕਿਵੇਂ ਬਣਾਇਆ ਜਾਵੇ ਕਿ ਸਾਡੇ ਦੇਸ਼ ਦੀ ਆਰਥਿਕਤਾ 'ਤੇ ਵੀ ਅਸਰ ਨਾ ਪਵੇ। ਇਸ ਦੀ ਪਾਏਦਾਰ ਨੀਤੀ ਬਣਾਉਣ ਦੀ ਲੋੜ ਹੈ। ਪੁਰਾਣੇ ਵਾਹਨ ਸਕਰੈਪ ਕਰਨਾ ਅਤੇ ਬਿਜਲੀ ਦੇ ਵਾਹਨ ਚਲਾਉਣਾ ਦੇਸ਼ ਦੀ ਬਹੁਤੀ ਆਬਾਦੀ ਲਈ ਆਰਥਿਕ ਪਖੋਂ ਲਾਭਕਾਰੀ ਨਹੀਂ ਹੈ, ਪਰ ਫਿਰ ਵੀ ਧਰਤੀ ਦੀ ਵਧ ਰਹੀ ਤਪਸ਼ ਨੂੰ ਰੋਕਣ ਲਈ ਕਦਮ ਤਾਂ ਚੁੱਕਣੇ ਹੀ ਪੈਣਗੇ।

---

# ਓ ਜੱਟਾ ਆਈ ਵਿਸਾਖੀ, ਮੁੱਕੀ ਕਣਕ ਦੀ ਰਾਖੀ

**ਲਿਖਤ : ਜਸਪ੍ਰੀਤ ਸਿੰਘ ਮਾਂਗਟ, 9915220486**

ਵਿਸਾਖੀ ਪੰਜਾਬੀਆਂ ਦਾ ਪ੍ਰਸਿੱਧ ਤਿਉਹਾਰ ਹੈ, ਜੋ ਹਰ ਸਾਲ ਵਿਸਾਖ ਮਹੀਨੇ ਦੀ ਸੰਗ੍ਰਾਂਦ ਨੂੰ ਸਾਰੇ ਭਾਰਤ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਤਿਹਾਸ ਵਿਚ ਅਨੇਕਾਂ ਪ੍ਰਸੰਗ ਜੁੜ ਜਾਣ ਨਾਲ ਇਸ ਦਾ ਮਹੱਤਵ ਪਹਿਲੇ ਨਾਲੋਂ ਜ਼ਿਆਦਾ ਹੋ ਗਿਆ ਹੈ। ਇਸ ਦੀ ਸ਼ੁਰੂਆਤ ਕਿਵੇਂ ਹੋਈ, ਇਸ ਬਾਰੇ ਕੁਝ ਕਹਿ ਸਕਣਾ ਤਾਂ ਸੰਭਵ ਨਹੀਂ। ਅਸਲ ਵਿਚ ਪਹਿਲੇ ਇਹ ਤਿਉਹਾਰ ਇਕ ਰੁੱਤ ਸਬੰਧੀ ਮੰਨਿਆ ਜਾਂਦਾ ਸੀ।

ਵਿਸਾਖ ਮਹੀਨੇ ਦੇ ਆਉਣ ਤੇ ਹੀ ਗਰਮੀ ਸ਼ੁਰੂ ਹੋ ਜਾਂਦੀ ਹੈ ਅਤੇ ਖੇਤਾਂ ਵਿਚ ਫਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਕਿਸਾਨ ਆਪਣੀਆਂ ਫਸਲਾਂ ਨੂੰ ਤਿਆਰ ਦੱਖਕੇ ਖ਼ੁਸ਼ੀ ਨਾਲ ਨੱਚ ਉਠਦਾ ਹੈ। ਇਹਨਾਂ ਫਸਲਾਂ ਨਾਲ ਉਹ ਮਾਲਾਮਾਲ ਹੋ ਜਾਂਦਾ ਹੈ। ਧਨੀ ਰਾਮ ਚਾਤ੍ਰਿਕ ਦੀ ਦੀ ਇਹ ਕਵਿਤਾ ਵੀ ਮਸ਼ਹੂਰ ਹੈ.

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,**
**ਲੰਬੜਾਂ ਤੇ ਸ਼ਾਹਾਂ ਦੇ ਹਿਸਾਬ ਕੱਟ ਕੇ,**

**ਪੱਗ ਝੱਗਾ ਚਾਦਰਾ ਨਵਾਂ ਸਿਵਾਇ ਕੇ,**
**ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,**

**ਕੱਛੇ ਮਾਰੀ ਵੰਝਲੀ ਅਨੰਦ ਛਾ ਗਿਆ,**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ,**

ਵਿਸਾਖੀ ਦੇ ਇਸ ਤਿਉਹਾਰ ਦੇ ਨਾਲ ਸਾਡੇ ਇਤਿਹਾਸ ਦੇ ਅਨੇਕਾਂ ਪੰਨੇ। ਜੁੜੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਅੱਜ ਦੇ ਦਿਨ ਹੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਦੀਵਾਨ ਲਗਾਇਆ ਸੀ। ਸੰਗਤ ਨਾਲ ਭਰਪੂਰ ਇਕੱਠ ਵਿਚ ਨੰਗੀ ਤਲਵਾਰ ਲੈ ਕੇ ਉਹਨਾਂ ਨੇ 5 ਸਿਰਾਂ ਦੀ ਮੰਗ ਕਰਦੀ ਇਕ-ਇਕ ਕਰ ਕੇ ਪੰਜ ਵੀਰ ਉਠੇ ਅਤੇ ਉਹਨਾਂ ਆਪਣਾ ਸਿਰ ਗੁਰੂ ਜੀ ਦੇ ਅੱਗੇ ਕਰ ਦਿੱਤਾ। ਗੁਰੂ ਜੀ ਨੇ ਪੰਜਾਂ ਵੀਰਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰੇ' ਦਾ ਨਾਂ ਦਿੱਤਾ। ਇਸ ਤਰ੍ਹਾਂ ਉਨ੍ਹਾਂ ਅੱਜ ਦੇ ਦਿਨ ਖਾਲਸਾ ਪੰਥ ਸਾਜਿਆ।

ਵਿਸਾਖੀ ਦੇ ਪਵਿਤ੍ਰ ਦਿਨ 13 ਅਪ੍ਰੈਲ 1919 ਨੂੰ ਅਮ੍ਰਿਤਸਰ ਦੇ ਜਿਲ੍ਹਿਆਂ ਵਾਲੇ ਬਾਗ ਵਿਚ ਭਿਆਨਕ ਹਿੰਸਾਕਾਂਡ ਹੋਇਆ ਸੀ। ਇਸ ਬਾਗ ਵਿਚ ਇਕੱਠੇ ਹੋਏ ਹਜ਼ਾਰਾਂ ਨਿਹੱਥੇ ਲੋਕਾਂ ਨੂੰ ਜਨਰਲ ਡਾਇਰ ਨੇ ਗੋਲੀ ਦਾ ਨਿਸ਼ਾਨਾ ਬਣਾਇਆ।

ਇਸ ਭਿਆਨਕ ਅਤਿਆਚਾਰ ਦੇ ਸਿੱਟੇ ਵਜੋਂ ਸੈਂਕੜੇ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋ ਗਏ। ਇਹਨਾਂ ਵੀਰਾਂ ਨੇ ਦੇਸ਼ ਦੀ ਆਜ਼ਾਦੀ ਦੇ ਲਈ ਆਪਣੀਆਂ ਜਾਨਾਂ ਗਵਾਂ ਕੇ ਭਾਰਤਵਾਸੀਆਂ ਲਈ ਮੁਕਤੀ ਦਾ ਰਸਤਾ ਖੋਲ ਦਿੱਤਾ। ਵਿਸਾਖੀ ਦੇ ਦਿਨ ਹਰ ਸਾਲ ਇਹਨਾਂ ਸ਼ਹੀਦਾਂ ਨੂੰ ਸਾਰਾ ਰਾਸ਼ਟਰ ਸ਼ਰਧਾਂਜਲੀ ਭੇਂਟ ਕਰਦਾ ਹੈ।

ਵਿਸਾਖੀ ਵਾਲੇ ਦਿਨ ਵਪਾਰੀ ਆਪਣੇ ਪੁਰਾਣੇ ਖਾਤੇ ਬੰਦ ਕਰਕੇ ਨਵਾਂ ਹਿਸਾਬ ਸ਼ੁਰੂ ਕਰਦੇ ਹਨ. ਇਸ ਦਿਨ ਧਾਰਮਿਕ ਅਸਥਾਨਾਂ ਤੇ ਧਾਰਮਿਕ ਸਮਾਗਮ ਹੁੰਦੇ ਹਨ ਸੰਗਤਾਂ ਗੁਰਦੁਆਰਾ ਸਾਹਿਬ ਮੱਥਾ ਟੇਕਦਿਆਂ ਹਨ ਤੇ ਸਰਬਤ ਦੇ ਭਲੇ ਦੀ ਅਰਦਾਸ ਕਰਦੀਆਂ ਹਨ



ਲਿਖਤ
ਗੌਰਵ ਧੀਮਾਨ
7626818016



# ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ

ਜਵਾਨੀ ਉਮਰ ਵਿੱਚ ਧੱਸਿਆ ਬਲਜੀਤ ਇੱਕ ਨਸ਼ੇ ਦਾ ਆਦੀ ਹੋ ਰਹਿ ਗਿਆ। ਜਦੋਂ ਮਾਂ ਜਿਉਂਦੀ ਸੀ ਉਸ ਵਕਤ ਲੋਕਾਂ ਘਰ ਜਾ ਝੂਠੇ ਬਰਤਨ ਸਾਫ਼ ਕਰ ਢਿੱਡ ਭਰ ਹੀ ਦਿੰਦੀ ਸੀ। ਬਲਜੀਤ ਨੂੰ ਅਠਾਰਾਂ ਸਾਲ ਦੀ ਉਮਰ ਵਿੱਚ ਹੀ ਬੁਰੀ ਸੰਗਤ ਨੇ ਆਪਣੀ ਲਪੇਟ ਵਿੱਚ ਕਾਬੂ ਕਰ ਲਿਆ ਸੀ। ਬਲਜੀਤ ਦਾ ਬਾਪੂ ਫੌਜ਼ ਵਿੱਚ ਸ਼ਹੀਦ ਹੋ ਗਿਆ ਸੀ। ਸਰਕਾਰ ਵੱਲੋਂ ਦਿੱਤੀ ਪੈਨਸ਼ਨ ਹਰਨਾਮ ਸਿੰਘ ਦੀ ਪਤਨੀ ਰਣਜੀਤ ਨੂੰ ਆਇਆ ਕਰਦੀ ਸੀ। ਘਰ ਦੇ ਹਾਲਾਤ ਬਹੁਤ ਭੈੜੇ ਹੋ ਗਏ ਸੀ। ਹਰਨਾਮ ਦੇ ਜਾਨ ਮਗਰੋਂ ਰਣਜੀਤ ਦੇ ਘਰ ਕੁਝ ਸਿਆਸੀ ਪਾਰਟੀਆਂ ਘਰ ਉੱਤੇ ਕਬਜਾ ਕਰਨ ਲਈ ਵੀ ਆਉਂਦੀ ਰਹੀ। ਬਲਜੀਤ ਜਵਾਨੀ ਉਮਰੇ ਨਸ਼ੇ ਦੇ ਗਲ ਲੱਗ ਪਿਆ। ਹਰ ਥਾਂ ਥੂ..ਥੂ..! ਰਣਜੀਤ ਦੇ ਮੂੰਹ ਉੱਤੇ ਹੁੰਦੀ ਰਹੀਆਂ ਪਰ ਰਣਜੀਤ ਨੇ ਲੋਕਾਂ ਦੀ ਪ੍ਰਵਾਹ ਨਾ ਕੀਤੀ।

ਰਣਜੀਤ ਨੇ ਬਲਜੀਤ ਨੂੰ ਥੋੜ੍ਹਾ ਪੜ੍ਹਾਇਆ ਕਿਉਂਕਿ ਬਲਜੀਤ ਰੋਜ਼ ਹੀ ਨਵੀਂ ਨਵੀਂ ਚਲਾਕੀ ਨਾਲ ਲੜ੍ਹ ਘਰ ਮੁੜ ਆਉਂਦਾ ਸੀ। ਉਸਦਾ ਦੋ ਵਾਰ ਸਕੂਲ ਤੋਂ ਨਾਮ ਕੱਟਿਆ ਗਿਆ ਤੇ ਰਣਜੀਤ ਨੇ ਉਸਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਬਲਜੀਤ ਨਾ ਸਮਝਿਆ। ਹੌਲੀ ਹੌਲੀ ਦਿਨ ਬੀਤਦੇ ਜਾ ਰਹੇ ਸੀ। ਪੈਨਸ਼ਨ ਦਾ ਪੈਸਾ ਬਲਜੀਤ ਖੋਹ ਲੈਂਦਾ ਸੀ। ਰਣਜੀਤ ਨੇ ਹਾਰ ਨਾ ਮੰਨੀ ਤੇ ਆਪਣੇ ਪੁੱਤ ਦਾ ਢਿੱਡ ਭਰਨ ਲਈ ਲੋਕਾਂ ਘਰ ਜਾ ਝੂਠੇ ਬਰਤਨ ਸਾਫ਼ ਕੀਤੇ। ਬਲਜੀਤ ਦਿਨੋਂ ਦਿਨ ਵੱਡਾ ਹੁੰਦਾ ਜਾ ਰਿਹਾ ਸੀ। ਕਈ ਵਾਰ ਬਲਜੀਤ ਘਰ ਨਸ਼ੇ ਦੀ ਹਾਲਤ ਵਿੱਚ ਘਰ ਮੁੜਦਾ ਸੀ। ਰਣਜੀਤ ਉਸਨੂੰ ਰੋਜ਼ ਚੀਕਦੀ ਚਲਾਉਂਦੀ ਪਰ ਉਸਨੂੰ ਕੋਈ ਆਵਾਜ਼ ਕੰਨੀ ਤੱਕ ਨਾ ਪਹੁੰਚਦੀ।

ਮਾਂ ਦੀ ਮਮਤਾ ਬਗਾਵਤ ਕਦੇ ਵੀ ਨਹੀਂ ਹੋ ਸਕਦੀ ਤੇ ਨਾ ਜਿਉਂਦੇ ਜੀਅ ਆਪਣੇ ਪੁੱਤ ਨੂੰ ਭੁੱਖ ਤੰਗ ਵੇਖ ਸਕਦੀ। ਬਲਜੀਤ ਨੂੰ ਇਸ ਗੱਲ ਦੀ ਭੋਰਾ ਵੀ ਫ਼ਿਕਰ ਨਹੀਂ ਕਿ ਉਸਦੀ ਮਾਂ ਦਾ ਦਿਲ ਕਮਜ਼ੋਰ ਹੈ। ਬਲਜੀਤ ਨੇ ਸ਼ੁਰੂ ਤੋਂ ਹੀ ਮਾਂ ਦਾ ਪਿਆਰ ਪਾਇਆ ਸੀ ਤੇ ਹੌਲੀ ਹੌਲੀ ਵਕ਼ਤ ਨੇ ਉਸ ਨਾਲ ਚਾਲ ਚੱਲੀ। ਬਲਜੀਤ ਇੱਕ ਥਾਂ ਤੋਂ ਇਹੋ ਜਿਹੇ ਘੇਰੇ ਵਿੱਚ ਗਿਆ ਜਿੱਥੋਂ ਉਸਦਾ ਵਾਪਿਸ ਆਉਣਾ ਬਹੁਤ ਮੁਸ਼ਕਿਲ ਸੀ। ਰਣਜੀਤ ਸਦਾ ਦੁੱਖੀ ਰਹਿਣ ਲੱਗ ਪਈ ਤੇ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੀ ਰਹਿੰਦੀ। ਬਲਜੀਤ ਦੀ ਉਮਰ ਵੀਹ ਵਰ੍ਹੇ ਹੋ ਚੁੱਕੀ ਸੀ। ਨਸ਼ੇ ਵਿੱਚ ਟੁੰਨ ਇੱਕ ਦਿਨ ਬਲਜੀਤ ਘਰ ਬੂਹੇ ਆਉਣ ਖਲੋ ਗਿਆ। ਦਰਵਾਜ਼ੇ ਨੂੰ ਜੋਰ ਜੋਰ ਦੀ ਖੱਟ - ਖਟਾਉਣ ਲੱਗਾ। ਅੱਧੀ ਰਾਤ ਨੂੰ ਬਲਜੀਤ ਪਤਾ ਨਹੀਂ ਕਿੱਥੋਂ ਆਇਆ ਸੀ। ਰਣਜੀਤ ਉੱਠ ਕੇ ਭੱਜੀ ਭੱਜੀ ਗਈ। ਬਲਜੀਤ ਆਪਣੀ ਮਾਂ ਨੂੰ ਬੋਲਦਾ,' ਬੂਹਾਂ ਖੋਲ੍ਹਣ ਨੂੰ ਇਹਨਾਂ ਵਕ਼ਤ ਕਿਉਂ ਲੱਗਾ..ਤੈਨੂੰ ਪਤਾ ਨਹੀਂ ਮੈਂ ਘਰ ਆਉਣਾ ਹੁੰਦਾ ਗਾ।' ਮਾਂ ਦੀ ਚੁੱਪੀ ਹਮੇਸ਼ਾ ਦੀ ਤਰ੍ਹਾਂ ਚੁੱਪ ਹੀ ਰਹੀ। ਆਪਣੇ ਪੁੱਤ ਅੱਗੇ ਇੱਕ ਸ਼ਬਦ ਨਾ ਬੋਲੀ। ਜੋ ਇਨਸਾਨ ਆਪਣੇ ਜਿਉਂਦੇ ਮਾਂ ਬਾਪ ਦੀ ਕਦਰ ਨਹੀਂ ਕਰਦਾ ਉਸਨੂੰ ਉਸਦੀ ਔਲਾਦ ਵੀ ਨਹੀਂ ਪੁੱਛਦੀ। ਵਕ਼ਤ ਫਿਰ ਬਦਲ ਗਿਆ।

ਦਿਨ ਚੜ੍ਹਦੇ ਨੂੰ ਬਲਜੀਤ ਆਪਣੀ ਮਾਂ ਰਣਜੀਤ ਕੋਲ ਗਿਆ। ' ਅੱਜ ਮਾਏ ਤੂੰ ਮੈਨੂੰ ਕੁਝ ਪੈਸੇ ਦੇ ਮੈ ਯਾਰਾਂ ਮਿੱਤਰਾਂ ਨਾਲ ਐਸ਼ ਕਰਨੀ ਹੈ। ' ਰਣਜੀਤ ਨੇ ਗੁੱਸੇ ਵਿੱਚ ਆ ਕੇ ਹੱਥ ਅਲਮਾਰੀ ਦੀ ਚਾਬੀ ਧਰ ਦਿੱਤੀ ਤੇ ਆਖਿਆ,' ਮੈਂ ਕਿਹੋ ਜਿਹੀ ਔਲਾਦ ਨੂੰ ਜਨਮ ਦੇ ਦਿੱਤਾ ਜੋ ਆਪਣੀ ਮਾਂ ਦੀ ਕਦਰ ਵੀ ਨਹੀਂ ਕਰ ਸਕਦਾ। ਤੈਨੂੰ ਨਸ਼ੇ ਨੇ ਇੱਕ ਦਿਨ ਨਿਚੋੜ ਕੇ ਖਾ ਲੈਣਾ ਤੇ ਮੈ ਉਸ ਵਕ਼ਤ ਤੇਰੇ ਕੋਲ ਵੀ ਨਹੀਂ ਹੋਣਾ। ਮੇਰੀ ਇਹ ਗੱਲ ਹਮੇਸ਼ਾ ਯਾਦ ਰੱਖੀ ਪੁੱਤਰਾਂ.." ਜਿੰਦਗੀ ਛੋਟੀ ਜਿਹੀ ਹੈ ਅੱਜ ਹੱਸਲੈ ਕੱਲ੍ਹ ਜਿੰਦਗੀ ਕੱਟਲੈ ਫਿਰ ਨਾ ਮੁੜ ਮਿਲਣੀ।"

ਰਣਜੀਤ ਦੇ ਸ਼ਬਦ ਸੁਣ ਬਲਜੀਤ ਨੂੰ ਕੋਈ ਅਫ਼ਸੋਸ ਨਾ ਹੋਇਆ। ਰਣਜੀਤ ਆਪਣੀ ਜਿੰਦਗੀ ਵਿੱਚ ਬਿਲਕੁੱਲ ਵੀ ਖ਼ੁਸ਼ ਨਹੀਂ ਸੀ। ਲੋਕਾਂ ਦੇ ਰੋਜ਼ ਦੇ ਤਾਹਨੇ ਸੁਣ ਅੱਕ ਗਈ ਸੀ। ਰਣਜੀਤ ਨੇ ਆਪਣੇ ਪੁੱਤ ਨੂੰ ਬਹੁਤ ਸਮਝਾਉਣਾ ਚਾਹਿਆ ਪਰ ਉਹ ਨਸ਼ੇ ਵਿੱਚ ਡੁੱਬਿਆ ਹੋਇਆ ਸੀ। ਉਸਨੂੰ ਹਰ ਵਕ਼ਤ ਪੈਸੇ ਚਾਹੀਦੇ ਸੀ। ਹਰ ਵਕ਼ਤ ਨਸ਼ੇ ਦਾ ਸੇਵਨ ਕਰਨ ਦਾ ਜਰੀਆ ਲੱਭਦਾ ਸੀ। ਬਲਜੀਤ ਦੀ ਇਸ ਹਾਲਤ ਨੂੰ ਵੇਖ ਕੁਝ ਗੁਆਂਢੀ ਵੀ ਘਰ ਆਉਣਾ ਬੰਦ ਕਰ ਗਏ ਸੀ। ਬਲਜੀਤ ਦੇ ਬੁਰੇ ਪ੍ਰਭਾਵ ਦਾ ਅਸਰ ਉਹਨਾਂ ਦੇ ਬੱਚਿਆ ਉੱਤੇ ਨਾ ਪਏ ਇਸ ਕਰਕੇ ਗੁਆਂਢੀ ਘਰਾਂ ਨੇ ਆਪਣੀ ਕੰਧ ਹੋਰ ਉੱਚੀ ਕਰ ਲਈ ਸੀ।

ਰਣਜੀਤ ਨੂੰ ਹੌਲੀ ਹੌਲੀ ਸਾਹ ਦੀ ਬਿਮਾਰੀ ਨੇ ਘੇਰ ਲਿਆ। ਕੋਠੀਆਂ ਘਰਾਂ ਦੀ ਸਫ਼ਾਈ ਤੇ ਬਰਤਨ ਰੋਜ਼ ਦਾ ਇਹ ਕੰਮ ਰਣਜੀਤ ਨੂੰ ਕਮਜ਼ੋਰ ਤੇ ਨਾ ਜਿਉਣਯੋਗ ਬਣਾ ਗਿਆ। ਬਲਜੀਤ ਨੂੰ ਇਸ ਗੱਲ ਦੀ ਭਣਕ ਵੀ ਨਹੀਂ ਸੀ। ਰਣਜੀਤ ਨੇ ਤਾਂ ਆਪਣੀ ਜਿੰਦਗੀ ਨੂੰ ਇੰਝ ਸੋਚ ਕੇ ਕੱਟਿਆ,' ਮੇਰਾ ਹਰਨਾਮ ਭਾਵੇਂ ਨਹੀਂ ਪੁੱਤ ਤਾਂ ਹੈ ਬਸ ਇਹ ਜਿੰਦਗੀ ਹੈ।' ਰਣਜੀਤ ਚੰਗੀ ਤਰ੍ਹਾਂ ਜਾਣਦੀ ਸੀ ਮੇਰੀ ਜਿੰਦਗੀ ਮੇਰੀ ਵੀ ਨਹੀਂ ਹੋ ਸਕਦੀ। ਬਲਜੀਤ ਨੂੰ ਸਹੀ ਰਾਹ ਪਾਉਣ ਦਾ ਇੱਕੋ ਇੱਕ ਤਰੀਕਾ ਸੀ ਉਹ ਸੀ,' ਵਕ਼ਤ ਦਾ ਚੱਕਾ ਜਾਮ ਕਰ ਇੱਕ ਦਿਨ ਦੁਨੀਆ ਤੋਂ ਕੁਰਬਾਨ ਜਾਣਾ। '

ਬਲਜੀਤ ਰੋਜ਼ ਦੀ ਤਰ੍ਹਾਂ ਟੁੰਨ ਹੋ ਘਰ ਆਇਆ ਜਾਇਆ ਕਰਦਾ ਸੀ। ਘਰ ਵਿੱਚ ਸਿਰਫ਼ ਦੋ ਜੀਅ ਦਾ ਰਹਿਣ ਸਹਿਣ ਸੀ ਤੇ ਰਿਸ਼ਤੇਦਾਰਾਂ ਨੇ ਮੁੱਖ ਫੇਰ ਲਿਆ ਸੀ ਕਿਉਂਕਿ ਬਲਜੀਤ ਦੇ ਵਰਤਾਰੇ ਤੋਂ ਸਭ ਦੁੱਖੀ ਸੀ। ਉਸਦੀ ਹਾਲਤ ਨੂੰ ਠੀਕ ਨਹੀਂ ਕੀਤਾ ਜਾ ਸਕਦਾ ਸੀ। ਰਣਜੀਤ ਉਸ ਵਕ਼ਤ ਇਹਨੀ ਜਿਆਦਾ ਕਮਜ਼ੋਰ ਹੋ ਗਈ ਕਿ ਉਹ ਹੁਣ ਘਰ ਘਰ ਕੰਮ ਵੀ ਨਹੀਂ ਕਰ ਸਕਦੀ। ਵਕ਼ਤ ' ਤੇ ਦਵਾਈ ਨਾ ਲੈਣ ਕਰਕੇ ਰਣਜੀਤ ਦੀ ਹਾਲਤ ਹੋਰ ਵਧੇਰੇ ਖਰਾਬ ਹੁੰਦੀ ਜਾ ਰਹੀ ਸੀ। ਰਣਜੀਤ ਨੇ ਇੱਕ ਖ਼ਤ ਲਿਖਣਾ ਚਾਹਿਆ ਤੇ ਉਸ ਵਿੱਚ ਸਿਰਫ਼ ਦੋ ਤੋਂ ਦੋ ਅੱਖਰ ਸਨ ਜਿਸ ਵਿੱਚ ਲਿਖਿਆ ਸੀ,' ਮੈ ਬੁਰੀ ਤੂੰ ਚੰਗਾ।' ਜਦੋਂ ਘਰ ਬਲਜੀਤ ਆਇਆ ਤਾਂ ਉਸ ਦਿਨ ਟੁੰਨ ਨਹੀਂ ਦਿਖਿਆ। ਮਾਂ ਰਣਜੀਤ ਮੰਜੇ ਉੱਤੇ ਪਈ ਸੀ ਤੇ ਬੂਹਾ ਖੁੱਲ੍ਹਿਆ ਸੀ। ਬਲਜੀਤ ਦਰਵਾਜ਼ਾ ਖੋਲ੍ਹ ਅੰਦਰ ਵੜਿਆ। ਹੱਥ ਵਿੱਚ ਇੱਕ ਖ਼ਤ ਫੜ੍ਹਿਆ ਦਿਖਾਈ ਦਿੱਤਾ ਜੋ ਰਣਜੀਤ ਨੇ ਆਖਰੀ ਸਾਹ ਚੱਲਦੇ ਲਿਖਿਆ ਸੀ। ਬਲਜੀਤ ਆਪਣੀ ਮਾਂ ਰਣਜੀਤ ਕੋਲ ਜਾ ਬੈਠਦਾ ਹੈ ਤੇ ਉੱਠਣ ਲਈ ਆਖਦਾ ਹੈ ਪਰ ਮਾਂ ਰਣਜੀਤ ਨਾ ਉੱਠਦੀ। ਇਹ ਵੇਖ ਬਲਜੀਤ ਨਬਜ਼ ਫੜ੍ਹ ਵੇਖਦਾ ਹੈ ਤੇ ਨਾ ਨਬਜ਼ ਚੱਲਣ ' ਤੇ ਬਲਜੀਤ ਉਸ ਥਾਂ ਤੋਂ ਥੱਲ੍ਹੇ ਡਿੱਗ ਪੈਂਦਾ ਹੈ। ਉੱਚੀ ਉੱਚੀ ਬਲਜੀਤ ਰੋਂਦਾ ਹੋਇਆ ਆਖਦਾ ਹੈ,' ਮਾਂ ਮੇਰੀਏ ਮੈਨੂੰ ਮਾਫ਼ ਕਰਦੇ..ਮੈ ਤੈਨੂੰ ਬਹੁਤ ਸਾਰੇ ਦੁੱਖ ਦਿੱਤੇ। ਤੂੰ ਮੈਨੂੰ ਇੰਝ ਛੱਡ ਕੇ ਨਹੀਂ ਜਾ ਸਕਦੀ।'

ਬਲਜੀਤ ਨੂੰ ਰੋਂਦਿਆ ਵੇਖ ਗੁਆਂਢੀ ਘਰ ਆਏ ਤੇ ਬਲਜੀਤ ਨੂੰ ਪੁੱਛਦੇ,' ਕੀ ਹੋਇਆ ਬਲਜੀਤ..ਸੁੱਖ ਤਾਂ ਹੈ। ਬਲਜੀਤ ਧਾਹਾਂ ਮਾਰ ਰੋਅ ਰਿਹਾ ਸੀ ਤੇ ਗੁਆਂਢੀ ਨੂੰ ਬਲਜੀਤ ਦੀ ਮਾਂ ਪੂਰੀ ਹੋਈ ਦਿਖੀ। ਗੁਆਂਢੀ ਨੇ ਬਲਜੀਤ ਨੂੰ ਸਹਾਰਾ ਦਿੱਤਾ ਤੇ ਹੋਰ ਬਾਕੀ ਗੁਆਂਢੀ ਵੀ ਇੱਕਠੇ ਹੋ ਗਏ। ਬਲਜੀਤ ਦੇ ਹੱਥ ਉਹ ਖ਼ਤ ਆਇਆ ਜੋ ਰਣਜੀਤ ਲਿੱਖ ਗਈ ਸੀ। ਜਦੋਂ ਬਲਜੀਤ ਨੇ ਉਹ ਖ਼ਤ ਦੇ ਬੋਲ ਪੜ੍ਹੇ ਤਾਂ ਉਸਦੇ ਪੈਰੋਂ ਜਮੀਨ ਹੀ ਖਿਸਕ ਗਈ। ਬਲਜੀਤ ਨੇ ਆਪਣੀ ਮਾਂ ਦਾ ਅੰਤਿਮ ਸੰਸਕਾਰ ਕੀਤਾ। ਵਕ਼ਤ ਨੇ ਰਣਜੀਤ ਦੇ ਫ਼ੈਸਲੇ ਨੂੰ ਅਹਿਮ ਸਮਝਿਆ ਤੇ ਬਲਜੀਤ ਨੂੰ ਨਸ਼ੇ ਦੇ ਹੜ੍ਹ ਤੋਂ ਬਚਾ ਲਿਆ। ਹੁਣ ਬਲਜੀਤ ਨਸ਼ੇ ਦਾ ਸੇਵਨ ਨਹੀਂ ਕਰਦਾ ਹੈ। ਉਹ ਸਦਾ ਅਨਾਥ ਆਸ਼ਰਮ ਚੰਦਾ ਦਿੰਦਾ ਹੈ ਤੇ ਬਜ਼ੁਰਗਾਂ ਦਾ ਸਤਿਕਾਰ ਕਰਦਾ ਹੈ। ਬਲਜੀਤ ਹੁਣ ਆਪਣੀ ਭੂਆ ਘਰ ਰਹਿੰਦਾ ਹੈ ਤੇ ਬਲਜੀਤ ਦੀ ਇੱਕ ਭੈਣ ਹੈ ਜੋ ਭੂਆ ਦੀ ਹੀ ਧੀ ਹੈ। ਬਲਜੀਤ ਥੋੜ੍ਹੇ ਸਮੇਂ ਚੁੱਪ ਤੇ ਸ਼ਾਂਤ ਰਿਹਾ। ਇਕੱਲਾਪਨ ਜਿੰਦਗੀ ਨੂੰ ਨਰਕ ਬਣਾ ਦਿੰਦਾ ਹੈ ਤੇ ਇਸ ਬਾਰੇ ਬਲਜੀਤ ਚੰਗੀ ਤਰ੍ਹਾਂ ਜਾਣ ਗਿਆ ਸੀ। ਜੋ ਸ਼ਬਦ ਉਸਦੀ ਮਾਂ ਨੇ ਕਹੇ ਸੀ ਉਹ ਉਹਨਾਂ ਸ਼ਬਦਾਂ ਨੂੰ ਸਦਾ ਲਈ ਦਿਲ ਵਿੱਚ ਵਸਾ ਲੈਂਦਾ ਹੈ। ਬਲਜੀਤ ਦਾ ਜੀਵਨ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ ਤੇ ਆਪਣੀ ਨਵੀਂ ਜਿੰਦਗੀ ਜਿਉਂਦਾ ਹੈ।

---

# ਅਸਹਿਣਸ਼ੀਲਤਾ ਅਤੇ ਘਰੇਲੂ ਹਿੰਸਾ

ਲਿਖਤ : ਬਰਜਿੰਦਰ ਕੌਰ ਬਿਸਰਾਓ,
ਸੰਪਰਕ : 99889-01324

ਸਾਡੇ ਸਮਾਜ ਵਿੱਚ ਪਰਿਵਾਰਾਂ ਅੰਦਰ ਦਿਨ ਬ ਦਿਨ ਘਰੇਲੂ ਹਿੰਸਾ ਦੀਆਂ ਵਾਰਦਾਤਾਂ ਵਧਦੀਆਂ ਜਾ ਰਹੀਆਂ ਹਨ। ਨਿੱਤ ਦਿਹਾੜੀ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀਆਂ ਘਟਨਾਵਾਂ ਬਾਰੇ ਖ਼ਬਰਾਂ ਸੁਣ ਕੇ ਜਾਂ ਦੇਖ ਕੇ ਹਿਰਦੇ ਵਲੂੰਧਰੇ ਜਾਂਦੇ ਹਨ। ਕੁਝ ਵਰ੍ਹੇ ਪਹਿਲਾਂ ਤੱਕ ਤਾਂ ਘਰੇਲੂ ਹਿੰਸਾ ਦੀ ਹੱਦ ਘਰ ਵਿੱਚ ਔਰਤਾਂ ਜਾਂ ਬੱਚਿਆਂ ਨਾਲ ਕੁੱਟ ਕੁਟਾਪੇ ਤੱਕ ਸੀਮਤ ਸੀ।ਪਰ ਅੱਜ ਕੱਲ੍ਹ ਹਿੰਸਾ ਦੀਆਂ ਵਾਰਦਾਤਾਂ ਦੇ ਕਈ ਤਰ੍ਹਾਂ ਦੇ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਘਰੇਲੂ ਹਿੰਸਾ ਕਾਰਨ ਹੋਏ ਕਲੇਸ਼ ਤੋਂ ਦੁਖੀ ਹੋ ਕੇ ਆਤਮਹੱਤਿਆ ਕਰਨਾ, ਜਾਂ ਆਪਣੇ ਆਪ ਨੂੰ ਖ਼ਤਮ ਕਰਨ ਤੋਂ ਪਹਿਲਾਂ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਮਾਰ ਦੇਣਾ, ਜ਼ਮੀਨੀ ਬਟਵਾਰਿਆਂ ਕਾਰਨ ਪੈਦਾ ਹੋਈ ਅਸੰਤੁਸ਼ਟਤਾ ਕਾਰਨ ਦੋ ਪਰਿਵਾਰਾਂ ਵਿੱਚ ਹਿੰਸਕ ਘਟਨਾਵਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਤਰੀਕਿਆਂ ਨਾਲ ਇੱਕ ਦੂਜੇ ਦੇ ਵਿਰੋਧੀ ਪਰਿਵਾਰਕ ਮੈਂਬਰਾਂ ਨੂੰ ਨੁਕਸਾਨ ਪਹੁੰਚਾਉਣਾ ਆਦਿ। ਇਹਨਾਂ ਸਭ ਘਟਨਾਵਾਂ ਪਿੱਛੇ ਅੱਜ ਦੇ ਮਨੁੱਖ ਅੰਦਰ ਪੈਦਾ ਹੋ ਰਹੀ ਅਸਹਿਣਸ਼ੀਲਤਾ ਹੈ।

ਅੱਜ ਦੇ ਮਨੁੱਖ ਅੰਦਰ ਸਿਰਫ਼ ਪਦਾਰਥਵਾਦੀ ਸੋਚ ਨੇ ਡੇਰਾ ਲਾ ਲਿਆ ਹੈ । ਉਸ ਅੰਦਰ ਚੁਟਕੀ ਮਾਰਕੇ ਅਮੀਰ ਹੋਣ ਦੀ ਲਾਲਸਾ ਉਤਪੰਨ ਹੋਣ ਲੱਗ ਪਈ ਹੈ। ਉਹ ਆਪਣੀਆਂ ਪ੍ਰਾਪਤੀਆਂ ਨੂੰ ਦੇਖ ਕੇ ਖ਼ੁਸ਼ ਹੋਣ ਦੀ ਥਾਂ ਦੂਜਿਆਂ ਦੀਆਂ ਸਫਲਤਾਵਾਂ ਨੂੰ ਦੇਖ ਕੇ ਖਿਝਦਾ ਸੜਦਾ ਹੈ,ਮਨ ਵਿੱਚ ਈਰਖਾ ਦਾ ਭਾਵ ਪੈਦਾ ਕਰਦਾ ਹੈ,ਉਸ ਜ਼ਹਿਰ ਨੂੰ ਆਪਣੇ ਮਨ ਅੰਦਰ ਪਾਲਦਾ ਹੈ ਤੇ ਮਨ ਅੰਦਰਲੀ ਸੋਚ ਨੂੰ ਐਨਾ ਵਿਸ਼ੈਲਾ ਬਣਾ ਬੈਠਦਾ ਹੈ ਕਿ ਅਸੰਜਮਤਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਉਸ ਅੰਦਰ ਸਬਰ ਸੰਤੋਖ ਵਾਲੀ ਪ੍ਰਵਿਰਤੀ ਤਾਂ ਬਿਲਕੁਲ ਖ਼ਤਮ ਹੋ ਜਾਂਦੀ ਹੈ ਜਿਸ ਕਾਰਨ ਉਸ ਅੰਦਰ ਅਸਹਿਣਸ਼ੀਲਤਾ ਪੈਦਾ ਹੋ ਜਾਂਦੀ ਹੈ। ਅਸਹਿਣਸ਼ੀਲਤਾ ਕਾਰਨ ਕ੍ਰੋਧ ਉਤਪੰਨ ਹੋਣ ਲੱਗਦਾ ਹੈ। ਉਹ ਕ੍ਰੋਧ ਵੀ ਇੱਕ ਦੋ ਦਿਨ ਦਾ ਨਹੀਂ ਹੁੰਦਾ। ਪਤਾ ਨਹੀਂ ਕਿੰਨਾ ਚਿਰ ਮਨੁੱਖ ਉਸ ਅੰਦਰ ਵਾਲੇ ਕ੍ਰੋਧ ਨਾਲ ਅੰਦਰੋਂ ਅੰਦਰ ਲੜਦਾ ਰਹਿੰਦਾ ਹੈ। ਫਿਰ ਅੰਦਰ ਵਾਲੀ ਵਿਚਾਰਾਂ ਦੀ ਲੜਾਈ ਐਨੀ ਪ੍ਰਪੱਕ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ ਅੰਦਰ ਵਾਲੀ ਵਿਸ਼ੈਲੀ ਸੋਚ ਹੀ ਸਹੀ ਲੱਗਣ ਲੱਗ ਜਾਂਦੀ ਹੈ ਜਿਸਨੂੰ ਉਹ ਜ਼ਬਰਦਸਤੀ ਘਰ ਪਰਿਵਾਰ ਵਿੱਚ ਦੂਜਿਆਂ ਉੱਤੇ ਥੋਪਣ ਲੱਗਦਾ ਹੈ।ਇਹੋ ਜਿਹੇ ਮਨੁੱਖ ਇਹ ਭੁੱਲ ਜਾਂਦੇ ਹਨ ਕਿ ਜਿਹਨਾਂ ਉੱਪਰ ਉਹ ਆਪਣੀ ਸੋਚ ਥੋਪਣਾ ਚਾਹੁੰਦੇ ਹਨ ਉਹਨਾਂ ਦੀ ਵੀ ਆਪਣੀ ਨਿੱਜੀ ਸੋਚ ਹੁੰਦੀ ਹੈ,ਉਹ ਵੀ ਆਪਣੇ ਅੰਦਰ ਕਿੰਨੀਆਂ ਯੋਜਨਾਵਾਂ ਬਣਾਈ ਬੈਠਾ ਹੁੰਦਾ ਹੈ । ਬਸ ਛੋਟਾ ਜਿਹਾ ਤਕਰਾਰ ਕਿੰਨੀਆਂ ਜ਼ਿੰਦਗੀਆਂ ਤੇ ਭਾਰੂ ਪੈ ਜਾਂਦਾ ਹੈ।



ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਕੋਲ ਪਰਿਵਾਰ ਵਿੱਚ ਬੈਠ ਕੇ ਸਮਾਂ ਬਤੀਤ ਨਾ ਕਰਨ ਕਰਕੇ ਉਹ ਔਰਤਾਂ ਅਤੇ ਬੱਚਿਆਂ ਦੀਆਂ ਜ਼ਰੂਰਤਾਂ ਤੇ ਮੁਸ਼ਕਲਾਂ ਤੋਂ ਅਣਜਾਣ ਰਹਿੰਦਾ ਹੈ। ਪਰਿਵਾਰਕ ਮੈਂਬਰ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਸਮਾਂ ਨਹੀਂ ਦਿੰਦੇ। ਇੱਕ ਦੂਜੇ ਨਾਲ ਬੈਠ ਕੇ ਪਰਿਵਾਰਕ ਮਸਲੇ ਵਿਚਾਰੇ ਨਹੀਂ ਜਾਂਦੇ, ਉਹਨਾਂ ਨੂੰ ਹੱਲ ਕਰਨ ਲਈ ਬੈਠ ਕੇ ਵਿਚਾਰ ਚਰਚਾ ਕਰਨ ਲਈ ਸਮਾਂ ਨਹੀਂ ਦਿੱਤਾ ਜਾਂਦਾ,ਜਿਸ ਤੋਂ ਬਹੁਤੇ ਪਰਿਵਾਰਿਕ ਮੁਖੀ ਅਣਜਾਣ ਰਹਿੰਦੇ ਹਨ, ਉਹਨਾਂ ਅੰਦਰ ਪਰਿਵਾਰ ਪ੍ਰਤੀ ਪ੍ਰਬਲ ਭਾਵਨਾਵਾਂ ਉਤਪੰਨ ਨਹੀਂ ਹੁੰਦੀਆਂ ਜਿਸ ਕਰਕੇ ਛੋਟੀ ਜਿਹੀ ਮੁਸੀਬਤ ਆਉਣ ਤੇ ਜਾਂ ਤੰਗੀ ਆਉਣ ਤੇ ਜਾਂ ਫਿਰ ਕੋਈ ਹੋਰ ਦੁੱਖ ਤਕਲੀਫ ਆਉਣ ਤੇ ਆਪਸ ਵਿੱਚ ਹੀ ਵਿਚਾਰਕ ਮਤਭੇਦ ਪੈਦਾ ਹੋ ਕੇ ਆਪਸੀ ਅਸਹਿਮਤੀ ਤੇ ਅਸਹਿਯੋਗ ਪੈਦਾ ਹੁੰਦਾ ਹੈ। ਇਸ ਨਾਲ ਉਸ ਅੰਦਰ ਸਹਿਣਸ਼ੀਲਤਾ ਦੀ ਕਮੀ ਆਉਣ ਕਰਕੇ ਕ੍ਰੋਧ ਵਧਣ ਲੱਗਦਾ ਹੈ। ਕਈ ਵਾਰ ਉਹੀ ਕ੍ਰੋਧ ਚੰਡਾਲ ਦਾ ਰੂਪ ਧਾਰਨ ਕਰ ਕੇ ਆਪਣੇ ਹੀ ਪਰਿਵਾਰ ਲਈ ਨੁਕਸਾਨਦੇਹ ਬਣ ਜਾਂਦਾ ਹੈ।


ਅੱਜ ਦਾ ਮਨੁੱਖ ਆਪਣੀ ਅਤੇ ਆਪਣੇ ਪਰਿਵਾਰ ਦੀ ਖੁਸ਼ੀ ਨੂੰ ਆਪਸ ਵਿੱਚ ਖੁੱਲ੍ਹ ਕੇ ਮਨਾਉਣ ਦੀ ਥਾਂ ਦੂਜਿਆਂ ਨੂੰ ਦਿਖਾਵੇ ਲਈ ਢੌਂਗ ਕਰਦਾ ਵੱਧ ਨਜ਼ਰ ਆਉਂਦਾ ਹੈ। ਅੱਜ ਦੀ ਜ਼ਿੰਦਗੀ ਵਿੱਚ ਰੰਗੀਨ ਮੌਕਿਆਂ ਨੂੰ ਵਧਾਉਣਾ ਮਨੁੱਖ ਲਈ ਉਸ ਦੇ ਪਰਿਵਾਰ ਦੀ ਖੁਸ਼ੀ ਨਾਲੋਂ ਵੱਧ ਦੂਜਿਆਂ ਦੀ ਨਕਲ ਕਰਨਾ ਜਾਂ ਦਿਖਾਵਾ ਕਰਨ ਦਾ ਰਿਵਾਜ਼ ਬਣ ਗਿਆ ਹੈ ਜਿਸ ਨਾਲ ਉਹ ਵੱਡੇ ਵੱਡੇ ਕਰਜ਼ਿਆਂ ਦੇ ਬੋਝ ਥੱਲੇ ਦੱਬਿਆ ਹਰ ਸਮੇਂ ਮਾਨਸਿਕ ਤਣਾਓ ਵਿੱਚ ਅੰਦਰੋਂ ਅੰਦਰ ਖ਼ਤਮ ਹੋ ਰਿਹਾ ਹੁੰਦਾ ਹੈ।ਉਹੀ ਪ੍ਰੇਸ਼ਾਨੀ ਉਸ ਅੰਦਰ ਕ੍ਰੋਧ ਅਤੇ ਖਿੱਝੂਪਣ ਪੈਦਾ ਕਰਕੇ ਘਰ ਵਿੱਚ ਤਣਾਅ ਪੂਰਨ ਸਥਿਤੀ ਉਤਪੰਨ ਕਰਦੀ ਹੈ। ਇਸ ਨਾਲ ਸਾਰੇ ਪਰਿਵਾਰ ਵਿੱਚ ਅਸੰਜਮਤਾ ਅਤੇ ਅਸਹਿਣਸ਼ੀਲਤਾ ਪੈਦਾ ਹੋਣ ਕਰਕੇ ਪਰਿਵਾਰ ਵਿੱਚ ਘਰੇਲੂ ਹਿੰਸਾ ਦਾ ਵਾਤਾਵਰਨ ਸਿਰਜਿਆ ਜਾਂਦਾ ਹੈ। ਸਾਡੇ ਸਮਾਜ ਵਿੱਚ ਹਸਦੇ ਵਸਦੇ ਪਰਿਵਾਰਾਂ ਨੂੰ ਘੁਣ ਵਾਂਗ ਲੱਗੀ ਘਰੇਲੂ ਹਿੰਸਾ ਦੀ ਬੀਮਾਰੀ ਤੋਂ ਬਚਣ ਲਈ ਸਹਿਣਸ਼ੀਲਤਾ, ਆਪਸੀ ਵਿਚਾਰਕ ਸਾਂਝ, ਸਹਿਯੋਗ ਦੇ ਨਾਲ ਨਾਲ ਸਦਾਚਾਰਕ ਕਦਰਾਂ ਕੀਮਤਾਂ ਦੇ ਧਾਰਨੀ ਬਣਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।ਜੇ ਜ਼ਿੰਦਗੀ ਦਾ ਸਹੀ ਅਨੰਦ ਮਾਨਣਾ ਚਾਹੁੰਦੇ ਹੋ ਤਾਂ ਸਦਾਚਾਰਕ ਜੀਵਨ ਜੀਊਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਵੱਡਾ ਅਨੰਦ ਹੋਰ ਕੋਈ ਨਹੀਂ ਹੋ ਸਕਦਾ।



# ਸਿਹਤ ਸੰਸਾਰ

## ਕਮਾਲ ਹਨ ਆਂਤਾਂ ਦੀਆਂ ਕਰਾਮਾਤਾਂ

ਮਨੋਵਿਗਿਆਨੀ ਇਸ ਨੁਕਤੇ 'ਤੇ ਸਹਿਮਤ ਹਨ ਕਿ ਸਾਡੀਆਂ ਆਂਤਾਂ ਸਾਡਾ ਛੋਟਾ ਦਿਮਾਗ ਹਨ ਤੇ ਸਾਡੇ ਸਿਰ ਵਿਚਲਾ ਦਿਮਾਗ ਸਾਡਾ ਵੱਡਾ ਦਿਮਾਗ ਹੈ। ਦੋਵਾਂ ਦਿਮਾਗਾਂ ਦੇ ਤਾਲਮੇਲ ਨਾਲ ਹੀ ਸਾਡੀ ਜ਼ਿੰਦਗੀ ਖ਼ੁਸੀ ਤੇ ਖ਼ੁਸ਼ਹਾਲੀ ਨਾਲ ਬੀਤ ਸਕਦੀ ਹੈ। ਅਲਰਜੀ ਵਾਲਾ ਭੋਜਨ ਹੋਵੇ ਤਾਂ ਦਿਮਾਗ ਉਸੇ ਵਕਤ ਹੀ ਉਸ ਤਰ੍ਹਾਂ ਦੀ ਪ੍ਰਤੀਕਿਰਿਆ ਕਰਦਾ ਹੈ ਤੇ ਸਿਹਤਮੰਦ ਭੋਜਨ ਹੋਵੇ ਤਾਂ ਤਨ, ਮਨ ਵਿਚ ਖ਼ੁਸ਼ੀ ਤੇ ਚੰਗੇ ਖਿਆਲਾਂ ਦੀਆਂ ਤਰੰਗਾਂ ਚਲਣ ਲੱਗ ਪੈਂਦੀਆਂ ਹਨ। ਅੱਜ ਜਿਧਰ ਵੀ ਵੇਖੋ ਲੋਕ ਸਵਾਦ ਵਾਲੀਆਂ ਚੀਜ਼ਾਂ ਖਾਂਦੇ ਹਨ। ਨਾ ਕਿ ਉਹ ਚੀਜ਼ ਜਿਹੜੀਆਂ ਕਿ ਉਨ੍ਹਾਂ ਨੂੰ ਅਸਲ ਵਿਚ ਸਰੀਰਕ ਤੇ ਮਾਨਸਿਕ ਬਲ ਦਿੰਦੀ ਹੋਵੇ। ਨਤੀਜਾ ਇਹ ਹੁੰਦਾ ਹੈ ਕਿ ਸਾਡਾ ਸਰੀਰ ਦਿਨ-ਬਦਿਨ ਅਜਿਹੀਆਂ ਹੀ ਸੁਆਦਲੀਆਂ ਚੀਜ਼ਾਂ ਨੂੰ ਖਾਣ ਦਾ ਆਦੀ ਬਣ ਜਾਂਦਾ ਹੈ ਤੇ ਫਿਰ ਇਨਸਾਨ ਇਨ੍ਹਾਂ ਹੀ ਚੀਜ਼ਾਂ ਨੂੰ ਖਾਧੇ ਬਗੈਰ ਰਹਿ ਹੀ ਨਹੀਂ ਸਕਦਾ। ਨਸ਼ੇ ਵੀ ਇਨਸਾਨ ਨੂੰ ਇਵੇਂ ਹੀ ਲਗਦੇ ਹਨ ਤੇ ਉਸ ਦਾ ਸਰੀਰ ਨਾਕਾਰਾ ਕਰ ਕੇ ਰੱਖ ਦਿੰਦੇ ਹਨ। ਅਸਲ ਵਿਚ ਅਜਿਹੀਆਂ ਆਦਤਾਂ ਦਾ ਬੀਜ ਇਨਸਾਨ ਦੀਆਂ ਆਂਤਾਂ ਵਿਚ ਬੀਜਿਆ ਜਾਂਦਾ ਹੈ। ਆਮ ਲੋਕਾਂ ਨੂੰ ਇਸ ਚੀਜ਼ ਦਾ ਗਿਆਨ ਨਹੀਂ ਹੁੰਦਾ ਕਿ ਸਾਡੀਆਂ ਆਂਤਾਂ ਅਸਲ ਵਿਚ ਸਾਡੇ ਦਿਮਾਗ ਨਾਲ ਹਰ ਵਕਤ ਤਾਲਮੇਲ ਵਿਚ ਰਹਿੰਦੀਆਂ ਹਨ। ਇਸੇ ਕਾਰਨ ਅੱਜ ਵਿਗਿਆਨ ਤੇ ਮਨੋਵਿਗਿਆਨ ਨੇ ਸਾਬਤ ਕਰ ਦਿੱਤਾ ਹੈ ਕੇ ਜੇਕਰ ਸਾਡੀਆਂ ਆਂਤਾਂ ਸਿਹਤਮੰਦ ਹਨ ਤਾਂ ਸਾਡਾ ਦਿਮਾਗ ਵੀ ਮਜ਼ਬੂਤ ਹੋਵੇਗਾ, ਡਿਪ੍ਰੈਸ਼ਨ ਰੋਗ ਜੋ ਕਿ ਸਾਡੀਆਂ ਭਾਵਨਾਵਾਂ ਤੋਂ ਪੈਦਾ ਹੁੰਦਾ ਹੈ ਅਸਲ ਵਿਚ ਆਂਤਾਂ ਦੀ ਖ਼ਰਾਬੀ ਦੇ ਕਾਰਨ ਹੀ ਹੁੰਦਾ ਹੈ, ਕਿਉਂਕਿ ਖ਼ਰਾਬ ਆਂਤਾਂ ਕਾਰਨ




ਸਾਡੇ ਅੰਦਰ ਘਟੀਆ ਤੇ ਨਿਰਾਸ਼ਾਜਨਕ ਭਾਵਨਾਵਾਂ ਪੈਦਾ ਹੁੰਦੀਆਂ ਹਨ ਜੋ ਕਿ ਅਸਲ ਵਿਚ ਡਿਪ੍ਰੈਸ਼ਨ ਦਾ ਕਾਰਨ ਬਣਦੀਆਂ ਹਨ। ਸਾਡੇ ਖਾਣ-ਪੀਣ ਦੀਆਂ ਗ਼ਲਤ ਆਦਤਾਂ ਕਾਰਨ ਹੀ ਸਾਡੀ ਅੱਜ ਦੀ ਪੀੜ੍ਹੀ ਦੇ ਨੌਜਵਾਨਾਂ ਦੀ ਸਿਹਤ ਵਿਗੜਦੀ ਜਾਂਦੀ ਹੈ। ਬੱਚੇ ਨਾ ਤਾਂ ਮਾਪਿਆਂ ਦੀ ਗੱਲ ਮੰਨਦੇ ਹਨ ਤੇ ਨਾ ਹੋਰ ਸਿਆਣਿਆਂ ਦੀ। ਬਸ ਤਰ੍ਹਾਂ-ਤਰ੍ਹਾਂ ਦੇ ਸੁਆਦੀ ਪਕਵਾਨ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ ਤੇ ਉਹ ਮਾਪਿਆਂ ਦੇ ਪੈਸੇ ਸਿਰਫ਼ ਖਾਣ-ਪੀਣ 'ਤੇ ਹੀ ਨਹੀਂ, ਸਗੋਂ ਵਿਗੜੀ ਸਿਹਤ ਦੇ ਇਲਾਜ ਉਤੇ ਵੀ ਬਰਬਾਦ ਕਰਦੇ ਹਨ। ਉਹ ਇਸ ਗੱਲ ਨੂੰ ਮੰਨਣ ਵਾਸਤੇ ਤਿਆਰ ਹੀ ਨਹੀਂ ਹੁੰਦੇ ਕਿ ਅਜਿਹਾ ਭੋਜਨ ਜੋ ਕਿ ਆਂਤਾਂ ਵਿਚ ਜਾ ਕੇ ਉਨ੍ਹਾਂ ਦੀ ਸਰੀਰਕ ਤੇ ਦਿਮਾਗੀ ਸਿਹਤ ਨੂੰ ਵਿਗਾੜ ਦਿੰਦਾ ਹੈ, ਨਹੀਂ ਕਰਨਾ ਚਾਹੀਦਾ ਹੈ। ਮੁਕਦੀ ਗੱਲ ਇਹ ਹੈ ਕਿ ਸਾਡੀਆਂ ਆਂਤਾਂ ਵਿਚ ਮਾਈਕ੍ਰੋਬਜ਼ ਹੁੰਦੇ ਹਨ ਜੋ ਕਿ ਉਨ੍ਹਾਂ ਦੀ ਸਿਹਤ ਲਈ ਜ਼ਰੂਰ ਹੁੰਦੇ ਹਨ। ਚੰਗਾ ਭੋਜਨ ਕਰਨ ਨਾਲ ਮਾਈਕ੍ਰੋਬਜ਼ ਦੀ ਗਿਣਤੀ ਵਧ ਜਾਂਦੀ ਹੈ ਤੇ ਸਾਡੀ ਸਿਹਤ ਹੋਰ ਦੀ ਹੋਰ ਵਧੀਆ ਤੇ ਤੰਦਰੁਸਤ ਹੋ ਜਾਂਦੀ ਹੈ। ਪਰ ਮਾੜਾ ਤੇ ਘਟੀਆ ਭੋਜਨ ਕਰਨ ਨਾਲ ਅਜਿਹੇ ਮਾਈਕ੍ਰੋਬਜ਼ ਦੀ ਗਿਣਤੀ ਘਟਣ ਕਾਰਨ ਸਾਨੂੰ ਕਬਜ਼ ਤੇ ਹੋਰ ਬਿਮਾਰੀਆਂ ਲੈ ਬਹਿੰਦੀਆਂ ਹਨ ਤੇ ਸਾਡੇ ਦਿਮਾਗ ਦੀ ਸ਼ਕਤੀ ਦਿਨ-ਬਦਿਨ ਘਟਦੀ ਹੀ ਜਾਂਦੀ ਹੈ। ਭਾਰਤ ਦੇ ਪ੍ਰਸਿੱਧ ਮਹਾਂਰਿਸ਼ੀ ਪਤੰਜਲੀ ਨੇ ਇਸੇ ਵਾਸਤੇ ਕਪਾਲਭਾਤੀ ਵਰਗੇ ਯੋਗ ਨੂੰ ਸਿਖਾਉਣਾ ਸ਼ੁਰੂ ਕੀਤਾ ਸੀ। ਇਸ ਦੇ ਅਭਿਆਸ ਨਾਲ ਸਾਡੀਆਂ ਆਂਤਾਂ ਅੰਦਰੋਂ ਕਾਰਬਨ ਡਾਈਆਕਸਾਈਡ ਵਰਗੀ ਨੁਕਸਾਨਦੇਹ ਗੈਸ ਬਾਹਰ ਚਲੀ ਜਾਂਦੀ ਹੈ ਤੇ ਸਾਡਾ ਕਪਾਲ ਯਾਨੀ ਦਿਮਾਗ ਵੀ ਦਰੁਸਤ ਹੋਣਾ ਸ਼ੁਰੂ ਜਾਂਦਾ ਹੈ। ਪੁਰਾਣੇ ਲੋਕ ਖੇਤਾਂ ਵਿਚ ਕੰਮ ਕਰਦੇ ਰਹਿੰਦੇ ਸਨ ਜਾਂ ਅੱਜ ਦੇ ਉਹ ਲੋਕ ਜਿਹੜੇ ਕਿ ਸੈਰ ਨੂੰ ਕਦੀ ਵੀ ਅਣਗੌਲਿਆ ਨਹੀਂ ਕਰਦੇ, ਉਨ੍ਹਾਂ ਦਾ ਦਿਮਾਗ ਤੇ ਸਰੀਰ ਤੰਦਰੁਸਤ ਰਹਿੰਦਾ ਹੈ।

-ਪ੍ਰੋ. ਡੀ. ਸੀ. ਸ਼ਰਮਾ

## ਦਿਮਾਗ਼ ਦੀ ਤੰਦਰੁਸਤੀ ਲਈ ਬਚੋ ਇਨ੍ਹਾਂ ਗ਼ਲਤੀਆਂ ਤੋਂ

ਪੌਸ਼ਟਿਕ ਖ਼ੁਰਾਕ, ਸਾਦਾ ਖਾਣਾ ਅਤੇ ਸੰਤੁਲਿਤ ਖ਼ੁਰਾਕ ਦੇ ਸਿਧਾਂਤ ਨੂੰ ਨਜ਼ਰਅੰਦਾਜ਼ ਨਾ ਕਰੋ।

ਸਰੀਰਕ ਕਸਰਤ ਤੋਂ ਦੂਰੀ ਨਾ ਬਣਾਓ। ਸਰੀਰਕ ਕਸਰਤ ਸਰੀਰ ਅਤੇ ਦਿਮਾਗ ਦੋਵਾਂ ਲਈ ਬਹੁਤ ਜ਼ਰੂਰੀ ਹੈ। ਸਾਨੂੰ ਤੰਦਰੁਸਤ ਰਹਿਣ ਲਈ ਹਰ ਰੋਜ਼ 30 ਮਿੰਟ ਦੀ ਕਸਰਤ ਕਰਨੀ ਚਾਹੀਦੀ ਹੈ। ਹਰ ਰੋਜ਼ ਕਸਰਤ ਦਿਮਾਗ ਦੀ ਹਰੇਕ ਘਾਟ ਨੂੰ ਪੂਰਾ ਕਰਨ 'ਚ ਮਦਦ ਕਰਦੀ ਹੈ। ਡਾਕਟਰ ਕੋਲ ਜਾਣ ਲਈ ਲਾਪ੍ਰਵਾਹੀ ਨਹੀਂ ਕਰਨੀ ਚਾਹੀਦੀ। ਚੱਕਰ ਆਉਣੇ, ਘਬਰਾਹਟ, ਹੱਥ-ਪੈਰ ਸੁੰਨ ਹੋਣੇ, ਲਗਾਤਾਰ ਸਿਰ ਦਰਦ ਰਹਿਣਾ ਆਦਿ ਸਮੱਸਿਆਵਾਂ ਨੂੰ ਕਦੀ ਵੀ ਨਜ਼ਰਅੰਦਾਜ਼ ਨਾ ਕਰਦੇ ਹੋਏ ਡਾਕਟਰ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰੋ।


ਸਮਾਜਿਕ ਤੌਰ 'ਤੇ ਸਰਗਰਮ ਰਹੋ। ਇਹ ਸਮੱਸਿਆ ਵੱਡੇ ਸ਼ਹਿਰਾਂ ਵਿਚ ਬਹੁਤ ਹੈ। ਇਥੇ ਲੋਕਾਂ 'ਚ ਸਮੇਂ ਦੀ ਘਾਟ ਕਾਰਨ ਲੋਕਾਂ ਦਾ ਸਕੇ-ਸੰਬੰਧੀਆਂ ਜਾਂ ਦੋਸਤਾਂ ਨੂੰ ਮਿਲਣਾ-ਜੁਲਣਾ ਬਹੁਤ ਘੱਟ ਹੁੰਦਾ ਹੈ। ਬਹੁਤੀਆਂ ਸਮੱਸਿਆਵਾਂ ਦਾ ਹਲ ਤਾਂ ਆਪਸ ਵਿਚ ਸਲਾਹ-ਮਸ਼ਵਰਾ ਕਰਕੇ ਹੀ ਦੂਰ ਹੋ ਜਾਂਦਾ ਹੈ।

6 ਤੋਂ 8 ਘੰਟੇ ਦੀ ਨੀਂਦ ਨਾ ਲੈਣ ਨਾਲ ਵੀ ਦਿਮਾਗ਼ ਬਿਮਾਰ ਹੋ ਸਕਦਾ ਹੈ। ਰਾਤ ਸਮੇਂ ਡਿਊਟੀ ਤੋਂ ਬਚ ਕੇ ਰਹੋ, ਸਮੇਂ ਸਿਰ ਨੀਂਦ ਲਓ।

ਜੀਵਨ 'ਚ ਤਣਾਅ ਤਾਂ ਬਹੁਤ ਹਨ। ਦਫ਼ਤਰ ਸੰਬੰਧੀ, ਪਰਿਵਾਰ ਸੰਬੰਧੀ ਅਤੇ ਹੋਰ ਕਈ ਕਾਰਨ ਹਨ ਤਣਾਅ ਦੇ। ਤਣਾਅ ਹਰ ਦਿਨ ਵਧਦੇ ਹੀ ਜਾਂਦੇ ਹਨ, ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਕਿਸੇ ਭਰੋਸੇਯੋਗ ਦੋਸਤ-ਮਿੱਤਰ ਜਾਂ ਸੰਬੰਧੀ ਨਾਲ ਗੱਲਬਾਤ ਜ਼ਰੂਰ ਕਰਨੀ ਚਾਹੀਦੀ ਹੈ। ਹਰ ਰੋਜ਼ ਕਸਰਤ, ਧਿਆਨ ਕਰ ਵੀ ਅਸੀਂ ਆਪਣੇ ਦਿਮਾਗ ਨੂੰ ਥਕਾਵਟ ਤੋਂ ਬਚਾਅ ਸਕਦੇ ਹਾਂ। ਅੱਜ ਵੱਡੇ ਸ਼ਹਿਰਾਂ 'ਚ ਆਪਸੀ ਸੰਬੰਧਾਂ 'ਚ ਅਵਿਸ਼ਵਾਸੀ ਵੀ ਤਣਾਅ ਦਾ ਬਹੁਤ ਵੱਡਾ ਕਾਰਨ ਹੈ। ਸੰਬੰਧਾਂ 'ਚ ਵਿਸ਼ਵਾਸ ਬਣਾ ਕੇ ਰੱਖੋ।



## "ਸਿਹਤ ਤੁਹਾਡੇ ਆਪਣੇ ਹੱਥਾਂ ਵਿੱਚ ਹੈ"



ਲਿਖਤ
ਅਨਿਲ ਧੀਰ
647.853.5800

"ਬਿਮਾਰੀਆਂ ਲਈ ਜਿੰਮੇਵਾਰ ਕੁਦਰਤ ਦੇ ਨਾਲ-ਨਾਲ ਇਨਸਾਨ ਖ਼ੁੱਦ ਵੀ ਹੈ। 85% ਅਣ-ਹੈਲਦੀ ਖਾਣਪਾਣ ਦੁਨੀਆ ਨੂੰ ਰੋਗੀ ਬਣਾ ਰਿਹਾ ਹੈ"- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ

ਵਿਸ਼ਵ ਸਿਹਤ ਦਿਵਸ 7 ਅਪ੍ਰੈਲ 2023, ਦੁਨੀਆ ਭਰ ਵਿੱਚ ਥੀਮ " ਇੱਕ ਨਿਰਪੱਖ, ਸਿਹਤਮੰਦ ਸੰਸਾਰ ਦਾ ਨਿਰਮਾਣ ਹੈ, ਜੋ ਸਿਹਤ ਅਸਮਾਨਤਾਵਾਂ ਨੂੰ ਦੂਰ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਕਿ ਹਰ ਕਿਸੇ ਦੀ ਗੁਣਵੱਤਾ ਸਿਹਤ ਸੇਵਾਵਾਂ ਤੱਕ ਪਹੁੰਚ ਹੈ" ਵਿਸ਼ਵ ਸਿਹਤ ਦਿਵਸ 1948 ਵਿੱਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰੇਗੰਢ ਦੀ ਯਾਦ ਵਿੱਚ ਹਰ ਸਾਲ 7 ਅਪ੍ਰੈਲ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟ੍ਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ, ਜਿਸ ਨਾਲ ਕਮਿਊਨੀਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਅਵੇਅਰ ਕੀਤਾ ਜਾਂਦਾ ਹੈ। ਦੁਨੀਆ ਭਰ ਵਿਚ ਮੌਸਮ ਮੁਤਾਬਿਕ ਆਉਟਡੋਰ ਐਕਟੀਵਿਟੀ ਹਾਈਕਿੰਗ, ਸਾਈਕਲਿੰਗ ਅਤੇ ਤੇਜ਼ ਰਨਿੰਗ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ।

ਵਿਸ਼ਵ ਭਰ ਵਿਚ ਮਹਾਂਮਾਰੀ ਕੋਵਿਡ-19, ਸਮੇਤ ਕਈ ਵੇਰੀਐਂਟਸ ਇੱਕ ਚੈਲੇਂਜ਼ ਦੇ ਤੌਰ 'ਤੇ ਸਾਹਮਣੇ ਆਏ ਹਨ। ਕੀ ਅਸੀਂ ਅਜਿਹੀ ਦੁਨੀਆ ਦੀ ਮੁੜ ਕਲਪਨਾ ਕਰ ਸਕਦੇ ਹਾਂ ਜਿੱਥੇ ਸਾਫ ਹਵਾ, ਸਾਫ ਭੋਜਨ ਸਾਰਿਆਂ ਲਈ ਉਪਲਵਧ ਹੋਵੇ? ਸਾਰਿਆਂ ਦੀ ਸਿਹਤ ਮੁਮਕਿਨ ਹੈ ਜੇ ਹਰ ਆਦਮੀ ਨੂੰ ਖਾਣ-ਪੀਣ ਲਈ ਬਿਨਾ ਮਿਲਾਵਟ ਖ਼ੁਰਾਕ, ਸਾਫ ਪਾਣੀ ਅਤੇ ਸਾਹ ਲੈਣ ਲਈ ਪ੍ਰਦੂਸ਼ਨ ਰਹਿਤ ਹਵਾ ਮਿਲੇ। ਵਿਸ਼ਵ ਭਰ ਵਿੱਚ ਕਈ ਮਿਲੀਅਨ ਲੋਕ ਜਾਣੇ-ਪਛਾਣੇ ਪਰਹੇਜ਼ਯੋਗ ਵਾਤਾਵਰਣ ਦੇ ਖਤਰੇ ਕਰਕੇ ਅਚਾਨਕ ਮੌਤਾਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਅਮਰੀਕਾ ਵਿੱਚ ਵਾਤਾਵਰਣ ਸੁਰੱਖਿਆ, ਆਰਥਿਕ ਵਿਕਾਸ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਹੋਣ ਨਾਲ ਲੋਕਾਂ ਦੀ ਸਿਹਤ ਵਿੱਚ ਸੁਧਾਰ ਹੋਇਆ ਹੈ।

### ਆਪਣਾ ਖਿਆਲ ਰੱਖੋ :

- ਲੰਬੀ ਜ਼ਿੰਦਗੀ ਜੀਉਣ ਲਈ, ਸਰੀਰਕ-ਮਾਨਸਿਕ ਬਿਮਾਰੀਆਂ ਦੇ ਜੋਖਮ ਨੂੰ ਘਟਾਉਣ ਲਈ ਦੁਨੀਆ ਦੇ ਹਰ ਆਦਮੀ ਨੂੰ ਆਪਣੇ ਲਾਈਫ ਸਟਾਇਲ ਵਿਚ ਤਬਦੀਲ਼ੀ ਕਰਨ ਦੀ ਲੋੜ ਹੈ।
- ਪ੍ਰਦੂਸ਼ਨ ਕਾਰਨ ਮਿੱਟੀ-ਘੱਟੇ ਨਾਲ ਵੱਧ ਰਹੀ ਸਾਹ, ਅੱਖਾਂ,'ਤੇ ਚਮੜੀ ਦੇ ਰੋਗ ਲਗਾਤਾਰ ਵੱਧ ਰਹੇ ਹਨ। ਘਰ ਤੋਂ ਬਾਹਰ ਸਾਹ ਰੋਗ ਤੋਂ ਬਚਣ ਲਈ ਹਮੇਸ਼ਾ ਮਾਸਕ ਵਰਤੋ। ਅੱਖਾਂ ਲਈ ਚੰਗੇ ਸਨ-ਗਲਾਸ ਇਸਤੇਮਾਲ ਕਰੋ।
- ਦੂਸ਼ਿਤ ਪਾਣੀ ਦੇ ਰੋਗਾਂ ਤੋਂ ਬਚਾਅ ਲਈ ਘਰ ਵਿੱਚ ਤਾਜ਼ਾ ਪੁਦੀਨਾ, 1 ਪਤੀਲਾ ਪਾਣੀ ਉਬਾਲੋ, ਅੱਧਾ ਰਹਿ ਜਾਣ 'ਤੇ ਦਿਨ ਭਰ ਪੀਂਦੇ ਰਹੋ। ਡੇਲੀ ਤਾਜ਼ਾ ਪੁਦੀਨਾ-ਪਾਣੀ ਬਣਾਓ।
- 2-4 ਘੰਟੇ ਘਰ ਤੋਂ ਬਾਹਰ ਰਹਿਣ ਵਾਲੇ ਸੌਣ ਤੋਂ ਪਹਿਲਾਂ ਗਰਮ ਪਾਣੀ ਦੁਆਰਾ ਸਟੀਮ ਜਰੂਰ ਲਵੋ। ਇਸ ਨਾਲ ਨਥੁਨੇਂ ਖੁੱਲ ਜਾਣ ਨਾਲ ਚੰਗੀ ਨੀਂਦ ਆਵੇਗੀ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੌਜਾਨਾਂ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ।ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿਨਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜਾਨਾਂ 8-10 ਗਿਲਾਸ ਪੀਓ ਅਤੇ ਕੰਮ ਦੋਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ।ਵੱਧ ਕੋਲੋਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈਡ ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਓਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ ਤੇ ਬੈਡ ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।
- ਆਪਣੇ ਕੰਮ-ਕਾਜ ਦੇ ਰੂਟੀਨ ਮੁਤਾਬਿਕ ਰੋਜ਼ਾਨਾਂ ਵਰਕ-ਆਉਟ, ਤੇਜ਼ ਸੈਰ, ਜਾਗਿੰਗ, ਯੋਗਾ ਅਤੇ ਮੇਡੀਟੇਸ਼ਨ ਕਰਨ ਦੀ ਆਦਤ ਪਾ ਲਵੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਭੁੱਖ ਲਗਣ ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ।ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਭਗਤ ਧੰਨਾ ਜੀ ਦਾ, ਜਨਮ ਦਿਹਾੜਾ ਗਿਆਨੀ ਦਿੱਤ ਸਿੰਘ ਜੀ ਅਤੇ ਪ੍ਰਕਾਸ਼ ਦਿਹਾੜਾ ਭਗਤ ਫਰੀਦ ਜੀ ਦਾ ਮਨਾਇਆ ਜਾਵੇਗਾ ਅਤੇ 4 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ;

1. **ਨਗਰ ਲੱਲੀਅ ਖੁਰਦ ਜ਼ਿਲ੍ਹਾ ਜਲੰਧਰ ਦੀ ਸੰਗਤ ਵਲੋਂ**
2. **ਭਾਈ ਗੁਰਪ੍ਰੀਤ ਸਿੰਘ ਗਿੱਲ ਪਰਿਵਾਰ ਵਲੋਂ**
3. **ਬੀਬੀ ਰਾਜਵੰਤ ਕੌਰ ਪੰਡਾ ਪਰਿਵਾਰ ਵਲੋਂ**
4. **ਭਾਈ ਬਲਵੀਰ ਸਿੰਘ ਰਾਏ ਪਰਿਵਾਰ ਵਲੋਂ**

- ਇਸ ਅਖੰਡਪਾਠ ਦਿਨ ਸ਼ੁੱਕਰਵਾਰ 25 ਅਪ੍ਰੈਲ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- **ਸ਼ਾਮ ਨੂੰ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਦਰਸ਼ਨ ਸਿੰਘ ਪਰਿਵਾਰ ਵਲੋਂ ਹੋਵੇਗੀ।**
- ਸ਼ਨਿੱਚਰਵਾਰ 26 ਅਪ੍ਰੈਲ ਨੂੰ ਅਨੰਦਕਾਰਜ ਬੱਚੀ ਤਰਨਦੀਪ ਕੌਰ ਅਤੇ ਬੱਚਾ ਸੁਖਪ੍ਰੀਤ ਸਿੰਘ ਦਾ ਹੋਵੇਗਾ।
- ਸ਼ਾਮ 2 ਵਜੇ ਸਹਿਜਪਾਠ ਦੇ ਭੋਗ ਸਵ: ਹਰਦਰਸ਼ਨ ਸਿੰਘ ਨਾਰਲੀ ਦੀ ਯਾਦ ਵਿੱਚ ਪਰਿਵਾਰ ਵਲੋਂ ਪਾਏ ਜਾਣਗੇ ਉਪਰੰਤ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।
- **ਸ਼ਾਮ ਨੂੰ ਦੋ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ:**
- **1.ਭਾਈ ਗੁਰਮੀਤ ਸਿੰਘ ਅਤੇ ਬੀਬੀ ਕੁਲਵਿੰਦਰ ਕੌਰ ਅਟਵਾਲ ਪਰਿਵਾਰ ਵਲੋਂ**
- **2.ਭਾਈ ਗੁਰਜਿੰਦਰ ਸਿੰਘ ਸੰਧਰ ਪਰਿਵਾਰ ਵਲੋਂ ਬੱਚੀ ਦੇ ਜਨਮ ਦੀ ਖੁਸ਼ੀ ਵਿੱਚ**
- ਐਤਵਾਰ 27 ਅਪ੍ਰੈਲ ਨੂੰ ਸਵੇਰ ਵੇਲੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਭੁਪਿੰਦਰ ਸਿੰਘ ਪਰਿਵਾਰ ਵਲੋਂ ਹੋਵੇਗੀ।
- ਅੰਤਮ ਸਸਕਾਰ ਸਵ: ਬੀਬੀ ਗੁਰਮੇਲ ਕੌਰ ਸਾਧਰਾ ਦਾ 11:00 ਵਜੇ ਰਿਵਰ ਸਾਈਡ ਤੇ ਹੋਵੇਗਾ। ਉਪਰੰਤ ਭੋਗ 12:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸਸਕਾਰ ਸਵ: ਬੀਬੀ ਹਰਜਿੰਦਰ ਕੌਰ ਰਾਏ ਦਾ ਰਿਵਰ ਸਾਈਡ ਡੈਲਟਾ ਵਿਖੇ 12:30 ਵਜੇ ਹੋਵੇਗਾ ਉਪਰੰਤ ਭੋਗ ਅਤੇ ਅੰਤਮ ਅਰਦਾਸ 2:00 ਵਜੇ ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਹੋਵੇਗੀ।
- **ਸ਼ਾਮ ਨੂੰ ਤਿੰਨ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ**

1. **ਭਾਈ ਜਪਨੀਤ ਸਿੰਘ ਪਰਿਵਾਰ ਵਲੋਂ**
2. **ਭਾਈ ਜਸਵਿੰਦਰ ਸਿੰਘ ਸ਼ੌਕਰ ਪਰਿਵਾਰ ਵਲੋਂ**
3. **ਬੀਬੀ ਸਰਬਜੀਤ ਕੌਰ ਪਰਿਵਾਰ ਵਲੋਂ**

- ਸੋਮਵਾਰ ਅਪ੍ਰੈਲ 28 ਅੰਤਮ ਸਸਕਾਰ ਰਿਵਰ ਸਾਈਡ ਡੈਲਟਾ ਵਿਖੇ ਸਵ: ਬੀਬੀ ਪਲਵਿੰਦਰ ਕੌਰ ਉਪਲ ਦਾ 10:00 ਵਜੇ ਹੋਵੇਗਾ ਉਪਰੰਤ ਭੋਗ ਅਤੇ ਅੰਤਮ ਅਰਦਾਸ 11:30 ਵਜੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਵੇਗੀ।

**ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ**
**ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ**

**ਕਥਾਵਾਚਕ : ਭਾਈ ਨਿਸ਼ਾਨ ਸਿੰਘ**

**ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ**

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**



ਪ੍ਰਿੰ:ਹਰੀ ਕ੍ਰਿਸ਼ਨ ਮਾਇਰ
97806-67686

# ਹਵਾਈ ਜਹਾਜ਼ ਦੇ ਖੋਜੀ ਰਾਈਟ ਭਰਾ

ਰੌਚਕ ਜਾਣਕਾਰੀ



ਵਿਲਬਰ ਦਾ ਜਨਮ ਮਿਲਵਿਲੇ (ਇੰਡਿਆਨਾ) ਵਿਚ 16 ਅਪ੍ਰੈਲ 1867 ਨੂੰ ਹੋਇਆ ਸੀ। ਓਰਵਿਲੇ ਦਾ ਜਨਮ 19 ਅਗਸਤ 1871 ਨੂੰ ਡੇਅਟਨ (ਓਹਾਇਓ) ਵਿਚ ਹੋਇਆ। ਉਹ ਸੱਤ ਭੈਣ ਭਰਾ ਸਨ। ਉਹ ਦੋਵੇਂ ਹੋਰਾਂ ਨਾ਼ਲੋਂ ਛੋਟੇ ਸਨ। ਵਿਲਬਰ ਓਰਵਿਲੇ ਤੋਂ ਚਾਰ ਸਾਲ ਵੱਡਾ ਸੀ। ਦੋਹਾਂ ਭਰਾਵਾਂ ਦੀ ਰੁਚੀ ਬਚਪਨ ਤੋਂ ਹੀ ਨਵੀਆਂ ਖੋਜਾਂ ਖੋਜਣ ਵਿਚ ਸੀ। ਵਿਲਬਰ ਚਾਰ ਸਾਲ ਹਾਈ ਸਕੂਲ ਵਿਚ ਪੜ੍ਹਿਆ ਸੀ ਅਤੇ ਓਰਵਿਲੇ ਤਿੰਨ ਸਾਲ। ਉਨ੍ਹਾ ਦੀ ਦਿਲਚਸਪੀ ਉਦੋਂ ਉੱਡਦੀਆਂ ਚੀਜ਼ਾਂ ਵਿਚ ਹੋ ਗਈ, ਜਦੋਂ ਉਨ੍ਹਾ ਦਾ ਪਿਤਾ ਉਨ੍ਹਾ ਦੇ ਖੇਡਣ ਲਈ ਇਕ ਖਿਡੌਣਾ ਹੈਲੀਕਾਪਟਰ ਲੈ ਕੇ ਆਇਆ ਸੀ। ਇਹ ਖਿਡੌਣਾ ਫਰਾਂਸ ਦੇ ਖੋਜੀ ਐਲਫੋਨਸੇ ਪੇਨੌਡ ਦੀ ਖੋਜ ‘ਤੇ ਆਧਾਰਤ ਸੀ। ਇਕ ਫੁੱਟ ਦੇ ਕਰੀਬ ਲੰਬਾ,ਇਹ ਜਹਾਜ਼ ਖਿਡੌਣਾ ਕਾਗਜ਼, ਬਾਂਸ, ਕਾਰਕ ਸਮੇਤ ਰਬੜ ਬੈਂਡ (ਰੋਟਰ ਨੂੰ ਘੁਮਾਉਣ ਲਈ ) ਦਾ ਬਣਿਆਂ ਹੋਇਆ ਸੀ। ਦੋਵੇ ਭਰਾ ਉਸ ਖਿਡੌਣੇ ਨਾਲ ਉਦੋ ਤੱਕ ਖੇਡਦੇ ਰਹੇ ਜਦੋਂ ਤੱਕ ਇਹ ਟੁੱਟ ਨਹੀਂ ਗਿਆ। ਫੇਰ ਉਨ੍ਹਾਂ ਨੇ ਖ਼ੁਦ ਜਹਾਜ਼ ਖਿਡੌਣਾ ਤਿਆਰ ਕਰ ਲਿਆ। ਓਰਵਿਲੇ ਨੂੰ ਪਤੰਗ ਤਿਆਰ ਕਰਨ ਅਤੇ ਉਡਾਣ ਦਾ ਪਹਿਲਾਂ ਹੀ ਸ਼ੌਕ ਸੀ। ਓਰਵਿਲੇ ਨੇ ਦੁਨੀਆਂ ਦੀ ਪਹਿਲੀ ਉਡਾਣ ਉੱਤਰੀ ਕੈਰੋਲੀਨਾ ਦੇ ਕਿੱਟੀ ਹਾਅਕ ਸਥਾਨ ਤੋਂ 17 ਦਿਸੰਬਰ 1903 ਨੂੰ ਭਰੀ। ਕਿੱਟੀ ਹਾਅਕ ਸਥਾਨ ਦੀ ਚੋਣ ਕਰਨ ਪਿੱਛੇ ਇਹੀ ਕਾਰਨ ਸੀ ਕਿ ਉਸ ਥਾਂ ‘ਤੇ ਇਕ ਉੱਚੀ ਪਹਾੜੀ ਸੀ। ਉੱਥੇ ਮੱਠੀ ਮੱਠੀ ਹਵਾ ਰੁਮਕਦੀ ਸੀ। ਰੇਤੀਲੀ ਜਗ੍ਹਾ ਸੀ। ਇੱਥੇ ਸੰਕਟ ਸਮੇਂ ਜਹਾਜ਼ ਉਤਾਰਨਾ ਸੌਖਾ ਸੀ। ਪਹਿਲੀ ਉਡਾਣ ਵੇਲੇ ਜਹਾਜ਼ ਕੇਵਲ 12 ਸੈਕਿੰਡ ਹੀ ਉੱਡਿਆ। ਇਸ ਸਮੇਂ ਦੌਰਾਨ ਉਸ ਨੇ 120 ਫੁੱਟ ਦੀ ਦੂਰੀ ਤਹਿ ਕੀਤੀ। ਉਸ ਦਿਨ ਦੋਵੇਂ ਭਾਈਆਂ ਨੇ ਵਾਰੀ ਵਾਰੀ ਕਈ ਵਾਰੀ ਉਡਾਣਾਂ ਭਰੀਆਂ। ਥੋੜ੍ਹੀ ਲੰਬੀ ਦੂਰੀ ਵੀ ਉੱਡੇ। ਜਿਹੜਾ ਕਾਰਜ ਰਾਈਟ ਭਰਾਵਾਂ ਨੇ ਪੂਰਾ ਕਰ ਦਿਖਾਇਆ ਇਹ ਕੋਈ ਐਰਾ ਗੈਰਾ ਕੰਮ ਨਹੀਂ ਸੀ। ਫਿਰ ਉਹ ਸਾਲਾਂ ਵਧੀ ਗਲਾਈਡਰਾਂ, ਖੰਭਾ ਦੇ ਡਿਜ਼ਾਈਨ ਵਿਚ ਸੁਧਾਰ ਕਰਨ ਲਈ ਪ੍ਰਯੋਗ ਕਰਦੇ ਰਹੇ ਸਨ। ਹੁਣ ਤੀਕਰ ਉਨ੍ਹਾ ਨੂੰ ਪਤਾ ਲੱਗ ਚੁੱਕਾ ਸੀ ਕਿ ਦਮਦਾਰ ਪ੍ਰੋਪੈਲਰ ਅਤੇ ਘੱਟ ਵਜ਼ਨੀ ਇੰਜਣ ਤਿਆਰ ਕਰ ਕੇ ਹੋਰ ਲੰਬੀ ਦੂਰੀ ਤੀਕ ਉਡਾਣ ਭਰਨ ਦੇ ਸਮਰੱਥ ਹੋ ਸਕਣਗੇ। ਹੌਲੀ ਹੌਲੀ ਤਕਨੀਕ ਵਿਚ ਸੁਧਾਰ ਹੁੰਦੇ ਰਹੇ। ਪਰ ਸਭ ਤੋਂ ਵੱਡਾ ਸੀ, ਉਨ੍ਹਾਂ ਦਾ ਹੌਸਲਾ, ਜੋ ਪਹਿਲੀ ਉਡਾਣ ਭਰਨ ਵੇਲੇ ਉਨ੍ਹਾ ਦੋਵਾਂ ਭਰਾਵਾਂ ਵਿਚ ਮੌਜੂਦ ਸੀ। ਪਹਿਲੀ ਉਡਾਣ ਭਰਨ ਪਿੱਛੋਂ ਉਹ ਚੈਨ ਨਾਲ ਨਹੀਂ ਬੈਠੇ ਸਨ। ਉਹ ਆਪਣੇ ਜਹਾਜ਼ ਨੂੰ ਪੂਰਾ ਕਰਨ ਵਿਚ ਰੁੱਝੇ ਰਹੇ। ਇਕ ਸਾਲ ਪਿੱਛੋਂ ਨਵੰਬਰ 1904 ਨੂੰ ਵਿਲਬਰ ਨੇ ਆਪਣਾ ਸੁਧਰਿਆ ਨਵਾਂ ਹਵਾਈ ਜਹਾਜ਼, ਫਲਾਇਰ-2 ਹਵਾ ਵਿਚ ਉਡਾਇਆ । ਇਸ ਵਾਰ ਉਹ ਪੰਜ ਮਿੰਟ ਉਡਾਣ ਭਰ ਸਕਿਆ ਸੀ। ਇਸ ਤੋਂ ਉਪਰੰਤ ਰਾਈਟ ਭਰਾਵਾਂ ਨੇ ਏਅਰੋ ਡਾਇਨੈਮਿਕਸ, ਪ੍ਰੋਪੈਲਰ, ਖੰਭਾ ਨੂੰ ਡਿਜ਼ਾਈਨ ਕਰਨ ਹਿਤ ਬੜਾ ਕੰਮ ਕੀਤਾ। ਰਾਈਟ ਭਰਾਵਾਂ ਨਾਲ ਜੁੜੀਆਂ ਕੁਝ ਦਿਲਚਸਪ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰੀਏ:

ਉਨ੍ਹਾਂ ਦਾ ਪਿਤਾ ਸੁਰੱਖਿਆ ਨੂੰ ਮੱਦੇਨਜਰ ਰੱਖਦਿਆਂ ਉਨ੍ਹਾਂ ਨੂੰ ਅਕਸਰ ਕਿਹਾ ਕਰਦਾ, ਓਏ ਤੁਸੀ ਦੋਵੇਂ ਇਕੱਠੇ ਨਾਂ ਜਹਾਜ਼ ਉਡਾਇਆ ਕਰੋ। ਜੇ ਕੱਠਿਆਂ ਦੇ ਸੱਟ ਫੇਟ ਲੱਗ ਗਈ, ਮੁਸੀਬਤ ਖੜ੍ਹੀ ਕਰ ਦਿਉਗੇ।


19 ਅਗਸਤ ਦੇ ਦਿਨ ਓਰੀਵਿਲੇ ਰਾਈਟ ਦਾ ਜਨਮ ਦਿਨ ਸੀ,ਉਸੇ ਦਿਨ ‘ਨੈਸ਼ਨਲ ਏਵੀਏਸ਼ਨ ਦਿਵਸ’ ਹੁੰਦਾ ਹੈ।

ਦੋਵੇਂ ਭਰਾ ਆਕਾਸ਼ ਵਿਚ ਪੰਛੀਆਂ ਨੂੰ ਉੱਡਦਿਆਂ ਦੇਖਦੇ ਸਨ ਕਿ ਕਿਵੇਂ ਉਹ ਆਪਣੇ ਖੰਭਾਂ ਦਾ ਉਪਯੋਗ ਕਰਦੇ ਸਨ। ਇਸ ਨਿਰੀਖਣ ਨਾਲ ਉਹ ਆਪਣੇ ਜਹਾਜ਼ ਦੇ ਖੰਭਾਂ ਨੂੰ ਆਕਾਰ ਤੇ ਦਿਸ਼ਾ ਦੇਂਦੇ ਸਨ। ਉੱਤਰੀ ਕੈਰੋਲੀਨ ਅਤੇ ਓਹਾਇਓ ਦੋਵੇਂ ਹੀ ਰਾਈਟ ਭਰਾਵਾ ਦੀ ਉਡਾਣ ‘ਤੇ ਮਾਣ ਮਹਿਸੂਸ ਕਰਦੇ ਸਨ। ਓਹਾਇਓ ਵਿਚ ਉਹ ਰਹਿੰਦੇ ਰਹੇ ਸਨ। ਉੱਥੇ ਹੀ ਏਅਰ ਕਰਾਫ਼ਟ ਡਿਜ਼ਾਈਨ ਕੀਤਾ ਸੀ। ਉੱਤਰੀ ਕੈਰੋਲੀਨ ਵਿਚ ਉਨ੍ਹਾਂ ਪਹਿਲੀ ਉਡਾਣ ਭਰ ਕੇ ਇਤਿਹਾਸ ਸਿਰਜਿਆ ਸੀ।

## ਰਸਤਾ ਲੱਭੋ




## ਬਿੰਦੂ ਮਿਲਾਓ



ਲਿਖਤ : ਹਰੀਦਾਸ ਕਾਲੋਨੀ, ਨਾਭਾ।
ਸੰਪਰਕ : 94178-97576



# ਵੀਡੀਓ ਖੇਡਾਂ ਦਾ ਬਾਲ-ਮਨ ‘ਤੇ ਪ੍ਰਭਾਵ

ਕੋਈ ਵੀ ਖੇਡ ਬਾਲ-ਮਨ ਦੀ ਪਹਿਲੀ ਪਸੰਦ ਹੋ ਸਕਦੀ ਹੈ, ਕਿਉਂਕਿ ਬਾਲ-ਮਨ ਹੁੰਦਾ ਹੀ ਚੰਚਲ ਹੈ। ਮਨ ਕਿਸੇ ਵੀ ਖੇਡ ਨੂੰ ਖੇਡਣ ਪਿੱਛੇ ਬੜੀ ਵੱਡੀ ਭੂਮਿਕਾ ਅਦਾ ਕਰਦਾ ਹੈ। ਖੇਡਾਂ ਬਾਲ-ਮਨਾਂ ‘ਚ ਛੇਤੀ ਫ਼ੈਸਲਾ ਲੈਣ ਦੀ ਸਮਰੱਥਾ ‘ਚ ਭਰਪੂਰ ਵਾਧਾ ਕਰਦੀਆਂ ਹਨ। ਬਾਲ-ਮਨ ਵਿਚ ਖੇਡ ਹਰ ਪਲ ਚਲਦੀ ਰਹਿੰਦੀ ਹੈ, ਕਿਉਂਕਿ ਬਾਲ-ਮਨ ਦਾ ਖੇਡ ਨਾਲ ਰਿਸ਼ਤਾ ਨਹੁੰ ਤੇ ਮਾਸ ਵਾਲਾ ਰਿਸ਼ਤਾ ਹੈ। ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਅਤੇ ਹੰਢਣਸਾਰ ਬਣਾਉਣ ਲਈ ਸਹੀ ਸੇਧ ਅਤੇ ਚੰਗੀ ਸੋਚ ਦੀ ਬਹੁਤ ਲੋੜ ਹੈ।

ਖੇਡਾਂ ਬਾਲ-ਮਨ ‘ਤੇ ਬਹੁਤ ਡੂੰਘੀ ਛਾਪ ਛੱਡਦੀਆਂ ਹਨ। ਖੇਡਾਂ ਬਾਲ-ਮਨ ਨੂੰ ਚੰਗੇ ਪਾਸੇ ਲਗਾਉਣ ਦਾ ਬੜਾ ਵਧੀਆ ਸਾਧਨ ਹਨ। ਬੱਚਿਆਂ ਅੰਦਰ ਛੁਪੀਆਂ ਅਸੀਮ ਸ਼ਕਤੀਆਂ ਖੇਡਾਂ ਰਾਹੀਂ ਹੀ ਬਾਹਰ ਲਿਆਂਦੀਆਂ ਜਾ ਸਕਦੀਆਂ ਹਨ, ਕਿਉਂਕਿ ਖੇਡਾਂ ਬਾਲ-ਮਨ ਦੀ ਤਰਜਮਾਨੀ ਕਰਦੀਆਂ ਹੋਈਆਂ ਬੱਚੇ ਦੇ ਭਵਿੱਖ ਦਾ ਫ਼ੈਸਲਾ ਕਰਦੀਆਂ ਹਨ। ਖੇਡਾਂ ਸਾਧਾਰਨ ਮਨੁੱਖ ਨੂੰ ਅਸਧਾਰਨ ਬਣਾਉਣ, ਨਿਵੇਕਲੀ ਦਿੱਖ ਦੇਣ ਅਤੇ ਆਤਮ-ਵਿਸ਼ਵਾਸੀ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਖੇਡ ਜਗਤ ਵਿਚ ਇਸ ਦੀ ਇਕ ਉਦਾਹਰਨ ਮਿਲਖਾ ਸਿੰਘ ਹੈ।

ਜੇਕਰ ਗੱਲ ਆਧੁਨਿਕ ਯੁੱਗ ਦੀ ਕਰੀਏ ਤਾਂ ਬਾਲ-ਮਨਾਂ ਉੱਤੇ ਖੇਡਾਂ ਦਾ ਅਸਰ ਸਾਫ਼ ਨਜ਼ਰ ਆਉਂਦਾ ਹੈ। ਅੱਜਕਲ੍ਹ ਬੱਚੇ ਜ਼ਿਆਦਾਤਰ ਵੀਡੀਓ ਖੇਡਾਂ ਖੇਡਣ ਵਿਚ ਜ਼ਿਆਦਾ ਦਿਲਚਸਪੀ ਵਿਖਾਉਂਦੇ ਹਨ। ਵੀਡੀਓ ਖੇਡਾਂ ਅਤੇ ਇੰਟਰਨੈੱਟ ਖੇਡਾਂ ਦਾ ਬੱਚਿਆਂ ਦੇ ਬਾਲ-ਮਨਾਂ ਉੱਤੇ ਬੜਾ ਡੂੰਘਾ ਪ੍ਰਭਾਵ ਪੈ ਰਿਹਾ ਹੈ, ਜਿਸ ਦੇ ਦੂਰਗਾਮੀ ਸਿੱਟੇ ਨਿਕਲ ਕੇ ਸਾਡੇ ਸਾਹਮਣੇ ਆ ਰਹੇ ਹਨ।

ਮੇਰੇ ਖਿਆਲ ਅਨੁਸਾਰ ਜਿਸ ਤਰ੍ਹਾਂ ਇਕ ਵੀਡੀਓ ਵਿਚ ਦਿਖਾਇਆ ਜਾਂਦਾ ਹੈ ਕਿ ਇਕ ਆਦਮੀ ਆਪਣੀ ਕਾਰ ਵਿਚ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਰਸਤੇ ਵਿਚ ਉਹ ਨਵੀਂ ਕਾਰ ਲੈਣ ਵੇਲੇ ਦੂਜੇ ਆਦਮੀ ਨੂੰ ਮਾਰਦਾ ਹੈ ਅਤੇ ਨਵੀਂ ਕਾਰ ਲੈ ਕੇ ਅੱਗੇ ਚਲਾ ਜਾਂਦਾ ਹੈ। ਇੱਥੇ ਬਾਲ-ਮਨਾਂ ਅੰਦਰ ਇਹ ਗੱਲ ਅਪਰਾਧਕ ਗਤੀਵਿਧੀਆਂ ਨੂੰ ਜਨਮ ਦੇਣ ਲਈ ਬੜੀ ਵੱਡੀ ਹੈ। ਦੂਜਾ ਤੇਜ਼ ਰਫ਼ਤਾਰ ਨਾਲ ਆਪਣੀ ਮੰਜ਼ਿਲ ‘ਤੇ ਪਹੁੰਚਣ ਲਈ ਕੋਸ਼ਿਸ਼ ਕਰਨਾ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਨੂੰ ਤੋੜਨ ਵੱਲ ਪ੍ਰੇਰਿਤ ਕਰਦਾ ਹੈ। ਤੀਸਰਾ ਇਨ੍ਹਾਂ ਖੇਡਾਂ ਵਿਚ ਮਾਰਧਾੜ ਆਮ ਜਿਹੀ ਗੱਲ ਹੈ, ਜਿਹੜਾ ਕਿ ਬੱਚਿਆਂ ਦੇ ਮਨਾਂ ਅੰਦਰ ਗੁੱਸਾ, ਹੰਕਾਰ ਅਤੇ ਜ਼ਿਦ ਆਦਿ ਵਰਗੇ ਔਗੁਣਾਂ ਵਿਚ ਵਾਧਾ ਕਰਦਾ ਹੈ। ਚੌਥਾ ਵਾਰ-ਵਾਰ ਆਪਣੇ ਮਿਥੇ ਨਿਸ਼ਾਨੇ ਤੋਂ ਖੁੰਝਣਾ ਵੀ ਬੱਚਿਆਂ ਅੰਦਰ ਬੇਚੈਨੀ, ਅਸਹਿਣਸ਼ੀਲਤਾ ਵਰਗੇ ਵਿਕਾਰਾਂ ਨੂੰ ਜਨਮ ਦੇ ਕੇ ਬਾਲ-ਮਨਾਂ ਦੀ ਕੋਮਲਤਾ, ਸਹਿਜਤਾ ਅਤੇ ਖੇਡਾਂ ਵਿਚਲੀ ਦਿਲਚਸਪੀ ਨੂੰ ਠੇਡਾ ਮਾਰਦਾ ਹੈ। ਬਾਲ-ਮਨਾਂ ‘ਤੇ ਇਕ ਅਸਹਿ ਚੀਸ ਅਤੇ ਪੀੜ ਛੱਡਦਾ ਹੈ। ਪੰਜਵਾਂ ਐਕਸੀਡੈਂਟਾਂ ਵਿਚ ਭਾਰੀ ਵਾਧੇ ਲਈ ਵੀ ਇਹ ਖੇਡਾਂ ਬਾਲ-ਮਨਾਂ ਲਈ ਘਾਤਕ ਸਿੱਧ ਹੋ ਰਹੀਆਂ ਹਨ। ਇਕ ਗੱਡੀ ਦਾ ਦੂਜੀ ਗੱਡੀ ਨਾਲ ਟਕਰਾਉਣਾ ਅਤੇ ਉਸ ਨੂੰ ਹਵਾ ਵਿਚ ਉੱਡਦੀ ਵੇਖਣਾ, ਤੇਜ਼ ਰਫ਼ਤਾਰ ਨਾਲ ਕੋਲੋਂ ਲੰਘਣਾ ਜਾਂ ਫੇਟ ਮਾਰ ਕੇ ਅੱਗੇ ਲੰਘ ਜਾਣਾ ਜਿੱਥੇ ਬੱਚਿਆਂ ਨੂੰ ਅਤਿ ਦੀ ਖੁਸ਼ੀ ਦਿੰਦਾ ਹੈ, ਉੱਥੇ ਹੀ ਜਦੋਂ ਬੱਚਾ ਆਮ ਜ਼ਿੰਦਗੀ ਵਿਚ ਵਿਚਰਦਾ ਹੈ ਤਾਂ ਸੜਕ ‘ਤੇ ਗੱਡੀ ਚਲਾਉਂਦੇ ਸਮੇਂ ਉਪਰੋਕਤ ਮਾਨਸਿਕਤਾ ਦਾ ਪੈਦਾ ਹੋਣਾ ਸੁਭਾਵਿਕ ਜਿਹੀ ਗੱਲ ਹੈ।

ਸਾਧਾਰਨ ਖੇਡਾਂ ਜਿੱਥੇ ਬੱਚਿਆਂ ਅੰਦਰ ਰਚਨਾਤਮਿਕਤਾ, ਮੇਲ-ਮਿਲਾਪ ਅਤੇ ਸਹਿਣਸ਼ੀਲਤਾ ਵਰਗੇ ਗੁਣ ਪੈਦਾ ਕਰਦੀਆਂ ਹਨ, ਉੱਥੇ ਇਨ੍ਹਾਂ ਖੇਡਾਂ ਨੇ ਬੜਾ ਨਾਕਾਰਾਤਮਕ ਪ੍ਰਭਾਵ ਪਾਇਆ ਹੈ। ਅੱਜ ਅਸੀਂ ਬੱਚਿਆਂ ਨੂੰ ਇਹ ਨਹੀਂ ਕਹਿ ਸਕਦੇ ਕਿ ਟੀ.ਵੀ. ਨਹੀਂ ਵੇਖਣਾ, ਇੰਟਰਨੈੱਟ ਨਹੀਂ ਵਰਤਣਾ ਜਾਂ ਵੀਡੀਓ ਖੇਡਾਂ ਨਹੀਂ ਖੇਡਣੀਆਂ, ਕਿਉਂਕਿ ਟੀ. ਵੀ. ਹਰ ਘਰ ਵਿਚ ਹੈ, ਇੰਟਰਨੈੱਟ ਦੀ ਵਰਤੋਂ ਹਰ ਥਾਂ ਕੀਤੀ ਜਾ ਸਕਦੀ ਹੈ, ਵੀਡੀਓ ਖੇਡਾਂ ਬੱਚਿਆਂ ਦੀ ਪਹਿਲੀ ਪਸੰਦ ਹਨ। ਇਸ ਕਰਕੇ ਬੱਚਿਆਂ ਨੂੰ ਥੋੜ੍ਹੀ ਜਿਹੀ ਚੰਗੀ ਸੇਧ ਦੇ ਕੇ ਇਨ੍ਹਾਂ ਨਾਲ ਜੋੜਿਆ ਜਾ ਸਕਦਾ ਹੈ, ਜਿਸ ਦੇ ਚੰਗੇ ਸਿੱਟੇ ਨਿਕਲ ਸਕਦੇ ਹਨ। ਵੀਡੀਓ ਖੇਡਾਂ ਦੇ ਕੁਝ ਸਾਰਥਕ ਪੱਖ ਵੀ ਸਾਡੇ ਸਾਹਮਣੇ ਆ ਰਹੇ ਹਨ। ਮਨ ਨੂੰ ਇਕਾਗਰ ਕਰਕੇ ਅਗਲੇ ਪੜਾਅ ‘ਤੇ ਪਹੁੰਚਣਾ, ਹਰ ਕੰਮ ਨੂੰ ਪੂਰਾ ਕਰਕੇ ਹੀ ਦਮ ਲੈਣਾ, ਜਿੱਤ ਲਈ ਨਵੇਂ ਢੰਗ-ਤਰੀਕੇ ਅਪਣਾਉਣਾ, ਸੋਚ ਨੂੰ ਤਿੱਖਾ ਰੱਖਣਾ ਅਤੇ ਜਿੱਤ ਦੀ ਖੁਸ਼ੀ ਮਨਾਉਣਾ ਆਦਿ।

# ਚਰਖੇ ਦਾ ਦੁੱਖ

ਮੇਰੇ ਕੋਲ ਕੋਈ ਆਵੇ ਨਾ,
ਚੁੱਕ ਮੈਨੂੰ ਹੁਣ ਕੋਈ ਡਾਹੇ ਨਾ।

ਤੱਕਲਾ ਵੀ ਪਿਆ ਕੁਰਲਾਵੇ ਵੇ,
ਮੁਟਿਆਰ ਨਾ ਮੈਨੂੰ ਕੋਈ ਚਾਹੇ ਵੇ।

ਨਾ ਤੰਦ ਪਾਉਂਦੀ ਨਾ ਗਲੋਟੇ ਲਾਹੇ ਵੇ,
ਚਰਖਾ ਦੁੱਖ ਆਪਣਾ ਕਿਸ ਨੂੰ ਸੁਣਾਵੇ ਵੇ?

ਚਰਖੇ 'ਤੇ ਲੱਗੀਆਂ ਮੇਖਾਂ ਜ਼ਰੀਆਂ ਵੇ,
ਬੁਣਦੀਆਂ ਨਾ ਹੁਣ ਕੋਈ ਦਰੀਆਂ ਵੇ,

ਹਾਸਾ ਠੱਠਾ ਕਰਦੀਆਂ ਕੁੜੀਆਂ ਸਾਰੀਆਂ ਵੇ,
ਵਿੱਚ ਵਿਦੇਸ਼ਾਂ ਮਾਰ ਗਈਆਂ ਉਡਾਰੀਆਂ ਵੇ।

ਚਰਖਾ ਵੀ ਕਰਦਾ ਵਿਰਲਾਪ ਵੇ,
ਪੱਛਮੀ ਸੱਭਿਅਤਾ ਦਾ ਫੈਲਿਆ ਸੰਤਾਪ ਵੇ।

ਚਰਖਾ ਆਖੇ ਭੁੱਲ ਨਾ ਮੈਨੂੰ ਜਾਇਓ ਵੇ
ਗਗਨ ਦੁੱਖ ਲਿਖ ਜੱਗ ਨੂੰ ਸੁਣਾਇਉ ਵੇ।

**ਲਿਖਤ : ਗਗਨਪ੍ਰੀਤ ਸੱਪਲ**
**ਸੰਪਰਕ: 62801-57535**

# ਗਿਰਗਿਟ ਦਾ ਇਤਰਾਜ਼!

ਪਹਿਲਾਂ ਖੜ੍ਹਨ ਸਟੇਜਾਂ 'ਤੇ ਹੱਥ ਫੜਕੇ
ਪਲਾਂ ਵਿੱਚ ਦਿਖਾਉਂਦੇ ਐ ਕੰਡ ਮੀਆਂ।

ਫ਼ਸਲ ਵੋਟਾਂ ਦੀ ਵੱਢਣ ਦੇ ਵਾਸਤੇ ਜੀ
ਲੋਕ ਸੇਵਾ ਦੇ ਕਰਨ ਪਖੰਡ ਮੀਆਂ।

ਕਰੇ ਕੋਈ ਵਿਸ਼ਵਾਸ ਕੀ ਇਨ੍ਹਾਂ ਉੱਤੇ
ਜਿਹੜੇ ਹਨ ਹੀ ਝੂਠ ਦੀ ਪੰਡ ਮੀਆਂ।

ਜਨਤਾ ਆਖਦੀ ਬਹੁਤ ਮਾਯੂਸ ਹੋ ਕੇ
ਕਿੱਦਾਂ ਮਿਲੂ 'ਮੱਕਾਰਾਂ' ਨੂੰ ਦੰਡ ਮੀਆਂ।

ਜ਼ਿੰਦਾਬਾਦ ਕਹਾਉਣ ਦੇ ਯੋਗ ਨਾਹੀਂ
ਹੋਣੀ ਚਾਹੀਦੀ ਇਨ੍ਹਾਂ ਦੀ ਭੰਡ ਮੀਆਂ।

ਗਿਰਗਿਟ ਸੋਚਦੀ ਦੇਖ ਕੇ ਪਲਟੂਆਂ ਨੂੰ
ਮੈਨੂੰ ਐਵੇਂ ਹੀ ਦਿੱਤਾ ਐ ਭੰਡ ਮੀਆਂ!

**ਲਿਖਤ : ਤਰਲੋਚਨ ਸਿੰਘ 'ਦੁਪਾਲ ਪੁਰ'**
**ਸੰਪਰਕ: 78146-92724**

# ਗ਼ਜ਼ਲ

ਸੀਨੇ ਲਗਾ ਲੈ ਮੈਨੂੰ ਓ ਮੀਤ ਓ ਭਰਾਵਾ।
ਰੁੱਸੇ ਹੀ ਆ ਨਾ ਜਾਏ ਹੁਣ ਮੌਤ ਦਾ ਬੁਲਾਵਾ।

ਤੇਰਾ ਤਾਂ ਬਿਰਦ ਹੀ ਇਹ, ਟੁੱਟੇ ਵੀ ਜੋੜ ਦੇਵੇਂ,
ਮੈਨੂੰ ਜੇ ਹੋਸ਼ ਆਵੇ, ਪੜਵਾ ਲਵਾਂ ਬੇਦਾਵਾ।

ਬੱਚੇ ਦੇ ਹੱਥ ਤੀਲ੍ਹੀ ਜਿਸ ਨੇ ਸੀ ਖੁਦ ਫੜਾਈ,
ਭਾਂਬੜ 'ਤੇ ਰੋ ਦਿਖਾਵੇ, ਸ਼ਾਤਰ ਬੜਾ ਖਿਡਾਵਾ।

ਬੋਲਣ ਜ਼ੁਬਾਨੋਂ ਮਿੱਠਾ, ਪਿੱਛੋਂ ਚਲਾਵਣ ਖੰਜਰ,
ਜਿਨ੍ਹਾਂ ਦੇ ਸਾਥ 'ਤੇ ਮੈਂ, ਕੀਤਾ ਸਦਾ ਸੀ ਦਾਅਵਾ।

ਹੰਝੂ ਨਾ ਪੂੰਝ ਸਕਿਆ ਦੁਖੀਏ 'ਰੁਪਾਲ' ਦੇ ਤੂੰ
ਕਿਉਂ ਨੇਕ ਬਣਨ ਦਾ ਫਿਰ ਕਰਦਾ ਪਿਐਂ ਦਿਖਾਵਾ।

**ਲਿਖਤ : ਜਸਵਿੰਦਰ ਸਿੰਘ ਰੁਪਾਲ**



# ਕਾਵਿ-ਲਹਿਰਾਂ

# ਉਹ ਪੰਜਾਬ ਮਿਲ ਜਾਵੇ

ਜਿੱਥੇ ਨਾਮ ਦੇ ਮਿਲਣ ਪਿਆਰੇ,
ਇੱਕ ਦੂਜੇ ਦੇ ਬਣਨ ਸਹਾਰੇ,
ਕੁਦਰਤ ਦੇ ਹੋਣ ਰੰਗ ਨਿਆਰੇ,
ਉਹ ਪੰਜਾਬ ਮਿਲ ਜਾਵੇ।
ਚਾਰੇ ਪਾਸੇ ਹੋਵੇ ਹਰਿਆਲੀ,
ਫਲਦਾਰ ਰੁੱਖ ਬਾਗਾਂ ਦੇ ਮਾਲੀ,
ਮੁੜ ਆਏ ਸਾਡੀ ਹੱਲ ਪੰਜਾਲੀ,
ਉਹ ਪੰਜਾਬ ਮਿਲ ਜਾਵੇ।
ਇੱਕ ਵਾਰ ਫਿਰਤੋਂ ਚਰਖਾ ਕੱਤਣ,
ਤੀਆਂ ਗਿੱਧਿਆ ਵਿੱਚ ਨੱਚਣ,
ਢਾਣੀ ਬੰਨ ਬੰਨ ਕੇ ਸਾਰੇ ਹੱਸਣ,
ਉਹ ਪੰਜਾਬ ਮਿਲ ਜਾਵੇ।
ਪੰਜਾਬੀ ਵਿਰਸੇ ਦੀ ਹੋਏ ਕਹਾਣੀ,
ਬੇਬੇ ਚਾਟੀ ਵਿੱਚ ਪਾਵੇ ਮਧਾਣੀ,
ਖੇਤ ਨੂੰ ਭੱਤਾ ਲੈ ਜਾਏ ਸਵਾਣੀ,
ਉਹ ਪੰਜਾਬ ਮਿਲ ਜਾਵੇ।
ਕਤਲ ਚੋਰੀ ਨਾ ਦਿਨ ਦਿਹਾੜੇ,
ਕੋਈ ਨਾ ਵੇਖੇ ਦਿਨ ਏਥੇ ਮਾੜੇ,
ਨਾ ਹੀ ਕੋਈ ਕੱਡੇ ਹੌਕੇ ਹਾੜੇ,
ਉਹ ਪੰਜਾਬ ਮਿਲ ਜਾਵੇ।
ਪਿੰਡਾਂ ਚ ਬੈਠੇ ਸਿਆਸਤ ਦਾਨ,
ਜੋ ਭੁੱਲੇ ਫਿਰਦੇ ਨੇ ਭਗਵਾਨ,
ਕੁਲਵੰਤ ਕੋਹਾੜ ਜਿੱਥੇ ਇਨਸਾਨ,
ਉਹ ਪੰਜਾਬ ਮਿਲ ਜਾਵੇ।
ਉਹ ਪੰਜਾਬ ਮਿਲ ਜਾਵੇ

**ਲਿਖਤ : ਕੁਲਵੰਤ ਸਿੰਘ ਕੋਹਾੜ**
**ਸੰਪਰਕ 9803720820**

# ਪਹਿਲਾਂ ਸੋਚ ਵਿਚਾਰ ਕਰੀਂ

ਪਹਿਲਾਂ ਸੋਚ ਵਿਚਾਰ ਕਰੀਂ ਤੂੰ
ਫਿਰ ਬਣਦੀ ਤਕਰਾਰ ਕਰੀਂ ਤੂੰ।

ਦੱਸ ਕੇ ਭਾਵੇਂ ਸੀਨੇ ਖੰਜਰ ਮਾਰੀਂ
ਪਿੱਠ 'ਤੇ ਨਾ ਪਰ ਵਾਰ ਕਰੀਂ ਤੂੰ।

ਹਰ ਪਹਿਲੂ ਨੂੰ ਸੋਚੀਂ ਸਮਝੀਂ
ਫਿਰ ਜਾ ਕੇ ਇਤਬਾਰ ਕਰੀਂ ਤੂੰ।

ਉਹ ਜੋ ਅੱਜਕਲ੍ਹ ਛਾਪੇ ਗੱਪਾਂ
ਖੁਦ ਨੂੰ ਨਾ ਅਖ਼ਬਾਰ ਕਰੀਂ ਤੂੰ।

ਜਿੱਥੇ ਰਿਸ਼ਤੇ ਤੱਕ ਵਿਕਦੇ ਨੇ
ਖੁਦ ਨੂੰ ਨਾ ਬਾਜ਼ਾਰ ਕਰੀਂ ਤੂੰ।

ਧੌਣ ਉਡਾਉਣੀ ਜੇ ਨ੍ਹੇਰੇ ਦੀ
ਲਫ਼ਜ਼ਾਂ ਨੂੰ ਤਲਵਾਰ ਕਰੀਂ ਤੂੰ।

ਨਫ਼ਰਤ ਜਿਸ ਨਾਲ ਵਧਦੀ ਹੋਵੇ
ਐਸਾ ਨਾ ਪ੍ਰਚਾਰ ਕਰੀਂ ਤੂੰ।

ਜਿਸ ਤੋਂ ਸੱਚ ਵੀ ਕਹਿ ਨਾ ਹੋਵੇ
ਇੰਝ ਨਾ ਖੁਦੀ ਲਾਚਾਰ ਕਰੀਂ ਤੂੰ।

**ਲਿਖਤ : ਹਰਦੀਪ ਬਿਰਦੀ**
**ਸੰਪਰਕ: 90416-00900**

# ਜੱਟ ਜੱਟਾਂ ਦੇ ਭੋਲੂ ਨਰਾਇਣ ਦਾ

ਕਈ ਵਾਰ ਦਾ ਵਫ਼ਾਦਾਰ ਬਣ ਕੇ,
ਚੋਣਾਂ ਜਿੱਤਦਾ ਰਿਹਾ ਸ਼ੈਤਾਨ ਬਾਬਾ।
ਬੈਠਾ ਇੱਕ ਦਾ ਬਣਾਉਣ ਤਿੱਕੜੀ 'ਚੋਂ,
ਗਿਆ ਜਦ ਦਾ ਛੱਡ ਮੈਦਾਨ ਬਾਬਾ।
ਕਿਹੜੀ ਪਾ ਗਿਆ ਐਡੀ ਚੋਗ ਕੋਈ,
ਜੀਹਦੇ ਬਿਨ ਸੀ ਨਿਕਲਦੀ ਜਾਨ ਬਾਬਾ।
ਗਿਆ ਕੂੜ ਦੀਆਂ ਉਹ ਕਰ ਪੈੜਾਂ,
ਜੋ ਹੁੰਦਾ ਸੀ ਕਦੇ ਮਹਾਨ ਬਾਬਾ।
ਕਰ ਆਪਣਿਆਂ ਨਾਲ ਗਦਾਰੀ,
ਮਾਰ ਝੂਠੀ ਗਿਆ ਜ਼ੁਬਾਨ ਬਾਬਾ।
ਜਾ ਰਲਿਆ ਸੰਗ ਬੇਈਮਾਨਾਂ,
ਗਿਆ ਕੁੱਤਾ ਜੋ ਬਣ ਜਹਾਨ ਬਾਬਾ।
ਜੱਟ ਜੱਟਾਂ ਦੇ ਭੋਲੂ ਨਰਾਇਣ ਵਾਲੀ,
ਸੱਚ ਕਰ ਗਿਆ ਹੀ ਅਖਾਣ ਬਾਬਾ।
ਮੂੰਹ 'ਚ ਰਾਮ ਬਗਲ ਛੁਰੀ 'ਭਗਤਾ',
ਬੜਾ ਨਿਕਲਿਆ ਬੇਈਮਾਨ ਬਾਬਾ।

**ਲਿਖਤ : ਬਰਾੜ-ਭਗਤਾ ਭਾਈ ਕਾ**
**001-604-751-1113**

# ਪਰਦੇਸੀ ਪਾੜੇ

ਬਰਫ਼ ਹੈ, ਧੁੰਦ ਹੈ, ਕੋਹਰਾ ਹੈ
ਇੱਕ ਕਮਾਈ ,ਦੂਜਾ ਪੜ੍ਹਾਈ ਦਾ ਫ਼ਿਕਰ

ਕਾਲਜ ਤੋਂ ਮੁੜ ਕੇ ਕੰਮ 'ਤੇ ਭੱਜਣਾ
ਮੁੜ ਕਿਰਾਏ ਦੇ ਘਰ ਵਿੱਚ ਆਉਣਾ

ਤਾਂ ਰੋਟੀ ਟੁੱਕ ਦੇ ਹੀਲੇ ਦਾ ਫ਼ਿਕਰ
ਕਦੇ ਰਾਹਾਂ ਵਿੱਚ ਘੰਟੇ ਗੁਜ਼ਰਦੇ

ਅਥਾਹ ਪਈ ਬਰਫ਼ ਦਾ ਫ਼ਿਕਰ
ਜੇਬ ਵਿੱਚ ਪੈਸੇ ਮੁੱਕਣ ਦਾ ਫ਼ਿਕਰ

ਕਾਲਜ ਦੀ ਫੀਸ ਵੀ ਕੱਢਣੀ ਹੈ
ਘਰ ਦੇ ਕਿਰਾਏ ਦਾ ਫ਼ਿਕਰ

ਨਾ ਉਡੀਕ ਕਰਦੀ ਏ ਮਾਂ
ਨਾ ਕੋਈ ਸੁਣਵਾਈਆਂ ਇੱਥੇ

ਸਰ੍ਹੋਂ ਦਾ ਸਾਗ ਮੱਕੀ ਦੀ ਰੋਟੀ
ਨਾ ਮਾਂ ਪਕਾਈਆਂ ਇੱਥੇ

ਛੱਡ ਬਾਪ ਦਾ ਮਹਿਲ ਮੁਨਾਰਾ
ਕਰਨ ਪੜ੍ਹਾਈਆਂ ਤੁਰੇ ਪਰਦੇਸਾਂ ਨੂੰ

ਬੜੇ ਬੇਫ਼ਿਕਰੇ ਹੁੰਦੇ ਸੀ
ਜਦ ਬਾਪੂ ਸਿਰ ਤੋਂ ਖਾਂਦੇ ਸੀ

ਮਾਂ ਬਾਪੂ ਰੱਜੇ ਨੂੰ ਹੋਰ ਰਜਾਂਦੇ ਸੀ
ਵਿੱਚ ਫ਼ਿਕਰਾਂ

ਮਾਪਿਆਂ ਦੀ ਜਿੰਦ ਡੋਲੇ ਖਾਵੇ
'ਕਮਲ' ਕਰੇ ਅਰਦਾਸਾਂ,

ਪਰਦੇਸੀ ਪਾੜ੍ਹਿਆਂ ਨੂੰ ਤੱਤੀ
ਵਾਹ ਛੂਹ ਨਾ ਪਾਵੇ।

**ਲਿਖਤ : ਕਮਲਜੀਤ ਕੌਰ ਗੁੰਮਟੀ**
**ਸੰਪਰਕ: 98769-26873**

# ਧਰਮ

ਧਰਮ ਕਿਰਦਾਰ ਹੈ ਸੱਚ ਦਾ,
ਧਰਮ ਕਿਉਂ ਬਣ ਗਿਆ ਧੰਦਾ।
ਨਫ਼ਰਤ ਧਰਮਾਂ ਦੇ ਨਾਂ ਤੇ ਕਿਉਂ,
ਬੰਦੇ ਤੋਂ ਦੂਰ ਕਿਉਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮ ਤੇ ਮਰਨਾਂ ਦੂਜੇ ਲਈ,
ਦੂਜੇ ਲਈ ਜਿਊਣਾਂ ਹੁੰਦਾ ਏ।
ਮਾਣ ਸਨਮਾਨ ਬਰਾਬਰ ਦਾ,
ਬੰਦੇ ਨੂੰ ਸਮਝਣਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਬੰਦਾ ਇੱਕ ਨੂਰ ਤੋਂ ਬਣਿਆ,
ਤੇ ਫਿਰ ਮੱਤ ਭੇਦ ਕਿਉਂ ਏਥੇ।
ਏਥੇ ਹੰਕਾਰ ਕਿਉਂ ਸਿਖਰਾਂ ਤੇ,
ਬੰਦਾ ਕਿਉਂ ਬਣਿਆ ਨਹੀਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਜ਼ਾਤ-ਪਾਤ ਉਚ-ਨੀਚ ਦਾ,
ਹੁੰਦਾ ਵਖਰੇਵਾਂ ਹੈ ਜਿੱਥੇ।
ਉਹ ਧਰਮ ਹੀ ਧੋਖਾ ਹੈ,
ਜਿੱਥੇ ਇੱਕ ਹੋਇਆ ਨਹੀਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਲੋਕ ਸਿਖਾਉਂਦੇ ਨੇ,
ਆਪਸ ਵਿੱਚ ਰੱਜ ਕੇ ਵੈਰ ਕਰੋ।
ਚੰਗਾ ਹੈ ਧਰਮ ਬੱਸ ਮੇਰਾ,
ਦੂਜੇ ਦਾ ਧਰਮ ਨਹੀ ਚੰਗਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਨਾਂ ਤੇ ਕਿਉਂ ਮੱਚਦਾ,
ਹੀ ਕੋਹਰਾਮ ਦੁਨੀਆਂ ਤੇ।
ਰਹਿੰਦਾ ਏ ਪਿਆਸਾ ਕਿਉਂ ਬੰਦਾ,
ਬੰਦੇ ਦੇ ਖ਼ੂਨ ਦਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਠੇਕੇਦਾਰਾਂ ਆਪਣੀ,
ਧਰਮ ਜਾਗੀਰ ਕਿਉਂ ਸਮਝ ਲਿਆ।
ਹਰਦਾਸਪੁਰੀ ਕੁਦਰਤ ਦਾ ਘਾਣ ਏ,
ਹੱਥੀਂ ਕਰ ਰਿਹਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ,
ਬੰਦੇ ਤੋਂ ਦੂਰ ਕਿਉਂ ਬੰਦਾ....

**ਮਲਕੀਤ ਹਰਦਾਸਪੁਰੀ ਗਰੀਸ**
**00306947249768**

# ਆਦਤ

ਆਦਤ ਨਹੀਂ ਕਿਸੇ ਨੂੰ ਕੱਟਣ ਦੀ।
ਪਰ ਜ਼ਿੰਦ ਇੱਥੋਂ ਕੁਝ ਖੱਟਣ ਦੀ।
ਨਾ ਧੌਣ 'ਚ ਕਿੱਲਾ ਰੱਖਦੇ ਹਾਂ,
ਨਾ ਆਦਤ ਤਲਵੇ ਚੱਟਣ ਦੀ।
ਨਾ ਕਿਸੇ ਨੂੰ ਮੰਦੜੇ ਬੋਲ ਕਹੇ,
ਨਾ ਆਦਤ ਛੱਜ ਪਾ ਛੱਟਣ ਦੀ।
ਨਾ ਪੱਗ ਨੂੰ ਕਦੇ ਹੱਥ ਪਾਇਆ,
ਨਾ ਲੋੜ ਪਈ ਦਾੜ੍ਹੀ ਪੱਟਣ ਦੀ।
ਸਮਤਲ ਆਪਣੀ ਗੈਰਤ ਰੱਖੀ,
ਨਾ ਲੋੜ ਪਈ ਵੇਚਣ ਵੱਟਣ ਦੀ।
ਨਾ ਆਪਣੀ ਗੁੱਡੀ ਲਹਿਣ ਦੇਣੀ,
ਨਾ ਲੋੜ ਹੈ ਕਿਸੇ ਦੀ ਕੱਟਣ ਦੀ।
ਸਦਾ ਕਦਰ ਕਿਰਤ ਦੀ ਕਰੀਏ,
ਕਿਰਤੀ ਹੱਥਾਂ ਦੇ ਅੱਟਣ ਦੀ।
ਸਿਵੀਆਂ ਜਿੱਥੇ ਬਸ ਗਰਜ਼ਾਂ ਨੇ,
ਆਦਤ ਉੱਥੋਂ ਦੜ ਵੱਟਣ ਦੀ।

**ਹਰਮੀਤ ਸਿਵੀਆਂ**
**ਸੰਪਰਕ: 80547-57806**

# ਦਸਤੂਰ

ਦੇਖ ਕੇ ਦੁਨੀਆ ਦਾ ਦਸਤੂਰ ਵੇ ਲੋਕੋ।
ਦਿਲ ਹੋ ਗਿਆ ਚਕਨਾਚੂਰ ਵੇ ਲੋਕੋ।

ਚਿੜੀਆਂ ਘੱਟ ਤੇ ਬਹੁਤੇ ਕਾਂ ਵੇ ਲੋਕੋ।
ਦੂਜੇ ਦੇ ਕੰਮ 'ਤੇ ਬਣਾਉਂਦੇ ਨਾਂ ਵੇ ਲੋਕੋ।

ਇੱਥੇ ਖੋਟੇ ਸਿੱਕੇ ਬੜੇ ਚੱਲਦੇ ਵੇਖੇ।
ਮਿਹਨਤਕਸ਼ ਤਾਂ ਹੱਥ ਮਲਦੇ ਵੇਖੇ।

ਇੱਥੇ ਅਸਲੀ ਘੱਟ ਤੇ ਦਿਖਾਵਾ ਬਹੁਤਾ।
ਮਿਹਨਤ ਘੱਟ ਤੇ ਮਨ ਪ੍ਰਚਾਵਾ ਬਹੁਤਾ।

ਹੁਣ ਉਪਰੋਂ ਸਿਰ ਦੇ ਲੰਘ ਗਿਆ ਪਾਣੀ।
'ਚੱਲ ਚਿੜੀਏ ਮੈਂ ਆਇਆ' ਵਾਲੀ ਕਹਾਣੀ।

ਕਰਨ ਚਲਾਕੀ ਬਾਜ਼ ਨਾ ਆਉਂਦੇ।
ਨਾਂ ਆਪਣੇ ਦੀ ਮੋਹਰ ਲਗਾਉਂਦੇ।

ਇੱਥੇ ਗਿੱਲਾ ਸੁੱਕੇ ਦੇ ਨਾਲ ਬਲਦਾ।
ਚੰਗੇ ਮਾੜੇ ਦਾ ਕੋਈ ਪਤਾ ਨਾ ਚਲਦਾ।

'ਰਜਵੰਤ' ਤੇਰਾ ਇੱਥੇ ਕੋਈ ਨਾ ਦਰਦੀ।
ਇਹੀ ਰੀਤ ਜੱਗ ਦੀ ਪਰੇਸ਼ਾਨ ਕਰਦੀ।

**ਲਿਖਤ : ਰਜਵੰਤ ਕੌਰ ਚਨਾਰਥਲ**
**ਸੰਪਰਕ: 81465-51328**

# ਫ਼ੌਜਣ

ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਮਾਹੀ ਮੇਰਾ ਲਾਮ 'ਤੇ ਵਿਛੋੜੇ ਮੈਨੂੰ ਮਾਰਿਆ
ਮਾਂ, ਬਾਬਲ, ਵੀਰੇ ਹੱਥੀਂ ਕਰੀਆਂ ਛਾਵਾਂ ਸੀ,
ਚਾਵਾਂ ਨਾਲ ਮੇਰੀਆਂ ਦਿੱਤੀਆਂ ਲਾਵਾਂ ਸੀ
ਸੁਹਰੇ ਘਰ ਸਸਤੀ ਨੇ ਪਾਣੀ ਸੀ ਵਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਸ਼ਾਮੀਂ ਕੰਗਣਾ ਸਵੇਰੇ ਛਿਟੀਆਂ ਅਸੀਂ ਖੇਲੇ,
ਚੜ੍ਹੇ ਵਿਸਾਖ ਗਏ ਸੀ ਵਿਸਾਖੀ ਵਾਲੇ ਮੇਲੇ
ਤੀਆਂ ਤੀਜ ਵਾਂਗ ਸਮਾਂ ਸੀ ਗੁਜ਼ਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਮਾਹੀ ਮੇਰਾ ਸਿਪਾਹੀ ਇਹ ਗੱਲ ਸੀ ਜਾਣਦੀ,
ਤੁਰ ਜਾਣਾ ਲਾਮ ਇਹ ਭੇਤ ਨਾ ਸੀ ਜਾਣਦੀ
ਫ਼ੌਜੀ ਤੁਰ ਜਾਣ ਜਦ ਸਾਹਬ ਨੇ ਪੁਕਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਉੱਦਣ ਲੱਗੇ ਮੇਰਾ ਸਿਪਾਹੀ ਲਫਟੈਨ ਜਿਹਾ,
ਕੁਝ ਬੋਲ ਨਾ ਹੋਵੇ ਚਿੱਤ ਹੋਵੇ ਬੇਚੈਨ ਜਿਹਾ।
ਸਹੁਰੇ-ਜੇਠ ਦੀ ਸੰਗ ਨੇ ਬੋਲਣੋਂ ਨਕਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਉਹਦੀ ਰੇਲ ਵਾਲੀ ਕੂਕ ਕੰਨਾਂ ਵਿੱਚ ਗੂੰਜਦੀ,
ਰੁੜ੍ਹਿਆ ਕਜਲਾ ਹੱਥਾਂ ਵਾਲੀ ਮਹਿੰਦੀ ਪੂੰਝਦੀ
ਭੁੱਲੀ ਮੈਂ ਭੁੱਖ ਪਿਆਸ ਨਾ ਖੁਦ ਨੂੰ ਸੰਵਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਵੰਗਾਂ ਲੈ ਲੋ ਵੰਗਾਂ, ਆਵਾਜ਼ ਗਲੀ ਵਿੱਚੋਂ ਆਈ,
ਨਾ ਲਿਆ ਮੈਂ ਦੰਦਾਸਾ ਕੋਈ ਵੰਗ ਨਾ ਚੜ੍ਹਾਈ।
ਫ਼ੌਜਣ ਦਾ ਫ਼ੌਜੀ ਘਰ ਆਊ ਆਵੀਂ ਵਣਜਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਭਾਵੇਂ ਨੱਕ-ਲੌਂਗ ਦੀ ਲਿਸ਼ਕਾਰ 'ਵਾਜਾਂ ਮਾਰਦੀ,
ਭਾਵੇਂ ਪੱਬ-ਪੰਜੇਬਾਂ ਦੀ ਛਣਕਾਰ 'ਵਾਜਾਂ ਮਾਰਦੀ।
ਲਾਮ ਵਿੱਚੇ ਛੱਡ ਕੇ ਨਾ ਆਵੀਂ ਤੂੰ ਸਹਾਰਿਆ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...
ਆ ਵੇਖ ਵੇ ਚੰਨਾ ਤੂੰ ਵੀ ਤੱਕ ਇੱਧਰ ਤਾਰਿਆ,
ਡਾਕੀਏ ਸੁਣਾਈ ਚਿੱਠੀ ਦਿਲ ਮੇਰਾ ਠਾਰਿਆ।
ਆ ਰਹੀਆਂ ਜੇਤੂ ਫ਼ੌਜਾਂ ਦੁਸ਼ਮਣ ਹੈ ਹਾਰਿਆ,
ਸੁਣ ਸੁਣ ਵੇ ਚੰਨਾ ਤੂੰ ਸੁਣ ਲੈ ਵੇ ਤਾਰਿਆ...
ਤੱਕ ਫ਼ੌਜਣ ਦਾ ਫ਼ੌਜੀ ਫ਼ੌਜਣ ਕੋਲ ਆ ਰਿਹਾ,
ਸੁਣ ਸੁਣ ਵੇ ਚੰਨਾ ਤੂੰ ਵੀ ਸੁਣ ਵੇ ਤਾਰਿਆ...

**ਮਨਜੀਤ ਸਿੰਘ ਬੱਧਣ**



ਨਾਰੀ  ਸੰਸਾਰ



# ਮਾਂ ਦੀ ਕਦਰ



ਲਿਖਤ : ਨੀਟਾ ਭਾਟੀਆ

**ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਵੇ**
**ਲੈਕੇ ਜਿਸ ਤੋਂ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ।**

ਮਾਂ ਸ਼ਬਦ ਕਹਿੰਦਿਆਂ ਹੀ ਮੂੰਹ ਮਿਠਾਸ ਨਾਲ ਭਰ ਜਾਂਦਾ ਹੈ। ਮਾਂ ਸ਼ਬਦ ਦਾ ਅਰਥ ਹੈ ਮਮਤਾ ਦੀ ਦੇਵੀ, ਅਰਥਾਤ ਪਿਆਰ ਨਾਲ ਭਰੀ ਹੋਈ ਮੂਰਤੀ। ਮਾਂ ਪਿਆਰ ਦਾ ਅਥਾਹ ਸਮੁੰਦਰ ਹੈ। ਇਸੇ ਲਈ ਫੀਰੋਜ਼ਦੀਨ ਸ਼ਰਫ ਆਪਣੀ ਕਵਿਤਾ

'ਮਾਂ ਦਾ ਦਿਲ' ਵਿੱਚ ਲਿਖਦੇ ਹਨ:

ਮਾਂ ਛਾਂ ਜਿੰਦਗੀ ਦੇ ਨਿੱਕੜੇ ਜਿਹੇ ਦਿਲ ਵਿੱਚ
ਸੋਮਾ ਉਹ ਮੁੱਹਬਤਾਂ ਦਾ ਰੱਬ ਨੇ ਪਸਾਰਿਆ।
**ਅੱਜ ਤੀਕਣ ਜੀਹਦਾ ਕਿਸੇ ਥਾਹ ਤਲਾ ਨਹੀਂ ਲੱਭਾ,**
**ਮਾਰ -ਮਾਰ ਟੁੱਭੀਆਂ ਹੈ ਸਾਰਾ ਜੱਗ ਹਾਰਿਆ।**

ਮਾਂ ਜਿਸਨੇ ਸਿਰਫ ਸਾਨੂੰ ਜਨਮ ਹੀ ਨਹੀਂ ਦਿੱਤਾ, ਸਗੋਂ ਦੁੱਖ, ਹਨੇਰੀ, ਧੁੱਪ, ਛਾਂ ਅਤੇ ਇਸ ਦੁਨੀਆਂ ਦੀਆਂ ਭੈੜੀਆਂ ਨਜ਼ਰਾਂ ਤੋਂ ਸਾਨੂੰ ਆਪਣੇ ਪਿਆਰ ਤੇ ਮਮਤਾ ਦੀ ਭਰੀ ਬੁੱਕਲ ਵਿੱਚੋਂ ਲੱਕੋ ਕੇ ਬਚਾਉਂਦੀ ਹੈ। ਮਾਂ ਦਾ ਦਰਜਾ ਰੱਬ ਸਮਾਨ ਹੈ।

ਮੈਂ ਤਾਂ ਕਹਾਂਗੀ ਕਿ ਰੱਬ ਤੋਂ ਵੀ ਉੱਪਰ ਹੈ ਕਿਉਂਕਿ ਰੱਬ ਨੂੰ ਪਾਉਣ ਲਈ ਭਗਤੀ ਕਰਨੀ ਪੈਂਦੀ ਹੈ, ਤਪ ਕਰਨਾ ਪੈਂਦਾ ਹੈ ਪਰ ਮਾਂ ਤੇ ਜਨਮ ਸਮੇਂ ਤੋਂ ਹੀ ਸਾਡੇ ਨਾਲ ਹੁੰਦੀ ਹੈ। ਹਰ ਦੁੱਖ -ਸੁੱਖ ਵਿੱਚ ਹਮੇਸ਼ਾ ਸਾਥ ਦਿੰਦੀ ਹੈ। ਮਾਂ ਇੱਕ ਭੈਣ, ਪਤਨੀ, ਭਰਜਾਈ , ਨਨਾਨ ਵੀ ਹੈ ਪਰ ਮਾਂ ਨੂੰ ਛੱਡ ਕੇ ਬਾਕੀ ਸਾਰੇ ਰਿਸ਼ਤੇ ਕਿਸੇ ਨਾਲ ਕਿਸੇ ਸਵਾਰਥ ਨਾਲ ਬੱਝੇ ਹੋਏ ਹਨ ਪਰ ਇੱਕ ਮਾਂ ਦਾ ਰਿਸ਼ਤਾ ਹੀ ਇਹੋ ਜਿਹਾ ਹੈ ਜੋ ਸਵਾਰਥ ਰਹਿਤ ਹੈ। ਉਹ ਆਪਣੇ ਧੀ-ਪੁੱਤਰਾਂ ਲਈ ਹਰ ਤਰਾਂ ਦਾ ਤਿਆਗ, ਕੁਰਬਾਨੀ ਦੇਣ ਲਈ ਤਿਆਰ ਰਹਿੰਦੀ ਹੈ। ਆਪਣੀਆਂ ਲੋੜਾਂ ਭੁੱਲ ਕੇ ਸਿਰਫ਼ ਆਪਣੇ ਬੱਚਿਆਂ ਦੇ ਸੁਪਨੇ ਪੂਰੇ ਕਰਦੀ ਹੈ । ਆਪਣੇ ਬੱਚੇ ਨੂੰ ਸੁੱਕੀ ਥਾਂ ਤੇ ਪਾ ਕੇ ਆਪ ਗਿੱਲੀ ਥਾਂ ਤੇ ਸੌਣਾ ਅਤੇ ਆਪ ਭੁੱਖੇ ਰਹਿ ਕੇ ਆਪਣੇ ਬੱਚੇ ਦਾ ਪੇਟ ਭਰਨਾ, ਸਿਰਫ ਇੰਨੀ ਸ਼ਕਤੀ ਮਾਂ ਵਿੱਚ ਹੀ ਹੁੰਦੀ ਹੈ। ਜਿਸ ਤਰਾਂ ਉਹ ਰੱਬ ਸਭ ਦਾ ਪਾਲਣ-ਪੋਸ਼ਣ ਕਰਦਾ ਹੈ, ਨਿਆਸਰਿਆਂ ਦਾ ਆਸਰਾ ਬਣਦਾ ਹੈ, ਉਸੇ ਤਰਾਂ ਸਿਰਫ ਮਾਂ ਹੈ, ਜਿਸਨੂੰ ਇਹ ਫਿਕਰ ਹੁੰਦਾ ਹੈ ਕਿ ਉਸਦੇ ਬੱਚਿਆਂ ਦੀਆਂ ਕੀ ਲੋੜਾਂ ਹਨ ਅਤੇ ਉਸਨੇ ਕਿਸ ਤਰ੍ਹਾਂ ਉਨਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ। ਪਰ ਬੜੀ ਅਫ਼ਸੋਸ ਦੀ ਗੱਲ ਹੈ ਕਿ ਅੱਜ ਦੇ ਸਮੇਂ ਵਿੱਚ ਕਈ ਘਰਾਂ ਵਿੱਚ ਮਾਂ ਨੂੰ ਬੋਝ ਸਮਝਿਆ ਜਾਂਦਾ ਹੈ। ਨੂੰਹ-ਪੁੱਤ ਪੈਸੇ ਦੀ ਦੌੜ ਵਿੱਚ ਅਜਿਹੇ ਲੱਗੇ ਹੋਏ ਹਨ ਕਿ ਉਹਨਾਂ ਨੂੰ ਮਾਂ ਅਤੇ ਆਪਣੇ ਬਜ਼ੁਰਗਾਂ ਕੋਲ ਬੈਠਣ ਦਾ ਸਮਾਂ ਹੀ ਨਹੀਂ। ਪੋਤੇ -ਪੋਤਰੀਆਂ ਵੀ ਜੋ ਕਿ ਦਾਦੇ ਦਾਦੀ ਨੂੰ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ, ਕੋਲ ਬੈਠਣਾ ਪਸੰਦ ਨਹੀਂ ਕਰਦੇ ਕਿਉਂਕਿ ਉਹਨਾਂ ਦੀਆਂ ਗੱਲਾਂ ਉਹਨਾਂ ਨੂੰ ਚੰਗੀਆਂ ਨਹੀਂ ਲੱਗਦੀਆਂ। ਜੇਕਰ ਉਹ ਗਲਤ ਕੰਮ ਤੋਂ ਟੋਕ ਦੇਣ ਤਾਂ ਉਹ ਪਲਟ ਕੇ ਜਵਾਬ ਦੇ ਦਿੰਦੇ ਹਨ। ਦਾਦਾ ਦਾਦੀ ਬੱਚਿਆਂ ਦੇ ਇਸ ਵਰਤਾਅ ਤੋਂ ਬਹੁਤ ਦੁਖੀ ਹੁੰਦੇ ਹਨ।

ਮੈਂ ਤਾਂ ਸੋਚਦੀ ਹਾਂ ਕਿ "ਕੀ , ਫਾਇਦਾ ਮਰਨ ਤੋਂ ਬਾਅਦ ਲੰਗਰ ਲਾਉਣ ਦਾ, ਜੇਕਰ ਜੀਉਂਦਿਆਂ ਜੀ ਮਾਂ ਨੂੰ ਪੁੱਛਣਾ ਨਹੀਂ, ਉਸਦੀ ਕਦਰ ਨਹੀਂ ਕਰਨੀ। ਅੱਜ ਤਾਂ ਸਾਡੀ ਉਹ ਹਾਲਤ ਹੈ "ਜਿਉਂਦਿਆਂ ਨੂੰ ਡਾਗਾਂ ਤੇ ਮੋਇਆਂ ਨੂੰ ਬਾਂਗਾ" । ਜੇਕਰ ਮਾਂ ਦੇ ਜਿਉਂਦਿਆਂ ਜੀ ਉਸਦਾ ਹਾਲ ਪੁੱਛ ਲਿਆ ਜਾਵੇ, ਉਸ ਦੇ ਕੋਲ ਦੋ ਪਲ ਬੈਠ ਕੇ ਦੁੱਖ-ਸੁੱਖ ਫੋਲ ਲਿਆ ਜਾਵੇ ਉਸਨੂੰ ਕਿਸੇ ਕਿਸੇ ਚੀਜ਼ ਦੀ ਲੋੜ ਤਾਂ ਨਹੀ, ਤਾਂ ਇੰਨੇ ਵਿੱਚ ਹੀ ਮਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਨੂੰਹ ਇਹ ਨਹੀਂ ਸੋਚਦੀ ਕਿ ਉਸਨੇ ਸਦਾ ਨੂੰਹ ਨਹੀਂ ਰਹਿਣਾ । ਉਸਨੇ ਵੀ ਕਦੀ ਸੱਸ ਬਣਨਾ ਹੈ । ਮਾਂ ਭਾਵੇਂ ਆਪਣੀ ਹੋਵੇ ਜਾਂ ਫਿਰ ਪਤੀ ਦੀ ਮਾਂ ਤੇ ਮਾਂ ਹੈ। ਜਿਸਨੇ ਸਾਨੂੰ ਪਾਲਣ ਲਈ ਸਾਰੇ ਕਸ਼ਟ ਆਪਣੇ ਸੀਨੇ ਤੇ ਜ਼ਰੇ ਹਨ। ਸੱਚ ਆਖਦੇ ਨੇ ਕਿ ਕਿਸੇ ਚੀਜ਼ ਦੀ ਅਹਿਮੀਅਤ ਸਾਨੂੰ ਉਦੋਂ ਹੀ ਪਤਾ ਚਲਦੀ ਹੈ ਜਦੋਂ ਉਹ ਚੀਜ਼ ਸਾਥੋਂ ਖੋਹੀ ਜਾਵੇ ਜਾਂ ਦੂਰ ਚਲੀ ਜਾਵੇ। ਮਾਂ ਦੀ ਕੀ ਅਹਿਮੀਅਤ ਹੈ ਇਹ ਉਹਨਾਂ ਬਦਕਿਸਮਤ ਧੀਆਂ ਪੁੱਤਾਂ ਨੂੰ ਪੁੱਛ ਕੇ ਵੇਖੋ, ਜਿਨਾਂ ਦੀ ਜਿੰਦਗੀ ਵਿੱਚ ਜਨਮ ਦੇਣ ਵਾਲੀਆਂ ਮਾਵਾਂ ਨਹੀਂ ਰਹੀਆਂ । ਰੱਬਾ ਕਦੀ ਵੀ ਬੱਚਿਆਂ ਨੂੰ ਮਾਂ ਦਾ ਵਿਛੋੜਾ ਨਾ ਸਹਿਣਾ ਪਵੇ । ਇੱਕ ਸ਼ਾਇਰ ਮਾਂ ਤੋਂ ਪਏ ਵਿਛੋੜੇ ਦਾ ਦਰਦ ਦੱਸਦਿਆ ਆਖਦਾ ਹੈ:

**ਕੱਲਿਆ ਛੱਡ ਕੇ ਮਾਂ ਤੁਰ ਗਈ ਏ।**
**ਏਦਾ ਲਗਦਾ ਛਾਂ ਤੁਰ ਗਈ ਏ।**
**ਸ਼ਾਇਦ ਹੀ ਹੁਣ ਨੀਂਦਰ ਆਵੇ**
**ਸਿਰ ਦੇ ਹੇਠੋਂ ਬਾਂਹ ਤੁਰ ਗਈ ਏ।**

ਧੀਆਂ ਲਈ ਤਾਂ ਮਾਵਾਂ ਤੋਂ ਨੇੜੇ ਦਾ ਕੋਈ ਸਾਕ ਹੀ ਨਹੀਂ। ਮਾਂ ਧੀ ਦੀ ਸਹੇਲੀ ਵੀ ਹੈ, ਹਮਰਾਜ ਵੀ ਹੈ ਤੇ ਮਾਰਗ ਦਰਸ਼ਕ ਵੀ । ਜਦੋਂ ਧੀ ਸਹੁਰੇ ਘਰ ਤੋਂ ਮਾਂ ਘਰ ਆਉਦੀਂ ਹੈ ਤਾਂ ਸਭ ਤੋਂ ਜਿਆਦਾ ਖੁਸ਼ੀ ਮਾਂ ਨੂੰ ਹੀ ਹੁੰਦੀ ਹੈ ਤੇ ਜੇ ਮਾਂ ਦੁਨੀਆ ਤੋਂ ਨਾ ਰਹੇ ਤਾਂ ਪੇਕਾ ਘਰ ਸੁੰਨਾ-ਸੁੰਨਾ ਲਗਦਾ ਹੈ। ਮਾਂ ਵਰਗਾ ਇਸ ਦੁਨੀਆਂ ਵਿੱਚ ਹੋਰ ਕੋਈ ਨਹੀਂ ਹੈ। ਆਉ! ਅਸੀਂ ਅੱਜ ਪ੍ਰਣ ਕਰ ਲਈਏ ਕਿ ਆਪਣੀ ਮਾਂ ਦੇ ਬਲਿਦਾਨ ਨੂੰ ਕਦੇ ਵਿਅਰਥ ਨਹੀਂ ਹੋਣ ਦੇਣਾ। ਉਸਦੇ ਸੁਪਨੇ ਪੂਰੇ ਕਰਨਾ ਸਿਰਫ ਸਾਡਾ ਹੀ ਫਰਜ਼ ਹੈ।

**ਉਂਞ ਦੁਨੀਆਂ ਤੇ ਪਰਬਤ ਲੱਖਾਂ ,**
**ਕੁੱਝ ਉਸ ਤੋਂ ਉੱਚੀਆਂ ਥਾਵਾਂ ਨੇ**
**ਕੰਡੇ ਜਿੰਨਾਂ ਛੁਪਾ ਲਏ ਹਿੱਕ ਵਿੱਚ**
**ਕੁਝ ਕੁ ਐਸੀਆਂ ਰਾਵਾਂ ਨੇ**
**ਚੀਸਾਂ ਲੈ ਅਸੀਸਾਂ ਦੇਂਦੀ**
**ਜਖਮਾਂ ਬਦਲੇ ਕਸਮਾਂ ਵੇ**
**ਆਪਣੇ ਲਈ, ਕਦੇ ਵੀ ਕੁਝ ਨਹੀ ਮੰਗਿਆ**
**ਉਸ ਰੱਬ ਰੂਪੀ ਮਾਵਾਂ ਨੇ।**

# ਕਿਤਾਬਾਂ ਵਿੱਚ ਬੱਚਿਆਂ ਰੁਚੀ ਵਧਾਈਏ

ਲਿਖਤ : ਵਿਜੈ ਗਰਗ, ਸਾਬਕਾ ਪ੍ਰਿੰਸੀਪਲ

ਸਕਾਰਾਤਮਕ ਵਿਚਾਰਾਂ ਨਾਲੋਂ ਬਹੁਤ ਸਾਰੇ ਨਕਾਰਾਤਮਕ ਵਿਚਾਰ ਮਨ ਵਿੱਚ ਆਉਂਦੇ ਹਨ. ਉਨ੍ਹਾਂ ਨੂੰ ਸੁਣ ਕੇ ਇੰਞ ਲੱਗਦਾ ਹੈ ਜਿਵੇਂ ਸਾਡੀ ਥਾਂ ਬੱਚਿਆਂ ਲਈ ਕੁਝ ਵੀ ਲਿਖਿਆ ਜਾਂ ਪੜ੍ਹਿਆ ਨਹੀਂ ਜਾਂਦਾ। ਬਹੁਤ ਸਾਰੇ ਅਧਿਆਪਕਾਂ ਦਾ ਕਹਿਣਾ ਹੈ ਕਿ ਉਹ ਕਵਿਤਾ ਦੀਆਂ ਕਿਤਾਬਾਂ ਚਾਹੁੰਦੇ ਹਨ ਜਿਨ੍ਹਾਂ ਵਿੱਚ ਮਜ਼ੇਦਾਰ ਗੀਤ ਹੋਣ ਜਿਨ੍ਹਾਂ ਨੂੰ ਸੁਰ ਵਿੱਚ ਗਾਇਆ ਜਾ ਸਕੇ। ਦੇਖਣ ਵਾਲੀ ਗੱਲ ਇਹ ਹੈ ਕਿ ਬੱਚਿਆਂ ਲਈ ਬਹੁਤ ਘੱਟ ਹਾਸ-ਰਸ ਕਵਿਤਾਵਾਂ ਜਾਂ ਕਹਾਣੀਆਂ ਲਿਖੀਆਂ ਜਾਂਦੀਆਂ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਅਜਿਹਾ ਕਿਉਂ ਹੈ। ਜਦੋਂ ਕਿ ਹਰ ਰਚਨਾਕਾਰ ਨੂੰ ਛੋਟੇ ਬੱਚਿਆਂ ਦਾ ਹਾਸਾ ਪਸੰਦ ਹੁੰਦਾ ਹੈ। ਫਿਰ ਅਜਿਹੀਆਂ ਰਚਨਾਵਾਂ ਘੱਟ ਕਿਉਂ ਹਨਲਿਖੇ ਗਏ ਹਨ। ਹੋਰ ਕਿਤਾਬਾਂ ਜਿਨ੍ਹਾਂ ਦੀ ਅਧਿਆਪਕਾਂ ਨੂੰ ਸਭ ਤੋਂ ਵੱਧ ਲੋੜ ਹੁੰਦੀ ਹੈ ਉਹ ਬੱਚਿਆਂ ਦੇ ਨਾਟਕ ਹਨ। ਇਨ੍ਹਾਂ ਦੀ ਗਿਣਤੀ ਵੀ ਘੱਟ ਦਿਖਾਈ ਦਿੰਦੀ ਹੈ। ਇਨ੍ਹਾਂ ਦੀ ਅਧਿਆਪਕਾਂ ਨੂੰ ਵਧੇਰੇ ਲੋੜ ਹੁੰਦੀ ਹੈ ਤਾਂ ਜੋ ਸਕੂਲਾਂ ਵਿੱਚ ਸਮੇਂ-ਸਮੇਂ 'ਤੇ ਹੋਣ ਵਾਲੇ ਸਮਾਗਮਾਂ ਵਿੱਚ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਲੇਖਕਾਂ ਦੀ ਸ਼ਿਕਾਇਤ ਹੈ ਕਿ ਬਹੁਤ ਘੱਟ ਪ੍ਰਕਾਸ਼ਕ ਹਨ ਜੋ ਬੱਚਿਆਂ ਦੀਆਂ ਕਹਾਣੀਆਂ, ਕਵਿਤਾਵਾਂ, ਨਾਟਕ, ਫੁਟਕਲ ਸਮੱਗਰੀ ਪ੍ਰਕਾਸ਼ਿਤ ਕਰਦੇ ਹਨ। ਜੇ ਕਿਤਾਬਾਂ ਛਪੀਆਂ ਵੀ ਹਨ ਤਾਂ ਅਕਸਰ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਬਾਲ ਸਾਹਿਤ, ਪੁਸਤਕਾਂ ਬਾਰੇ ਜਾਣਕਾਰੀ ਦੇਣ ਵਾਲੇ ਅਖ਼ਬਾਰ ਅਤੇ ਰਸਾਲੇ ਵੀ ਬਹੁਤ ਘੱਟ ਹਨ। ਬਹੁਤ ਸਾਰੇਸਾਰੇ ਮਸ਼ਹੂਰ ਮੈਗਜ਼ੀਨ ਬੰਦ ਕਰ ਦਿੱਤੇ ਗਏ ਹਨ। ਅਖ਼ਬਾਰਾਂ ਵਿੱਚ ਵੀ ਬੱਚਿਆਂ ਲਈ ਛਪੀ ਸਮੱਗਰੀ ਹੁਣ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਹਰ ਸਾਲ ਬੱਚਿਆਂ ਲਈ ਹਜ਼ਾਰਾਂ ਕਿਤਾਬਾਂ ਪ੍ਰਕਾਸ਼ਿਤ ਹੁੰਦੀਆਂ ਹਨ। ਉਹ ਵੀ ਵੇਚੇ ਜਾਂਦੇ ਹਨ, ਪਰ ਉਹਨਾਂ ਦੀਆਂ ਸਮੀਖਿਆਵਾਂ ਉਹਨਾਂ ਦੀ ਜਾਣਕਾਰੀ ਲਈ ਬਹੁਤ ਘੱਟ ਥਾਵਾਂ 'ਤੇ ਦਿਖਾਈ ਦਿੰਦੀਆਂ ਹਨ. ਕੋਈ ਵੀ ਕਿਉਂ ਨਾ ਹੋਵੇ, ਜਦੋਂ ਸਾਰੇ ਮਾਧਿਅਮਾਂ ਵਿੱਚ ਬਾਲ ਸਾਹਿਤ ਲਈ ਕੋਈ ਥਾਂ ਨਹੀਂ ਹੈ। ਹਾਂ, ਸੋਸ਼ਲ ਮੀਡੀਆ ਰਾਹੀਂ ਬਹੁਤ ਸਾਰੀ ਜਾਣਕਾਰੀ ਜ਼ਰੂਰ ਮਿਲਦੀ ਹੈ। ਬਹੁਤ ਸਾਰੇ ਰਚਨਾਕਾਰ ਫੇਸਬੁੱਕ 'ਤੇ ਆਪਣੀਆਂ ਰਚਨਾਵਾਂ ਸਾਂਝੀਆਂ ਕਰਦੇ ਹਨ। ਅੱਜਕੱਲ੍ਹ ਬਹੁਤ ਸਾਰੇ ਸਿਰਜਣਹਾਰ ਆਪਣਾ ਯੂਟਿਊਬ ਚੈਨਲ ਵੀ ਚਲਾ ਰਹੇ ਹਨ। ਵਾਲਸਾਹਿਤ ਦੀ ਜਾਣਕਾਰੀ ਲਈ ਕਈ ਵਟਸਐਪ ਗਰੁੱਪ ਵੀ ਹਨ। ਫਿਰ ਵੀ ਕਈ ਲੋਕ ਇਹ ਕਹਿੰਦੇ ਹੋਏ ਪਾਏ ਜਾਂਦੇ ਹਨ ਕਿ ਆਪਣੇ ਦੇਸ਼ ਵਿਚ ਬੱਚਿਆਂ ਲਈ ਕੁਝ ਨਹੀਂ ਲਿਖਿਆ ਜਾਂਦਾ। ਜੋ ਲਿਖਿਆ ਹੈ, ਉਸ ਵਿੱਚ ਫੁੱਲਾਂ, ਪੰਛੀਆਂ, ਦਾਦੀਆਂ, ਦਾਦੀਆਂ, ਸਕੂਲਾਂ ਆਦਿ ਬਾਰੇ ਖਾਲੀ ਉਪਦੇਸ਼ ਅਤੇ ਉਹੀ ਗੱਲਾਂ ਹਨ, ਅਤੇ ਵਿਗਿਆਨ ਲਿਖਣਾ ਬੱਚਿਆਂ ਲਈ ਬਿਲਕੁਲ ਨਹੀਂ ਹੈ। ਅਜਿਹਾ ਇਸ ਲਈ ਕਿਹਾ ਗਿਆ ਹੈ ਕਿਉਂਕਿ ਜਾਣਕਾਰੀ ਦੀ ਬਹੁਤ ਘਾਟ ਹੈ। ਪੰਛੀ, ਤੋਤੇ, ਅਸਮਾਨ, ਬੱਦਲ, ਦਾਦੀ, ਦਾਦੀ 'ਤੇ ਲਿਖਣਾ ਮਾੜਾ ਕਿਉਂ ਹੈ। ਕੀ ਅਸੀਂ ਬੱਚਿਆਂ ਅਤੇ ਜਾਨਵਰਾਂ ਦੀ ਦੋਸਤੀ ਦੇ ਕਿੱਸੇ ਨਹੀਂ ਸੁਣੇ ਹਨ? ਕੀ ਬੱਚੇ ਉਹਨਾਂ ਨੂੰ ਪਸੰਦ ਕਰਦੇ ਹਨਇਹ ਨਾ ਕਰੋ ਜੇ ਦੇਖਿਆ ਜਾਵੇ ਤਾਂ ਪਤਾ ਲੱਗ ਜਾਵੇ ਕਿ ਇਨ੍ਹਾਂ 'ਤੇ ਲਿਖਣ ਵਾਲਿਆਂ ਨੇ ਕਿਹੜੇ-ਕਿਹੜੇ ਨਵੇਂ ਤਜਰਬੇ ਕੀਤੇ ਸਨ। ਉਹ ਬੱਚਿਆਂ ਦੀ ਦੁਨੀਆਂ ਨਾਲ ਕਿਵੇਂ ਜੁੜਿਆ? ਇਹ ਸੰਕਲਪ ਦਹਾਕਿਆਂ ਤੋਂ ਚੱਲ ਰਿਹਾ ਹੈ ਅਤੇ ਕਿਸੇ ਦੇ ਗਿਆਨ ਨੂੰ ਅੱਪਡੇਟ ਕਰਨ ਨਾਲੋਂ ਜ਼ਿਆਦਾ ਸੰਗੀਤ ਉਸੇ ਡਰੰਮ 'ਤੇ ਵਜਾਇਆ ਜਾਂਦਾ ਹੈ। ਇੱਕ ਢੋਲ ਇਹ ਵੀ ਹੈ ਕਿ ਹਿੰਦੀ ਵਿੱਚ ਵੱਡੇ ਲੇਖਕ ਬੱਚਿਆਂ ਲਈ ਨਹੀਂ ਲਿਖਦੇ। ਆਖ਼ਰਕਾਰ, ਇਹ ਫੈਸਲਾ ਕਿਸਨੇ ਕੀਤਾ ਹੈ ਕਿ ਮਹਾਨ ਲੇਖਕ ਕੌਣ ਹੈ? ਕੋਈ ਵੱਡਾ ਤੇ ਕੋਈ ਛੋਟਾ ਹੋਣ ਦੀ ਕੀ ਪਛਾਣ ਹੈ? ਇਹ ਕਿਵੇਂ ਕੀਤਾ ਜਾ ਸਕਦਾ ਹੈ? ਆਖ਼ਰਕਾਰ, ਬੱਚਿਆਂ ਅਤੇ ਵੱਡਿਆਂ ਲਈ ਲੇਖਕਾਂ ਦੀ ਵੰਡ ਕਿਉਂ ਹੋਣੀ ਚਾਹੀਦੀ ਹੈਲੋੜ ਹੈ. ਇਹ ਕਿਉਂ ਮੰਨਿਆ ਜਾਵੇ ਕਿ ਜਿਹੜੇ ਵੱਡਿਆਂ ਲਈ ਲਿਖਣ ਵਿੱਚ ਕਾਮਯਾਬ ਨਹੀਂ ਹੋ ਸਕੇ ਉਹ ਬਾਲ ਲੇਖਕ ਬਣ ਗਏ? ਅਜਿਹੇ ਲੇਖਕਾਂ ਦੀ ਕੋਈ ਕਮੀ ਨਹੀਂ ਹੈ ਜੋ ਬਾਲਗਾਂ ਅਤੇ ਬੱਚਿਆਂ ਦੋਵਾਂ ਲਈ ਲਿਖਦੇ ਹਨ। ਇਸ ਤੋਂ ਇਲਾਵਾ ਜੋ ਲੇਖਕ ਸਿਰਫ਼ ਬੱਚਿਆਂ ਲਈ ਹੀ ਲਿਖਦੇ ਹਨ, ਉਨ੍ਹਾਂ ਨੂੰ ਸਿਰਫ਼ ਇਸ ਕਰਕੇ ਕਿਉਂ ਨੀਵਾਂ ਸਮਝਿਆ ਜਾਵੇ। ਜਾਂ ਇਹ ਕਿ ਇਸ ਕਿਸਮ ਦੀ ਸੋਚ ਇਸ ਤੱਥ ਨਾਲ ਸਬੰਧਤ ਹੈ ਕਿ ਬੱਚੇ ਅਕਸਰ ਸਾਡੀ ਚਿੰਤਾ ਦੇ ਕੇਂਦਰ ਵਿੱਚ ਨਹੀਂ ਹੁੰਦੇ ਹਨ। ਅਸੀਂ ਹਮੇਸ਼ਾ ਉਨ੍ਹਾਂ ਨੂੰ ਆਪਣੇ ਮੁਕਾਬਲੇ ਘੱਟ ਸਮਝਦੇ ਹਾਂ, ਇਸੇ ਲਈ ਅਸੀਂ ਉਨ੍ਹਾਂ ਲਈ ਲਿਖਣ ਵਾਲਿਆਂ ਲਈ ਵੀ ਇਹੋ ਜਿਹੀ ਰਾਏ ਪ੍ਰਗਟ ਕਰਦੇ ਰਹਿੰਦੇ ਹਾਂ। ਜਿਨ੍ਹਾਂ ਨੂੰ ਮਹਾਨ ਲੇਖਕ ਕਿਹਾ ਜਾਂਦਾ ਹੈਉਸ ਦੀਆਂ ਲਿਖਤਾਂ ਬਾਰੇ ਜਾਣਕਾਰੀ ਦੀ ਘਾਟ ਹੈ। ਇੱਕ ਗੱਲ ਹੋਰ ਕਹੀ ਜਾਂਦੀ ਹੈ ਕਿ ਅੱਜਕੱਲ੍ਹ ਦੇ ਬੱਚੇ ਪੜ੍ਹਾਈ ਨਹੀਂ ਕਰਦੇ। ਕੀ ਇਹ ਸੱਚਮੁੱਚ ਅਜਿਹਾ ਹੈ? ਜੇ ਹਾਂ, ਤਾਂ ਕਿਤਾਬਾਂ ਕਿਵੇਂ ਵਿਕਦੀਆਂ ਹਨ? ਉਹ ਵੀ ਕਿਉਂ ਛਾਪੇ ਜਾਂਦੇ ਹਨ? ਫਿਰ ਅੱਜ ਕੱਲ੍ਹ ਕਿੰਨੇ ਮਾਪੇ ਹਨ ਜੋ ਕਿਤਾਬਾਂ ਖਰੀਦ ਕੇ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਦਿੰਦੇ ਹਨ। ਉਨ੍ਹਾਂ ਨੂੰ ਸਿਲੇਬਸ ਤੋਂ ਇਲਾਵਾ ਹੋਰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰੋ। ਜਦੋਂ ਵੀ ਉਹ ਬੱਚਿਆਂ ਨੂੰ ਤੋਹਫ਼ੇ ਦੇਣ ਬਾਰੇ ਸੋਚਦੇ ਹਨ, ਕਿਤਾਬਾਂ ਕਿਤੇ ਨਜ਼ਰ ਨਹੀਂ ਆਉਂਦੀਆਂ. ਜੋ ਵੀ ਕਿਤਾਬਾਂ ਮੌਜੂਦ ਹਨ, ਉਹ ਮਾਤ ਭਾਸ਼ਾਵਾਂ ਦੇ ਮੁਕਾਬਲੇ ਅੰਗਰੇਜ਼ੀ ਵਿੱਚ ਹਨ। ਹਰਮਾਪੇ ਆਪਣੇ ਬੱਚਿਆਂ ਦੀ ਅੰਗਰੇਜ਼ੀ ਨੂੰ ਸੁਧਾਰਨ 'ਤੇ ਜ਼ੋਰ ਦਿੰਦੇ ਹਨ। ਕਿਉਂਕਿ ਦਹਾਕਿਆਂ ਤੋਂ ਕੁਝ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਜਿਸ ਵਿੱਚ ਅੰਗਰੇਜ਼ੀ ਨੂੰ ਸਫ਼ਲ ਸਮਝਿਆ ਜਾਂਦਾ ਹੈ। ਹਰ ਭਾਸ਼ਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਪਰ ਇਸ ਨੂੰ ਪੜ੍ਹਨ ਅਤੇ ਜਾਣਨ ਵਾਲੇ ਹੀ ਕਾਮਯਾਬ ਹੋ ਸਕਦੇ ਹਨ, ਇਹ ਸੋਚ ਘਟਣ ਦੀ ਬਜਾਏ ਲਗਾਤਾਰ ਵਧਦੀ ਜਾ ਰਹੀ ਹੈ। ਜਿਹੜੇ ਲੋਕ ਹਿੰਦੀ ਦੇ ਨਿਰਮਾਤਾ ਹਨ, ਉਹ ਇਸ ਭਾਸ਼ਾ ਦੇ ਵਿਕਾਸ ਲਈ ਬਹੁਤ ਯਤਨ ਕਰਦੇ ਹਨ।



# ਔਰਤਾਂ ਲਈ ਲਾਹੇਵੰਦ ਹੈ 'ਇਲਾਇਚੀ ਦਾ ਪਾਣੀ'

1. ਗਲੇ ਦੀ ਇਨਫੈਕਸ਼ਨ ਨੂੰ ਕਰੇ ਦੂਰ : ਜੇਕਰ ਗਲੇ 'ਚ ਤਕਲੀਫ ਰਹਿੰਦੀ ਹੈ ਜਾਂ ਗਲਾ ਦਰਦ ਹੋ ਰਿਹਾ ਹੈ ਤਾਂ ਸਵੇਰੇ ਉੱਠਦੇ ਅਤੇ ਰਾਤ ਨੂੰ ਸੌਣ ਸਮੇਂ ਇਚਾਇਚੀ ਚਬਾ ਕੇ ਖਾਣ ਤੋਂ ਬਾਅਦ ਥੋੜ੍ਹਾ ਗਰਮ ਪਾਣੀ ਪੀਓ।
2. ਵਾਲਾਂ ਦਾ ਝੜਨਾ ਕਰੇ ਘੱਟ : ਪ੍ਰਦੂਸ਼ਣ ਦਾ ਅਟੈਕ, ਤਣਾਅ ਅਤੇ ਖਰਾਬ ਡਾਈਟ ਵਾਲਾਂ ਨੂੰ ਕਮਜ਼ੋਰ ਕਰ ਦਿੰਦੀ ਹੈ, ਜਿਸ ਕਾਰਨ ਵਾਲ ਝੜਣ ਲੱਗਦੇ ਹਨ। ਪਰ ਇਹ ਉਪਾਅ ਵਾਲਾਂ ਨੂੰ ਝੜਣ ਤੋਂ ਰੋਕਣ 'ਚ ਕਾਫੀ ਹੱਦ ਤੱਕ ਮਦਦਗਾਰ ਸਾਬਤ ਹੋ ਸਕਦਾ ਹੈ। ਨਾਲ ਹੀ ਇਸ ਨਾਲ ਸਿਕਰੀ ਦੀ ਸਮੱਸਿਆ ਵੀ ਦੂਰ ਹੋ ਜਾਵੇਗੀ।
3. ਮੂੰਹ ਦੀ ਬਦਬੂ ਕਰੇ ਖ਼ਤਮ : ਕਈ ਵਾਰ ਇਨਸਾਨ ਨੂੰ ਮੂੰਹ 'ਚੋਂ ਬਦਬੂ ਆਉਣ ਕਰਕੇ ਬੇਹੱਦ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰੀ ਇਲਾਇਚੀ ਦਾ ਪਾਣੀ ਮੂੰਹ 'ਚੋਂ ਬਦਬੂ ਖਤਮ ਕਰਨ 'ਚ ਬੇਹੱਦ ਫ਼ਾਇਦੇਮੰਦ ਹੁੰਦਾ ਹੈ। ਰੋਜ਼ਾਨਾ ਸਵੇਰ ਦੇ ਸਮੇਂ ਇਲਾਇਚੀ ਵਾਲਾ ਉਬਲਿਆ ਹੋਇਆ ਪਾਣੀ ਚਾਹੀਦਾ ਹੈ। ਅਜਿਹਾ ਕਰਨ ਦੇ ਨਾਲ ਮੂੰਹ 'ਚੋਂ ਆਉਣ ਵਾਲੀ ਬਦਬੂ ਤੋਂ ਰਾਹਤ ਮਿਲੇਗੀ।



4. ਫਟੇ ਬੁੱਲ੍ਹ ਹੋਣਗੇ ਠੀਕ : ਬਦਲਦੇ ਮੌਸਮ 'ਚ ਬੁੱਲ੍ਹ ਫੱਟਣ ਦੀ ਸਮੱਸਿਆ ਆਮ ਹੈ ਅਜਿਹੇ 'ਚ ਇਲਾਇਚੀ ਨੂੰ ਪੀਸ ਕੇ ਮੱਖਣ ਦੇ ਨਾਲ ਮਿਲਾ ਕੇ ਦਿਨ 'ਚ ਦੋ ਵਾਰ ਲਗਾਓ। ਸੱਤ ਦਿਨਾਂ 'ਚ ਹੀ ਤੁਹਾਨੂੰ ਫਰਕ ਦਿਖਾਈ ਦੇਣ ਲੱਗੇਗਾ।
5. ਕਬਜ਼ ਤੋਂ ਮਿਲੇ ਛੁਟਕਾਰਾ : ਇਲਾਇਚੀ ਵਾਲਾ ਪਾਣੀ ਕਬਜ਼ ਤੋਂ ਰਾਹਤ ਦਿਵਾਉਣ 'ਚ ਵੀ ਬੇਹੱਦ ਫ਼ਾਇਦੇਮੰਦ ਸਾਬਤ ਹੁੰਦਾ ਹੈ। ਜੇਕਰ ਤੁਹਾਨੂੰ ਵੀ ਕਬਜ਼ ਰਹਿੰਦੀ ਹੈ ਤਾਂ ਰੋਜ਼ਾਨਾ ਇਲਾਇਚੀ ਵਾਲਾ ਉਬਲਿਆ ਹੋਇਆ ਪਾਣੀ ਚਾਹੀਦਾ ਹੈ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

..............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

..............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਜੇ ਹਵਾ ਇਹੀ ਰਹੀ ਤਾਂ ?

ਲਿਖਤ : ਕੁਲਦੀਪ ਸਾਹਿਲ, 9417990040

ਦੇਸ਼ ਦੇ ਹੋਰ ਸੂਬਿਆਂ ਵਾਂਗ ਪੰਜਾਬ ਵਿੱਚ ਵੀ ਹਵਾ ਦੇ ਪ੍ਰਦੂਸ਼ਨ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਪੰਜਾਬ ਦਾ ਪ੍ਰਸ਼ਾਸਨ, ਸਰਕਾਰ ਅਤੇ ਲੋਕ ਇਸ ਮੁੱਦੇ ਤੇ ਗੰਭੀਰ ਨਹੀਂ ਹਨ । ਪੰਜਾਬ ਵਿੱਚ ਟ੍ਰੈਫਿਕ ਪੁਲਿਸ ਵਲੋਂ ਕਦੇ ਵੀ ਵਾਹਨਾਂ ਦੇ ਪ੍ਰਦੂਸ਼ਨ ਸਰਟੀਫਿਕੇਟਾ ਦੀ ਜਾਂਚ ਤਾਂ ਬਹੁਤ ਦੂਰ ਦੀ ਗੱਲ ਹੈ ਵੱਡੀ ਮਾਤਰਾ ਵਿੱਚ ਧੂਆਂ ਛੱਡ ਰਹੇ ਵਾਹਨਾਂ ਵਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਅਗਰ ਅੰਕੜਿਆਂ ਦੇ ਹਿਸਾਬ ਨਾਲ ਗੱਲ ਕਰੀਏ ਤਾਂ 80% ਤੋਂ ਵੱਧ ਵਾਹਨਾਂ ਦੇ ਪ੍ਰਦੂਸ਼ਨ ਸਰਟੀਫਿਕੇਟ ਨਹੀਂ ਹਨ ਅਗਰ ਚੰਡੀਗੜ੍ਹ ਦੀ ਗੱਲ ਕਰੀਏ ਤਾਂ ਸਿਰਫ 10% ਵਾਹਨਾਂ ਦੇ ਸਰਟੀਫਿਕੇਟ ਨਹੀਂ ਹਨ। ਚੰਡੀਗੜ੍ਹ ਵਿੱਚ ਡੀਜ਼ਲ ਆਟੋ ਰਿਕਸ਼ਾ ਤੇ ਪਬੰਦੀ ਹੈ ਜਦੋਂ ਕਿ ਪੰਜਾਬ ਵਿੱਚ ਇਹੋ ਜਿਹੇ ਵਾਹਨਾਂ ਤੇ ਕੋਈ ਰੋਕ ਨਹੀਂ ਹੈ। ਪੰਜਾਬ ਵਿੱਚ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨ ਵਾਹਨਾਂ ਅਤੇ ਉਦਯੋਗਾਂ ਦੀ ਵਧਦੀ ਗਿਣਤੀ, ਨਿਰਮਾਣ ਕਾਰਜ, ਕੂੜੇ ਦੇ ਜਲਦੇ ਢੇਰ, ਥਰਮਲ ਪਲਾਂਟ, ਸੜਕਾਂ ਉਤੇ ਉਡਦੀ ਧੂੜ, ਉਤਰੀ ਰਾਜਾਂ ਵਿਚ ਫਸਲਾਂ ਦੀ ਰਹਿੰਦ-ਖਹੂੰਦ ਨੂੰ ਹਰ ਸਾਲ ਲੱਗਦੀ ਅੱਗ ਅਤੇ ਉਸ ਦਾ ਧੂੰਆਂ ਅਤੇ ਦੀਵਾਲੀ ਸਮੇਂ ਜਲਦੇ ਪਟਾਖੇ ਆਦਿ ਹਨ। ਕੋਵਿਡ-19 ਦੇ ਲੌਕਡਾਊਨ ਸਮੇਂ ਪ੍ਰਦੂਸ਼ਨ ਕਾਫੀ ਹੱਦ ਤੱਕ ਘੱਟ ਗਿਆਂ ਸੀ ਕਿਉਂਕਿ ਸਰਕਾਰ ਨੂੰ ਮਜ਼ਬੂਰੀ ਵੱਸ ਉਦਯੋਗ ਅਤੇ ਨਿੱਜੀਵਾਹਨ ਬੰਦ ਕਰਨੇ ਪਏ ਸਨ ਤਾਂ ਇੱਥੋਂ ਦਾ ਅਸਮਾਨ ਬਿਲਕੁਲ ਸਾਫ ਹੋ ਗਿਆ ਸੀ, ਜਦੋਂ ਕਿ ਉਸ ਸਮੇਂ ਪੰਜਾਬ ਅਤੇ ਹਰਿਆਣੇ ਦੇ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਚੁੱਕ ਰਹੇ ਅਤੇ ਫਸਲਾਂ ਦੀ ਰਹਿੰਦ-ਖਹੂੰਦ ਨੂੰ ਵੀ ਅੱਗ ਲਾ ਰਹੇ ਸਨ। ਕੋਇਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ, ਜੋ ਹਰ ਰੋਜ਼ ਵਾਤਾਵਰਨ ਵਿਚ ਵੱਡੀ ਮਾਤਰਾ ਵਿਚ ਸਲਫਰਡਾਇਆਕਸਾਈਡ, ਨਾਈਟਰੋਜਨ ਆਕਸਾਈਡ ਅਤੇ ਪੀ. ਐੱਮ. 10 ਅਤੇ ਪੀ. ਐੱਮ. 2.5 ਦੇ ਕਣ ਸੁੱਟਦੇ ਹਨ, ਉਤੇ ਐਮ. ਓ. ਈ. ਐੱਫ. ਸੀ. ਸੀ. ਵੱਲੋਂ 2015 ਵਿਚ ਨਿਰਧਾਰਤ ਕੀਤੇ ਨਿਯਮ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ। ਥਰਮਲ ਪਲਾਂਟਾਂ ਦੇ ਮਾਲਕਾਂ ਨੇ 2015 ਦੇ ਵਾਤਾਵਰਣ ਨਿਯਮਾਂ ਵਿਚ ਢਿੱਲ ਦੇਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਿੱਤੀ ਸੀ ਅਤੇ ਉਸ ਵਿਚ ਉਨ੍ਹਾਂ ਨੂੰ 2022 ਤੱਕ ਢਿੱਲ ਮਿਲ ਗਈ ਹੈ। ਸੈਂਟਰ ਫਾਰ ਸਾਇੰਸ ਅਤੇ ਇਨਵਾਇਰਨਮੈਂਟ ਦੀ ਇਕ ਰਿਪੋਰਟ ਅਨੁਸਾਰ ਹਾਲ ਦੀ ਘੜੀ ਥਰਮਲ ਪਲਾਂਟਾਂ ਵਿਚੋਂ ਸਿਰਫ 2% ਪਲਾਂਟ ਹੀ ਵਾਤਾਵਰਨ ਨਿਯਮਾਂ ਉਤੇ ਖਰੇ ਉਤਰਦੇ ਹਨ। ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਢਿੱਲਾਂ ਪੰਜਾਬ ਦੇ ਵਾਤਾਵਰਨ ਨੂੰ ਤੇਜ਼ੀ ਨਾਲ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ।

ਹਵਾ ਦਾ ਪ੍ਰਦੂਸ਼ਣ ਇੱਕ ਅਦਿੱਖ ਜ਼ਹਿਰ ਹੈ, ਜੋ ਰੋਜ਼ਾਨਾ ਹਜ਼ਾਰਾਂ ਜ਼ਿੰਦਗੀਆਂ ਨੂੰ ਨਿਗਲ ਰਿਹਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਹਵਾ ਪ੍ਰਦੂਸ਼ਣ ਸਾਡੇ ਫੇਫੜਿਆਂ ਨੂੰ ਕਿੰਨਾ ਪ੍ਰਭਾਵਿਤ ਕਰਦਾ ਹੈ, ਪਰ ਇਹ ਨੁਕਸਾਨ ਸਿਰਫ ਫੇਫੜਿਆਂ ਤੱਕ ਹੀ ਸੀਮਤ ਨਹੀਂ ਹੈ ਪ੍ਰਦੂਸ਼ਣ ਸਾਡੇ ਦਿਲ, ਦਿਮਾਗ, ਅੱਖਾਂ ਅਤੇ ਚਮੜੀ ਦੀ ਸਿਹਤ ਦੇ ਨਾਲ-ਨਾਲ ਗਠੀਏ ਵਰਗੀਆਂ ਆਟੋਇਮਿਊਨ ਬਿਮਾਰੀਆਂ ਦਾ ਕਾਰਨ ਵੀ ਬਣ ਰਿਹਾ ਹੈ। ਦੁਨੀਆਂ ਵਿੱਚ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਭਾਰਤ ਦੇ 22 ਦੇ ਕਰੀਬ ਸ਼ਹਿਰ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋ ਆਉਂਦੇ ਹਨ। ਪ੍ਰਦੂਸ਼ਣ ਕਾਰਨ ਇਕ ਸਾਲ ਵਿਚ ਲਗਭਗ 24 ਲੱਖ ਭਾਰਤੀਆਂ ਦੀ ਮੌਤ ਹੋਈ, ਜਿਨ੍ਹਾਂ ਵਿਚੋਂ 16.7 ਲੱਖ ਲੋਕ ਇਕੱਲੇ ਹਵਾ ਪ੍ਰਦੂਸ਼ਣ ਕਾਰਨ ਆਪਣੀ ਜਾਨ ਗੁਆ ਬੈਠੇ ਹਨ। ਇਹ ਅੰਕੜਾ ਦੁਨੀਆ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਪੰਜਾਬ ਵੀ ਹਵਾ ਪ੍ਰਦੂਸ਼ਨ ਕਰਕੇ ਸਿਹਤਮੰਦ ਨਹੀਂ ਰਿਹਾ।ਅਗਰ ਜ਼ਮੀਨੀ ਪੱਧਰ ਤੇ ਦੇਖਿਆ ਜਾਵੇ ਤਾਂ ਪ੍ਰਦੂਸ਼ਨ ਦੇ ਮੁੱਦੇ ਤੇ ਸਰਕਾਰਾਂ ,ਪ੍ਰਸ਼ਾਸਨ ਅਤੇ ਲੋਕ ਬੇਖਬਰ ਹਨ। ਹਵਾ ਪ੍ਰਦੂਸ਼ਨ ਇਨਸਾਨ ਲਈ ਇੱਕ ਮੌਤ ਵੱਲ ਜਾਂਦੇ ਰਸਤੇ ਦੇ ਬਰਾਬਰ ਹੀ ਹੈ।

ਜੇ ਜ਼ਿਆਦਾ ਨਹੀਂ ਤਾਂ ਚੰਡੀਗੜ੍ਹ ਦੀ ਤਰਜ਼ ਤੇ ਪੰਜਾਬ ਵਿੱਚ ਵੀ ਸਰਕਾਰ, ਪ੍ਰਸ਼ਾਸਨ, ਅਤੇ ਲੋਕਾ ਵਲੋਂ ਮਿਲਕੇ ਹਵਾ ਪ੍ਰਦੂਸ਼ਨ ਨੂੰ ਘੱਟ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਵਿਸਾਖੀ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਦੀਆਂ ਝਲਕੀਆਂ




















# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸੇ ਦਾ ਪ੍ਰਗਟ ਦਿਹਾੜਾ



ਸਰੀ:ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸੇ ਦਾ ਪ੍ਰਗਟ ਦਿਹਾੜਾ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ ਜਿਸ ਵਿਚ ਪਹੁੰਚੇ ਨਾਮਵਰ ਜੱਥਿਆਂ ਨੇ ਸੰਗਤਾ ਨੂੰ ਢਾਡੀ ਵਾਰਾਂ ਇਤਿਹਾਸ, ਗੁਰਮਤਿ ਵੀਚਾਰਾਂ ਦੁਆਰਾ ਨਿਹਾਲ ਕੀਤਾ। ਕੈਨੇਡਾ ਦੇ ਜੰਮਪਲ ਬੱਚਿਆਂ ਨੇ ਤੰਤੀ ਸਾਜਾਂ ਦੁਆਰਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕੀਤਾ ਗਿਆ। ਜਿਸ ਵਿਚ ਬਹੁਗਿਣਤੀ ਵਿਚ ਸੰਗਤਾਂ ਨੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਜੀਵਨ ਗੁਰੂ ਸਾਹਿਬ ਨੂੰ ਸਮਰਪਿਤ ਕੀਤਾ। ਪੰਜ ਪਿਆਰਿਆ ਦੀ ਅਗਵਾਈ ਵਿਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨਿਸ਼ਾਨ ਸਾਹਿਬ ਦੇ ਚੋਲ਼ਾ ਸਾਹਿਬ ਦੀ ਸੇਵਾ ਕੀਤੀ ਗਈ। ਇਸ ਮੌਕੇ ਤੇ ਪਹੁੰਚੇ ਸਾਬਕਾ ਪਾਰਲੀਮੈਂਟ ਮੈਂਬਰ ਅਤਿੰਦਰਪਾਲ ਸਿੰਘ ਖਾਲਿਸਤਾਨੀ ਹੁਰਾਂ ਨੇ ਸੰਗਤਾਂ ਨਾਲ ਪੰਥਕ ਮੁੱਦਿਆਂ ਤੇ ਗੱਲਬਾਤ ਕੀਤੀ।

# ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ
# Khalsa Diwan Society, Abbotsford

## ਸਾਲ 2025 - 2027 ਦੀ ਪ੍ਰਬੰਧਕ ਕਮੇਟੀ ਲਈ

**ਭਾਈਚਾਰਕ ਸਾਂਝ, ਪ੍ਰਚੱਲਤ ਪ੍ਰੰਪਰਾ, ਬੀਬੀਆਂ ਦੀ ਬਰਾਬਰਤਾ ਅਤੇ ਨੌਜਵਾਨ ਬੱਚਿਆਂ ਦੀ ਪ੍ਰੇਰਨਾ ਸਰੋਤ ਸਰਬ-ਸਾਂਝੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ ਜੀ**



ਜਸਵਿੰਦਰ ਕੌਰ ਗਰੇਵਾਲ
**President**



ਹਰਵਿੰਦਰਪਾਲ ਸਿੰਘ ਤੂਰ
Vice President



ਜਸਕਰਨ ਸਿੰਘ ਧਾਲੀਵਾਲ
General Secretary



ਹਰਦੀਪ ਸਿੰਘ ਹੈਰੀ
Recording Secretary



ਤਵਿੰਦਰਜੀਤ ਕੌਰ ਸਿੱਧੂ
Director



ਹਰਦੀਪ ਸਿੰਘ ਪਰਮਾਰ
Treasurer



ਅੰਮ੍ਰਿਤਪਾਲ ਸਿੰਘ ਧਾਲੀਵਾਲ
Assistant Treasurer



ਜਗਜੀਤ ਸਿੰਘ ਢਿੱਲੋਂ
Recording Secretary



ਹਰਮਨ ਸਿੰਘ ਪੱਡਾ
Director



ਮਨਿੰਦਰ ਸਿੰਘ ਗਿੱਲ
**Director**

VOTE
SUPPORT
ELECT



ਜਗਮੋਹਨ ਸਿੰਘ ਗਿੱਲ ਢੁੱਡੀਕੇ
Director



ਹਰਜੀਤ ਸਿੰਘ ਖੰਗੂੜਾ
Director



ਪਲਵਿੰਦਰ ਸਿੰਘ ਅਟਵਾਲ
Director

## 27 ਅਪ੍ਰੈਲ, 2025 ਦਿਨ ਐਤਵਾਰ

**ਵੋਟਾਂ ਪੈਣ ਦਾ ਸਮਾਂ: ਸਵੇਰ 8 ਤੋਂ ਸ਼ਾਮ 8 ਵਜੇ ਤੱਕ**

ਪੜ੍ਹੇ ਲਿਖੇ ਨੌਜਵਾਨ, ਇਮਾਨਦਾਰ, ਬੇਦਾਗ਼, ਨਿਰਪੱਖ, ਮਿਹਨਤੀ, ਅਤੇ ਸੰਵਿਧਾਨ ਤੇ ਪਹਿਰਾ ਦੇਣ ਵਾਲੇ ਉਮੀਦਵਾਰ

**We rise when women are empowered, youth are educated, and leaders are honest. Support a future built on equality, Integrity and opportunity for all**

**ਹੋਰ ਜਾਣਕਾਰੀ ਲਈ: 604-825-3687, 778-552-0720, 604-217-0556**

# ਮੇਜ਼ ਕੁਰਸੀਆਂ ਲੰਗਰ ਹਾਲ ਵਿੱਚ ਇਸੇ ਤਰਾਂ ਬਰਕਰਾਰ ਰਹਿਣਗੀਆਂ।

# TABLE & CHAIRS WILL REMAIN IN LANGER HALL

## ਸਾਡੀ ਸੰਗਤਾਂ ਪ੍ਰਤੀ ਵਚਨਬੱਧਤਾ

1). ਸੰਵਿਧਾਨ ਅਨੁਸਾਰ ਸਾਡੇ ਪੁਰਖਿਆਂ ਵਲੋਂ ਚਲਾਈ ਲੰਗਰ ਹਾਲ ਵਿੱਚ ਮੇਜ਼ ਕੁਰਸੀਆਂ ਅਤੇ ਦੋ ਤੱਪੜਾਂ ਦੀ ਮਰਿਆਦਾ ਇਸੇ ਤਰਾਂ ਬਰਕਰਾਰ ਰਹੇਗੀ।
2). ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖੀ ਨਾਲ ਜੋੜਨ ਲਈ ਅੰਗਰੇਜ਼ੀ ਬੋਲਣ ਵਾਲੇ ਵਧੀਆ ਪ੍ਰਚਾਰਕ ਬੁਲਾਏ ਜਾਣਗੇ।
3). ਕੈਨੋਪੀ ਨੂੰ ਵਧਾ ਕੇ ਹੋਮ ਹਾਰਡਵੇਅਰ ਸਟੋਰ ਦੀ ਕੰਧ ਤੱਕ ਕੀਤਾ ਜਾਵੇਗਾ ਤਾਂ ਜੋ ਬਜ਼ੁਰਗਾਂ ਨੂੰ ਮੀਂਹ ਅਤੇ ਸਨੋਅ ਵਿੱਚ ਸੁੱਕੇ ਥਾਂ ਉਤਾਰਿਆ ਜਾ ਸਕੇ
4). ਕਿਚਨ ਅਤੇ ਲੰਗਰ ਹਾਲ ਦੀ ਰੈਨੋਵੇਸ਼ਨ ਕੀਤੀ ਜਾਵੇਗੀ ਅਤੇ ਪਾਰਕਿੰਗ ਲਾਟ ਦੀਆਂ ਲਾਈਨਾਂ ਨੂੰ ਰੀ-ਡੀਜਾਇਨ ਕੀਤਾ ਜਾਵੇਗਾ।
5). ਵਿਆਹ ਵਾਲੀਆਂ ਕੁੜੀਆਂ ਦੇ ਬੈਠਣ ਲਈ ਇੱਕ ਵਿਸ਼ੇਸ਼ ਕਮਰਾ ਅਤੇ ਵਾਸ਼ਰੂਮ ਦਾ ਪ੍ਰਬੰਧ ਕੀਤਾ ਜਾਵੇਗਾ।
6). ਇੱਕ ਜਿਮ ਬਣਾਇਆ ਜਾਵੇਗਾ ਜਿਸ ਵਿੱਚ ਨੌਜਵਾਨ ਬੱਚੇ ਬਜ਼ੁਰਗ ਅਤੇ ਬੀਬੀਆਂ ਹਰ ਤਰ੍ਹਾਂ ਦੀਆਂ ਖੇਡਾਂ ਖੇਡ ਸਕਣਗੇ ਅਤੇ ਮੀਟਿੰਗਾਂ ਅਤੇ ਹੋਰ ਧਾਰਮਿਕ ਪ੍ਰੋਗਰਾਮ ਵੀ ਕਰਵਾਏ ਜਾ ਸਕਣਗੇ।
7). ਛੋਟੇ ਬੱਚਿਆਂ ਦੇ ਖੇਡਣ ਲਈ ਚਾਰ ਦੀਵਾਰੀ ਦੇ ਅੰਦਰ ਪ੍ਰਬੰਧ ਕੀਤਾ ਜਾਵੇਗਾ।
8). ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ ਜਿਨਾਂ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਮਾਨਤਾ ਪ੍ਰਾਪਤ ਹੋਵੇਗੀ।
9). ਯੂਥ ਗਰੁੱਪਾਂ ਨਾਲ ਮਿਲ ਕੇ ਬੱਚਿਆਂ ਲਈ ਸਕੂਲ ਤੋਂ ਬਾਅਦ ਦੇ ਪ੍ਰੋਗਰਾਮ ਉਲੀਕੇ ਜਾਣਗੇ।
10). ਗੋਲਕ ਹਮੇਸ਼ਾ ਦਰਬਾਰ ਹਾਲ ਵਿੱਚ ਅਤੇ ਸੰਗਤਾਂ ਦੀ ਮੌਜੂਦਗੀ ਵਿੱਚ ਹੀ ਗਿਣੀ ਜਾਵੇਗੀ ਨਾ ਕਿ ਬੰਦ ਕਮਰੇ ਵਿੱਚ।
11). ਕਿਸੇ ਦੀ ਦੁੱਖ ਜਾਂ ਮੌਤ ਹੋ ਜਾਣ ਤੇ ਲੋੜਵੰਦ ਪਰਿਵਾਰ ਜਾ ਵਿਅਕਤੀ ਦੀ ਸਹਾਇਤਾ ਕਰਨ ਲਈ ਪ੍ਰੋਗਰਾਮ ਸ਼ੁਰੂ ਕੀਤੇ ਜਾਣਗੇ।
12). ਪਾਠੀ ਸਿੰਘਾਂ ਅਤੇ ਗੁਰੂ ਘਰ ਦੇ ਸਾਰੇ ਸੇਵਾਦਾਰਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ।
13). ਬੱਚਿਆਂ ਲਈ ਕੀਰਤਨ ਦੀਆਂ ਕਲਾਸਾਂ ਇਸੇ ਤਰਾਂ ਚਲਦੀਆਂ ਰਹਿਣਗੀਆਂ ਅਤੇ ਅੰਗਰੇਜ਼ੀ ਬੋਲਣ ਵਾਲੇ ਅਧਿਆਪਕ ਦਾ ਪ੍ਰਬੰਧ ਕੀਤਾ ਜਾਵੇਗਾ।

## 2025 Election Slate Agenda Preserving Tradition. Advancing Our Future.

We are proud to present a clear and forward-thinking vision that respects our values and meets the needs of our growing community.

### Facilities and Infrastructure

1. Maintain existing chairs and tables in all seating areas and two mats
2. Complete renovation of the kitchen and entire Langar Hall, including flooring
3. Extend the outdoor porch at the Langar hall entrance across the parking lot for covered senior drop-off
4. Redesign the parking lot with clear lines and enhanced lighting for safety
5. Put new tiles on the front entrance stairs to the Darbaar Hall

### Community Enhancements

6. Develop a multi-use indoor sports facility for youth and community engagement
7. Create a dedicated bride's room and nursing room for weddings and young families
8. Build a designated indoor play area for small children

### Youth and Educational Initiatives

9. Offer Punjabi language classes with eligibility for high school and university credits
10. Introduce English-speaking preachers to ensure all members of the Sangat can understand
11. Launch Punjabi grief and loss support programs for families and individuals
12. Partner with local youth commissions to offer after-school programs and mentorship
13. All the Sevadars and Pathi Singh's will be treated with respect and dignity.

Our commitment is simple: to serve every generation of our Sangat with respect, transparency, and purpose.
With your support, we will continue to build a stronger, safer, and more connected community.

**VOTE FOR EXPERIENCE. VOTE FOR VISION. VOTE FOR CONTINUED PROGRESS**

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀ ਸਾਡੀ ਵਿਰੋਧੀ ਧਿਰ ਵੱਲੋਂ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਅਸੀਂ ਕੁਰਸੀਆਂ ਚੱਕ ਦੇਣੀਆਂ ਹਨ ਅਤੇ ਕੌਂਸਲੇਟ ਜਨਰਲ ਨੂੰ ਸੱਦਣਾ ਬੰਦ ਕਰ ਦੇਣਾ ਹੈ ਇਹ ਸਭ ਕੂੜ ਪ੍ਰਚਾਰ ਹੈ। ਅਸੀਂ ਸਾਰੀ ਸਲੇਟ ਦੇ ਮੈਂਬਰਾਂ ਨੇ ਐਫੀਡੈਵਿਟ ਸਾਈਨ ਕੀਤੇ ਹਨ ਕਿ ਅਸੀਂ ਸੰਵਿਧਾਨ ਦੇ ਅਨੁਸਾਰ ਲੰਗਰ ਹਾਲ ਵਿੱਚ ਮੇਜ਼ ਕੁਰਸੀਆਂ ਅਤੇ ਦੋ ਤੱਪੜਾਂ ਦੀ ਮਰਿਆਦਾ ਨੂੰ ਕਾਇਮ ਰੱਖਾਂਗੇ। ਜੇ ਕੋਈ ਵਿਅਕਤੀ ਐਫੀਡੈਵਿਟ ਵੇਖਣਾ ਚਾਹੁੰਦਾ ਹੈ ਤਾਂ ਸਾਨੂੰ ਫੋਨ ਕਰਕੇ ਵੇਖ ਸਕਦਾ ਹੈ।


fruiticana hee jaana!
Rajan MANGOES have arrived!
Rajan
Rajan MANGO ਰਾਜਨ
fruiticana
UNBEATABLE BIGGEST SALE IN CANADA
UNBEATABLE EXTRA SUPER SPECIAL
BC Hot House & Mexican Round Tomatoes
ਹੌਟ ਹਾਉਸ ਅਤੇ ਮੈਕਸੀਕਨ ਗੋਲ ਟਮਾਟਰ
88¢ lb
SUPER SPECIAL
RED ONIONS
Red Onions 25 lbs
ਲਾਲ ਗੰਢੇ
No Limit
$10.99 bag
SUPER SPECIAL
YELLOW ONIONS
Yellow Onions 50 lbs
ਪੀਲੇ ਗੰਢੇ
No Limit
$9.98 bag
Chickpeas & Red Lentil Whole
ਚਿੱਟੇ ਛੋਲੇ
ਥੋਤੀ ਮਸਰਾਂ ਦੀ ਦਾਲ
88¢ lb
EXTRA SUPER SUPER SPECIAL
English Cucumbers BC
ਇੰਗਲਿਸ਼ ਖੀਰੇ
2 for 99¢
SUPER SPECIAL
Rajan Mangoes (Haden) 4 kg
ਰਾਜਨ ਹੇਡਨ ਅੰਬ
$18.99 box
SUPER SPECIAL
Cilantro
ਧਣੀਆ
2 bunches for 98¢
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle
Red Lentil Whole, Red Lentil Split, Black Chana & Chickpeas 4 lbs (Indican)
$3.98 bag
SUPER SPECIAL
Spinach
ਪਾਲਕ
99¢ bunch
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
Fresh Daikon (Moli)
ਮੂਲੀ
99¢ lb
Gachak (Indican) 400 g
ਇੰਡੀਕਨ ਗੁੜ ਗਚਕ
PEANUT GACHAK
$1.98 pkg.
Roasted Peanuts in Shell
ਭੁੱਜੀ ਮੂੰਗਫਲੀ
99¢ lb
Indian Eggplants
ਦੇਸੀ ਬਤਾਊਂ
$1.39 lb
Zucchini Squash
ਜ਼ੁਕੀਨੀ ਸਕੁਐਸ਼
88¢ lb
Pink Lady Apples
ਗੁਲਾਬੀ ਲੇਡੀ ਸੇਬ
98¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Party Trays 6 Sections 40's (Royal)
$7.98 pkg.
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Red Delicious Apples
ਲਾਲ ਸਵਾਦ ਸੇਬ
98¢ lb
Fresh Garlic
ਤਾਜ਼ਾ ਲਸਣ
$1.68 lb
Fresh Ginger
ਤਾਜ਼ਾ ਅਦੱਰਕ
$1.59 lb
Rapini (Sarson da Saag)
ਸਰਸੋਂ ਦਾ ਸਾਗ
$2.88 bunch
Indican Premium Tea 216's
ਇੰਡੀਕਨ ਚਾਹ
$5.99 box
Aashirvaad Whole Wheat Atta 20 lbs
ਆਸ਼ੀਰਵਾਦ ਹੋਲ ਵਿਟ ਆਟਾ
$13.99 bag
Indian Style Carrots
ਭਾਰਤੀ ਗਾਜਰਾਂ
$1.98 lb
Seedless Watermelons
ਬਿਨਾਂ ਬੀਜ ਹਦਵਾਣਾ
79¢ lb
Heer Multigrain Atta 10 lbs
ਹੀਰ ਮਲਟੀਗਰੇਨ ਆਟਾ 10 lbs
$9.99 bag
Heer Apna Desi Atta 20 lbs
ਹੀਰ ਆਪਣਾ ਦੇਸੀ ਆਟਾ 20 lbs
DURUM FLOUR
$12.99 bag
Basmati Rice 10 lbs (Taj Mahal Relish)
ਬਾਸਮਤੀ ਚਾਵਲ 10 lb (ਤਾਜ ਮਹਿਲ)
$9.98 bag
Indican Punjabi Biscuits 2.2 lbs
ਇੰਡੀਕਨ ਪੰਜਾਬੀ ਕੁਕੀਜ਼
$4.99 pkg.
White Guava Juice (Indican) 2.1L
ਚਿੱਟੇ ਅਮਰੂਦ ਦਾ ਜੂਸ ਇੰਡੀਕਨ 2.1 lt
$2.99 ea.+tax
Fri Apr 25, 2025 - Wed Apr 30, 2025
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS
9 AM - 9 PM
7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton 13783 72nd Ave. Surrey 604-590-2080
Newton 13156 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520